@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Friday, 7 February 2025

VISIT:
www.qaumipatrika.org
Email: qpatrika@gmail.com

Punjabi National Daily

Qaumi Patrika NO.1

ਨਵੀਂ ਦਿੱਲੀ: ਸ਼ੁੱਕਰਵਾਰ 7 ਫਰਵਰੀ 2025, 23 ਮਾਘ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 88, qpatrika@gmail.com ਫੋਨ : 9971359517 www.qaumipatrika.org

## ‘ਸਬ ਕਾ ਸਾਥ, ਸਭ ਕਾ ਵਿਕਾਸ’ ਸਾਡੀ ਸਰਕਾਰ ਦਾ ਮੂਲ ਮੰਤਰ, ਕਾਂਗਰਸ ਲਈ ‘ਪਰਿਵਾਰ ਪਹਿਲਾਂ’ : ਪ੍ਰਧਾਨ ਮੰਤਰੀ ਮੋਦੀ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 6 ਫਰਵਰੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਨੂੰ ਕਿਹਾ ਕਿ ‘ਸਬਕਾ ਸਾਥ, ਸਬਕਾ ਵਿਕਾਸ’ ਉਨ੍ਹਾਂ ਦੀ ਸਰਕਾਰ ਦਾ ਮੁੱਖ ਮੰਤਰ ਰਿਹਾ ਹੈ ਜਦੋਂ ਕਿ ਕਾਂਗਰਸ ਦਾ ਮੁੱਖ ਮੰਤਰ ‘ਪਰਿਵਾਰ ਪਹਿਲਾਂ’ ਰਿਹਾ ਹੈ। ਰਾਜ ਸਭਾ ’ਚ ਰਾਸ਼ਟਰਪਤੀ ਦੇ ਭਾਸ਼ਣ ’ਤੇ ਧੰਨਵਾਦ ਪ੍ਰਸਤਾਵ ’ਤੇ ਚਰਚਾ ਦਾ ਜਵਾਬ ਦਿੰਦੇ ਹੋਏ ਪੀ.ਐੱਮ. ਮੋਦੀ ਨੇ ਕਾਂਗਰਸ ’ਤੇ ਹਮਲਾ ਬੋਲਿਆ ਅਤੇ ਕਿਹਾ ਕਿ ਉਸ ਨੇ ਰਾਜਨੀਤੀ ਦਾ ਇਕ ਅਜਿਹਾ ਮਾਡਲ ਤਿਆਰ ਕੀਤਾ ਹੈ ਜੋ ਝੂਠ, ਧੋਖਾ, ਭ੍ਰਿਸ਼ਟਾਚਾਰ, ਭਾਈ-ਭਤੀਜਾਵਾਦ, ਤੁਸ਼ਟੀਕਰਨ ਆਦਿ ਦਾ ਮਿਸ਼ਰਣ ਸੀ। ਉਨ੍ਹਾਂ ਕਿਹਾ,ਕਾਂਗਰਸ ਮਾਡਲ ’ਚ ‘ਪਰਿਵਾਰ ਪਹਿਲਾਂ’ ਸਭ ਤੋਂ ਮਹੱਤਵਪੂਰਨ ਹੈ। ਇਸ ਲਈ ਉਨ੍ਹਾਂ ਦੀਆਂ ਨੀਤੀਆਂ, ਉਨ੍ਹਾਂ ਦਾ ਭਾਸ਼ਣ ਅਤੇ ਉਨ੍ਹਾਂ ਦਾ ਵਿਵਹਾਰ ਉਸ ਇਕ ਚੀਜ਼ ਨੂੰ ਸੰਭਾਲਣ ’ਤੇ ਕੇਂਦ੍ਰਿਤ ਰਿਹਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਕ ਜੀਵੰਤ ਮੀਡੀਆ ਅਤੇ ਲੋਕਤੰਤਰ ਵਾਲੇ ਦੇਸ਼ ਨੇ ਉਨ੍ਹਾਂ ਨੂੰ ਤੀਜੀ ਵਾਰ ਦੇਸ਼ ਦੀ ਸੇਵਾ ਕਰਨ ਦਾ ਮੌਕਾ ਦਿੱਤਾ ਹੈ ਅਤੇ ਇਹ ਇਸ ਲਈ ਸੰਭਵ ਹੋਇਆ ਹੈ ਕਿਉਂਕਿ ਲੋਕਾਂ ਨੇ ਉਨ੍ਹਾਂ ਦੇ ਵਿਕਾਸ ਦੇ ਮਾਡਲ ਨੂੰ ਪਰਖਿਆ, ਸਮਝਿਆ ਅਤੇ ਸਮਰਥਨ ਦਿੱਤਾ ਹੈ। ਉਨ੍ਹਾਂ ਕਿਹਾ,”ਇਸ ਮਾਡਲ ਨੂੰ ਸਾਨੂੰ ਇਕ ਸ਼ਬਦ ’ਚ ਸਮਝਣਾ ਹੈ ਤਾਂ ਇਹ ਹੈ ‘ਰਾਸ਼ਟਰ ਪਹਿਲਾਂ’। ਇਸੇ ਭਾਵਨਾ ਅਤੇ ਸਮਰਪਿਤ ਭਾਵ ਤੋਂ ਸਾਨੂੰ ਲਗਾਤਾਰ ਆਪਣੀਆਂ ਨੀਤੀਆਂ ’ਚ, ਆਪਣੇ ਪ੍ਰੋਗਰਾਮਾਂ ’ਚ, ਸ਼ਬਦਾਂ ਦੇ ਮਾਧਿਅਮ ਨਾਲ ਦੇਸ਼ ਦੀ ਸੇਵਾ ਕਰਨ ਦੀ ਕੋਸ਼ਿਸ਼ ਕੀਤੀ ਹੈ।” ਪੀ.ਐੱਮ. ਮੋਦੀ ਨੇ ਕਿਹਾ ਕਿ ਰਾਸ਼ਟਰਪਤੀ ਨੇ ਆਪਣੇ ਭਾਸ਼ਣ ’ਚ ਭਾਰਤ ਦੀਆਂ ਉਪਲੱਬਧੀਆਂ ਬਾਰੇ, ਦੁਨੀਆ ਦੀ ਭਾਰਤ ਤੋਂ ਉਮੀਦਾਂ ਬਾਰੇ ਅਤੇ ਭਾਰਤ ਦੀ ਆਮ ਜਨਤਾ ਦੇ ਆਤਮਵਿਸ਼ਵਾਸ, ਵਿਕਸਿਤ ਭਾਰਤ ਦੇ ਸੰਕਲਪ ਵਰਗੇ ਸਾਰੇ ਵਿਸ਼ਿਆਂ ’ਤੇ ਵਿਸਥਾਰ ਨਾਲ ਚਰਚਾ ਕੀਤੀ ਹੈ। ਉਨ੍ਹਾਂ ਕਿਹਾ,”ਦੇਸ਼ ਨੂੰ ਅੱਗੇ ਦੀ ਦਿਸ਼ਾ ਵੀ ਉਨ੍ਹਾਂ ਨੇ ਦਿਖਾਈ ਹੈ। ਰਾਸ਼ਟਰਪਤੀ ਜੀ ਦਾ ਭਾਸ਼ਣ ਪ੍ਰੇਰਕ ਵੀ ਸੀ ਅਤੇ ਅਸੀਂ ਸਾਰਿਆਂ ਲਈ ਭਵਿੱਖ ਦਾ ਮਾਰਗਦਰਸ਼ਕ ਵੀ ਸੀ।” ਰਾਜ ਸਭਾ ’ਚ ਭਾਜਪਾ ਦੀ ਕਿਰਨ ਚੌਧਰੀ ਨੇ ਤਿੰਨ ਫਰਵਰੀ ਨੂੰ ਰਾਸ਼ਟਰਪਤੀ ਦੇ ਭਾਸ਼ਣ ’ਤੇ ਧੰਨਵਾਦ ਪ੍ਰਸਤਾਵ ਪੇਸ਼ ਕੀਤਾ ਸੀ ਅਤੇ ਭਾਜਪਾ ਦੇ ਹੀ ਨੀਰਜ ਸ਼ੇਖਰ ਨੇ ਇਸ ਦਾ ਸਮਰਥ ਕੀਤਾ ਸੀ। 70 ਤੋਂ ਵੱਧ ਮੈਂਬਰਾਂ ਨੇ ਇਸ ਪ੍ਰਸਤਾਵ ’ਤੇ ਹੋਈ ਚਰਚਾ ’ਚ ਹਿੱਸਾ ਲਿਆ।



## ਅਮਰੀਕਾ ਤੋਂ ਡਿਪੋਰਟ ਹੋਏ ਭਾਰਤੀਆਂ ਬਾਰੇ ਸੁਖਬੀਰ ਬਾਦਲ ਦਾ ਵੱਡਾ ਬਿਆਨ

ਚੰਡੀਗੜ੍ਹ 6 ਫਰਵਰੀ। ਬੀਤੇ ਦਿਨ ਅਮਰੀਕਾ ਤੋਂ ਡਿਪੋਰਟ ਹੋ ਕੇ ਆਏ ਨੌਜਵਾਨਾਂ ਦਾ ਮਾਮਲਾ ਪੰਜਾਬ ਸਣੇ ਪੂਰੇ ਭਾਰਤ ’ਚ ਵੱਡੀ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਬਾਰੇ ਅਕਾਲੀ ਦਲ ਦੇ ਸੀਨੀਅਰ ਆਗੂ ਸੁਖਬੀਰ ਸਿੰਘ ਬਾਦਲ ਨੇ ਡੂੰਘੀ ਚਿੰਤਾ ਜ਼ਾਹਰ ਕੀਤੀ ਹੈ। ਉਨ੍ਹਾਂ ਨੇ ਐਕਸ ’ਤੇ ਲਿਖਿਆ ਕਿ ਜਿਸ ਤਰੀਕੇ ਨਾਲ ਭਾਰਤੀਆਂ ਨੂੰ ਅਮਰੀਕਾ ਤੋਂ ਫ਼ੌਜੀ ਜਹਾਜ਼ ’ਚ ਹੱਥਕੜੀਆਂ ਲਾ ਕੇ ਡਿਪੋਰਟ ਕੀਤਾ ਗਿਆ ਹੈ, ਇਹ ਦੇਸ਼ ਦਾ ਅਪਮਾਨ ਹੈ। ਇਹ ਭਾਰਤੀ ਹਾਲਾਤ ਦੇ ਸ਼ਿਕਾਰ ਹਨ, ਅਪਰਾਧੀ ਨਹੀਂ ਹਨ। ਉਨ੍ਹਾਂ ਨਾਲ ਮਨੁੱਖੀ ਵਰਤੀਰਾ ਕੀਤਾ ਜਾਣਾ ਚਾਹੀਦਾ ਹੈ। ਮੈਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕਰਦਾ ਹਾਂ ਕਿ ਇਸ ਮੁੱਦੇ ਨੂੰ ਅਮਰੀਕਾ ਸਰਕਾਰ ਕੋਲ ਚੁੱਕਣ ਅਤੇ ਇਹ ਯਕੀਨੀ ਬਣਾਉਣ ਕਿ ਭਾਰਤੀਆਂ ਨਾਲ ਇਸ ਤਰ੍ਹਾਂ ਦਾ ਦੁਰ-ਵਿਵਹਾਰ ਨਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਨ੍ਹਾਂ ਭਾਰਤੀਆਂ ਦੇ ਮਾਪੇ ਟ?ਰੈਵਲ ਮੁਆਵਜ਼ੇ ਦੇ ਹੱਕਦਾਰ ਹਨ। ਦੱਸਣਯੋਗ ਹੈ ਕਿ ਬੀਤੇ ਦਿਨ ਅਮਰੀਕਾ ਤੋਂ ਫ਼ੌਜੀ ਜਹਾਜ਼ ’ਚ ਡਿਪੋਰਟ ਹੋ ਕੇ ਜਿਹੜੇ ਭਾਰਤੀ ਅੰਮ੍ਰਿਤਸਰ ਏਅਰਪੋਰਟ ਪੁੱਜੇ ਸਨ, ਉਨ੍ਹਾਂ ’ਚੋਂ ਸਭ ਤੋਂ ਜ਼ਿਆਦਾ ਪੰਜਾਬੀ ਨੌਜਵਾਨ ਸਨ, ਜੋ ਕਿ ਜਲੰਧਰ, ਕਪੂਰਥਲਾ, ਪਟਿਆਲਾ, ਅੰਮ੍ਰਿਤਸਰ, ਜਗਰਾਓਂ ਅਤੇ ਹੋਰ ਜ਼ਿਲ੍ਹਿਆਂ ਨਾਲ ਸਬੰਧਿਤ ਸਨ।

## ਸੁਰੱਖਿਆ ਏਜੰਸੀਆਂ ਜੰਮੂ ਕਸ਼ਮੀਰ ’ਚ ਅੱਤਵਾਦ ਖ਼ਿਲਾਫ਼ ਆਪਣੀ ਲੜਾਈ ਕਰਨ ਤੇਜ਼ : ਅਮਿਤ ਸ਼ਾਹ

ਨਵੀਂ ਦਿੱਲੀ 6 ਫਰਵਰੀ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬੁੱਧਵਾਰ ਨੂੰ ਸਾਰੀਆਂ ਸੁਰੱਖਿਆ ਏਜੰਸੀਆਂ ਨੂੰ ਜੰਮੂ-ਕਸ਼ਮੀਰ ’ਚ ਅੱਤਵਾਦ ਵਿਰੁੱਧ ਲੜਾਈ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ‘ਜ਼ੀਰੋ ਘੁਸਪੈਠ’ ਦੇ ਟੀਚੇ ਨੂੰ ਪ੍ਰਾਪਤ ਕੀਤਾ ਜਾ ਸਕੇ। ਅਮਿਤ ਸ਼ਾਹ ਨੇ ਜੰਮੂ-ਕਸ਼ਮੀਰ ’ਚ ਸੁਰੱਖਿਆ ਸਥਿਤੀ ’ਤੇ 2 ਦਿਨਾਂ ’ਚ 2 ਉੱਚ-ਪੱਧਰੀ ਸਮੀਖਿਆ ਮੀਟਿੰਗਾਂ ਦੀ ਪ੍ਰਧਾਨਗੀ ਕਰਦੇ ਹੋਏ ਕਿਹਾ ਕਿ ਨਰਿੰਦਰ ਮੋਦੀ ਸਰਕਾਰ ਦੇ ਨਿਰੰਤਰ ਅਤੇ ਤਾਲਮੇਲ ਵਾਲੇ ਯਤਨਾਂ ਕਾਰਨ ਕੇਂਦਰ ਸ਼ਾਸਿਤ ਪ੍ਰਦੇਸ਼ ’ਚ ਅੱਤਵਾਦ ਦਾ ਤੰਤਰ ਕਮਜ਼ੋਰ ਹੋ ਗਿਆ ਹੈ। ਇਕ ਅਧਿਕਾਰਤ ਰਿਲੀਜ਼ ਦੇ ਅਨੁਸਾਰ,



ਗ੍ਰਹਿ ਮੰਤਰੀ ਨੇ ਸਾਰੀਆਂ ਸੁਰੱਖਿਆ ਏਜੰਸੀਆਂ ਨੂੰ ‘ਜ਼ੀਰੋ ਘੁਸਪੈਠ’ ਦੇ ਉਦੇਸ਼ ਨਾਲ ਅੱਤਵਾਦ ਵਿਰੁੱਧ ਲੜਾਈ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ,ਸਾਡਾ ਉਦੇਸ਼ ਅੱਤਵਾਦੀਆਂ ਨੂੰ ਜੜ੍ਹੋਂ ਉਖਾੜ ਸੁੱਟਣਾ ਹੋਣਾ ਚਾਹੀਦਾ ਹੈ। ਸ਼ਾਹ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ’ਚ ਸਰਕਾਰ ਜੰਮੂ ਕਸ਼ਮੀਰ ਤੋਂ ਅੱਤਵਾਦ ਨੂੰ ਖਤਮ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ,”ਨਸ਼ੀਲੇ ਪਦਾਰਥਾਂ ਦੇ ਵਪਾਰ ਰਾਹੀਂ ਅੱਤਵਾਦ ਦੇ ਵਿੱਤ ਪੋਸ਼ਣ ’ਤੇ ਤੁਰੰਤ ਤੇ ਸਖ਼ਤੀ ਨਾਲ ਲਗਾਮ ਲਗਾਈ ਜਾਣੀ ਚਾਹੀਦੀ ਹੈ।” ਗ੍ਰਹਿ ਮੰਤਰੀ ਨੇ ਮੰਗਲਵਾਰ ਅਤੇ ਬੁੱਧਵਾਰ ਨੂੰ ਲਗਾਤਾਰ 2 ਬੈਠਕਾਂ ’ਚ ਫ਼ੌਜ, ਪੁਲਸ, ਨੀਮ ਫ਼ੌਜੀ ਫ਼ੋਰਸਾਂ ਅਤੇ ਹੋਰ ਸੀਨੀਅਰ ਅਧਿਕਾਰੀਆਂ ਨੇ ਜੰਮੂ ਕਸ਼ਮੀਰ ਦੀ ਸੁਰੱਖਿਆ ਸਥਿਤੀ ਦੀ ਸਮੀਖਿਆ ਕੀਤੀ। ਇਹ ਪਹਿਲੀ ਵਾਰ ਸੀ ਜਦੋਂ ਗ੍ਰਹਿ ਮੰਤਰੀ ਨੇ ਲਗਾਤਾਰ 2 ਦਿਨ ਜੰਮੂ ਕਸ਼ਮੀਰ ਦੀ ਸੁਰੱਖਿਆ ਸਥਿਤੀ ’ਤੇ ਇੰਨੀ ਵਿਸਥਾਰ ਨਾਲ ਚਰਚਾ ਕੀਤੀ।

## ਭਾਰਤੀ ਪ੍ਰਵਾਸੀਆਂ ਨਾਲ ਅਜਿਹਾ ਸਲੂਕ, ਜਵਾਬ ਦੇਣ ਪ੍ਰਧਾਨ ਮੰਤਰੀ ਮੋਦੀ: ਪ੍ਰਿਅੰਕਾ ਗਾਂਧੀ

ਨਵੀਂ ਦਿੱਲੀ 6 ਫਰਵਰੀ। ਕਾਂਗਰਸ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ ਨੇ ਵੀਰਵਾਰ ਨੂੰ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਮਰੀਕਾ ਤੋਂ ਵਾਪਸ ਭੇਜੇ ਗਏ ਭਾਰਤੀ ਪ੍ਰਵਾਸੀਆਂ ਨਾਲ ਹੋਏ ਸਲੂਕ ’ਤੇ ਜਵਾਬ ਦੇਣਾ ਚਾਹੀਦਾ ਹੈ।




ਉਨ੍ਹਾਂ ਨੇ ਸੰਸਦ ਕੰਪਲੈਕਸ ’ਚ ਪੱਤਰਕਾਰਾਂ ਨੂੰ ਕਿਹਾ ਕਿ ਬਹੁਤ ਚਰਚਾ ਹੋਈ ਕਿ ਮੋਦੀ ਜੀ ਅਤੇ ਡੋਨਾਲਡ ਟਰੰਪ ਜੀ ਬਹੁਤ ਚੰਗੇ ਦੋਸਤ ਹਨ, ਫਿਰ ਮੋਦੀ ਜੀ ਨੇ ਅਜਿਹਾ ਕਿਉਂ ਹੋਣ ਦਿੱਤਾ? ਕੀ ਇਨਸਾਨਾਂ ਨਾਲ ਅਜਿਹਾ ਸਲੂਕ ਕੀਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਹਥਕੜੀਆਂ ਅਤੇ ਬੇੜੀਆਂ ਪਹਿਨਾ ਕੇ ਭੇਜਿਆ ਜਾਵੇ? ਇਹ ਕੋਈ ਤਰੀਕਾ ਹੈ...।” ਪ੍ਰਿਅੰਕਾ ਗਾਂਧੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਇਸ ਮਾਮਲੇ ’ਚ ਜਵਾਬ ਦੇਣਾ ਚਾਹੀਦਾ ਹੈ। ਦੱਸਣਯੋਗ ਹੈ ਕਿ ਅਮਰੀਕਾ ਤੋਂ 104 “ਗੈਰ-ਕਾਨੂੰਨੀ”ਭਾਰਤੀ ਪ੍ਰਵਾਸੀਆਂ ਨੂੰ ਲੈ ਕੇ ਇਕ ਅਮਰੀਕੀ ਫੌਜੀ ਜਹਾਜ਼ ਬੁੱਧਵਾਰ ਨੂੰ ਅੰਮ੍ਰਿਤਸਰ ਪਹੁੰਚਿਆ ਸੀ। ਡੋਨਾਲਡ ਟਰੰਪ ਪ੍ਰਸ਼ਾਸਨ ਵੱਲੋਂ ਗੈਰ-ਕਾਨੂੰਨੀ ਪ੍ਰਵਾਸੀਆਂ ਵਿਰੁੱਧ ਕਾਰਵਾਈ ਦੇ ਤਹਿਤ ਭਾਰਤੀਆਂ ਦਾ ਇਹ ਪਹਿਲਾ ਜੱਥਾ ਵਾਪਸ ਭੇਜਿਆ ਗਿਆ ਹੈ।

## ਖਤਮ ਹੋ ਸਕਦਾ ਹੈ 5 ਸਾਲ ਦਾ ਇੰਤਜ਼ਾਰ ! ਮਹਿੰਗੇ ਕਰਜ਼ੇ ਤੋਂ ਮਿਲ ਸਕਦੀ ਹੈ ਰਾਹਤ

**ਏਜੰਸੀਆਂ**

ਨਵੀਂ ਦਿੱਲੀ 6 ਫਰਵਰੀ। ਭਾਰਤੀ ਰਿਜ਼ਰਵ ਬੈਂਕ ਦੀ ਮੁਦਰਾ ਨੀਤੀ ਕਮੇਟੀ ਦੀ ਬੈਠਕ ਬੁੱਧਵਾਰ ਨੂੰ ਮੁੰਬਈ ’ਚ ਸ਼ੁਰੂ ਹੋਈ, ਜਿਸ ’ਚ ਦੇਸ਼ ਦੀਆਂ ਆਰਥਿਕ ਨੀਤੀਆਂ ਨਾਲ ਜੁੜੇ ਅਹਿਮ ਫੈਸਲੇ ਲਏ ਜਾ ਰਹੇ ਹਨ। ਬੈਠਕ ਦੇ ਨਤੀਜੇ ਸ਼ੁੱਕਰਵਾਰ ਨੂੰ ਸਾਹਮਣੇ ਆਉਣਗੇ ਅਤੇ ਮੰਨਿਆ ਜਾ ਰਿਹਾ ਹੈ ਕਿ ਪੰਜ ਸਾਲਾਂ ’ਚ ਪਹਿਲੀ ਵਾਰ ਵਿਆਜ ਦਰਾਂ ’ਚ ਕਟੌਤੀ ਕੀਤੀ ਜਾ ਸਕਦੀ ਹੈ। ਪਿਛਲੀ ਵਾਰ ਵਿਆਜ ਦਰਾਂ ਮਈ 2020 ਵਿੱਚ ਘਟਾਈਆਂ ਗਈਆਂ ਸਨ, ਜਦੋਂ ਕੋਵਿਡ ਲੌਕਡਾਊਨ ਦੌਰਾਨ ਅਰਥਵਿਵਸਥਾ ਨੂੰ ਸਮਰਥਨ ਦੇਣ ਲਈ ਰੇਪੋ ਦਰ 4% ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ, ਗਲੋਬਲ ਮਹਿੰਗਾਈ ਅਤੇ ਆਰਥਿਕ ਸਥਿਤੀਆਂ ਕਾਰਨ, ਆਰਬੀਆਈ ਨੇ ਵਿਆਜ ਦਰਾਂ ਵਿੱਚ ਸੱਤ ਵਾਰ ਵਾਧਾ ਕੀਤਾ ਅਤੇ ਇਸਨੂੰ 6.5% ਤੱਕ ਲੈ ਗਿਆ। ਫਰਵਰੀ 2023 ਤੋਂ ਹੁਣ ਤੱਕ ਦਰਾਂ ਵਿੱਚ ਕੋਈ ਬਦਲਾਅ ਨਹੀਂ ਹੋਇਆ ਹੈ ਪਰ ਇਸ ਮੀਟਿੰਗ ਤੋਂ ਨਵੇਂ ਫੈਸਲਿਆਂ ਦੀ ਉਮੀਦ ਹੈ। ਜ਼ਿਆਦਾਤਰ ਅਰਥਸ਼ਾਸਤਰੀਆਂ ਦਾ ਮੰਨਣਾ ਹੈ ਕਿ 25 ਬੇਸਿਸ ਪੁਆਇੰਟਸ (ਬੀ.ਪੀ.ਐੱਸ.) ਦੀ ਕਟੌਤੀ ਕੀਤੀ ਜਾ ਸਕਦੀ ਹੈ ਪਰ ਕੁਝ ਅਰਥਸ਼ਾਸਤਰੀਆਂ ਦਾ ਕਹਿਣਾ ਹੈ ਕਿ ਜੇਕਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਟੈਰਿਫ ਨੂੰ ਲੈ ਕੇ ਅਜਿਹੀਆਂ ਧਮਕੀਆਂ ਦਿੰਦੇ ਰਹਿੰਦੇ ਹਨ ਤਾਂ ਰੇਪੋ ਰੇਟ ’ਚ ਕਟੌਤੀ ਕਰਨਾ ਜਲਦਬਾਜ਼ੀ ਹੋਵੇਗੀ। ਇਸ ਨਾਲ ਵਿੱਤੀ ਬਾਜ਼ਾਰ ’ਚ ਅਸਥਿਰਤਾ ਵਧ ਸਕਦੀ ਹੈ। ਘੱਟ ਵਿਆਜ ਦਰਾਂ ਵੀ ਰੁਪਏ ’ਤੇ ਦਬਾਅ ਪਾ ਸਕਦੀਆਂ ਹਨ। ਅਮਰੀਕੀ ਕਰਜ਼ਾ ਵਿਦੇਸ਼ੀ ਨਿਵੇਸ਼ਕਾਂ ਲਈ ਵਧੇਰੇ ਆਕਰਸ਼ਕ ਹੋ ਸਕਦਾ ਹੈ। ਬੈਂਕ ਆਫ ਬੜੌਦਾ ਦੀ ਅਰਥ ਸ਼ਾਸਤਰੀ ਦੀਪਨਵਿਤਾ ਮਜੂਮਦਾਰ ਨੇ ਕਿਹਾ ਕਿ 9$6 ਦੀ ਤਾਜ਼ਾ ਰਿਪੋਰਟ ਮੁਤਾਬਕ ਅਨਿਸ਼ਚਿਤਤਾ ਕਾਰਨ ਵਿਕਾਸ ਦਰ ’ਤੇ ਖਤਰਾ ਹੈ। ਇਹ ਆਰਬੀਆਈ ਨੂੰ ਦਰਾਂ ਵਿੱਚ ਕਟੌਤੀ ਸ਼ੁਰੂ ਕਰਨ ਲਈ ਕਹਿ ਸਕਦਾ ਹੈ। ਹੋਰ ਅਰਥਵਿਵਸਥਾਵਾਂ ਲਈ, ਦਰਾਂ ਵਿੱਚ ਕਟੌਤੀ ਪਹਿਲਾਂ ਸ਼ੁਰੂ ਹੋਈ, ਉਹਨਾਂ ਨੂੰ ‘ਉਡੀਕ ਕਰੋ ਅਤੇ ਦੇਖੋ’ ਪਹੁੰਚ ਲਈ ਸਮਾਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਮੈਕਰੋ ਅਤੇ ਭੂ-ਰਾਜਨੀਤਿਕ ਕਾਰਕਾਂ ਨੂੰ ਸੰਤੁਲਿਤ ਕਰਦੇ ਹੋਏ ਰੈਪੋ ਦਰ ਵਿੱਚ 25 ਬੀਪੀਐਸ ਦੀ ਕਟੌਤੀ ਦੀ ਗੁੰਜਾਇਸ਼ ਹੈ। ਇਸ ਨੀਤੀਗਤ ਮੀਟਿੰਗ ਵਿੱਚ ਆਰਬੀਆਈ ਦੇ ਦੋ ਨਵੇਂ ਮੈਂਬਰ ਗਵਰਨਰ ਸੰਜੇ ਮਲਹੋਤਰਾ ਅਤੇ ਡਿਪਟੀ ਗਵਰਨਰ ਐਮ. ਰਾਜੇਸ਼ਵਰ ਰਾਓ ਸ਼ਾਮਲ ਹਨ। ਮਲਹੋਤਰਾ ਨੇ ਹਾਲ ਹੀ ਵਿੱਚ 1.5 ਲੱਖ ਕਰੋੜ ਰੁਪਏ ਦੇ ਨਕਦ ਨਿਵੇਸ਼ ਉਪਾਵਾਂ ਦਾ ਐਲਾਨ ਕੀਤਾ ਹੈ। ਇਸ ਨੂੰ ਇਕ ਅਜਿਹਾ ਕਦਮ ਮੰਨਿਆ ਜਾ ਰਿਹਾ ਹੈ ਜੋ ਦਰਾਂ ’ਚ ਬਦਲਾਅ ਦਾ ਰਾਹ ਪੱਧਰਾ ਕਰੇਗਾ। ਦਰਾਂ ਵਿੱਚ ਕਟੌਤੀ ਦੇ ਬਾਵਜੂਦ, ਨਕਦੀ ਦੀ ਘਾਟ ਉਧਾਰ ਦੀਆਂ ਲਾਗਤਾਂ ਨੂੰ ਉੱਚਾ ਰੱਖ ਸਕਦੀ ਹੈ।




## ਰੋਜ਼ਾਨਾ ਪ੍ਰਸ਼ਨਕਾਲ ’ਚ ਰੁਕਾਵਟ ਪਾਉਣਾ ਵੋਟਰਾਂ ਦਾ ਅਪਮਾਨ ਹੈ : ਬਿਰਲਾ

ਨਵੀਂ ਦਿੱਲੀ 6 ਫਰਵਰੀ। ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨੇ ਵੀਰਵਾਰ ਨੂੰ ਸਦਨ ’ਚ ਵਿਰੋਧੀ ਮੈਂਬਰਾਂ ਦੇ ਹੰਗਾਮੇ ਤੋਂ ਬਾਅਦ ਕਿਹਾ ਕਿ ਰੋਜ਼ਾਨਾ ਪ੍ਰਸ਼ਨਕਾਲ ’ਚ ਗਤੀਰੋਧ ਪੈਦਾ ਕਰਨਾ ਭਾਰਤ ਦੇ ਵੋਟਰਾਂ ਦਾ ਅਪਮਾਨ ਹੈ। ਵਿਰੋਧੀ ਮੈਂਬਰਾਂ ਨੇ ਅਮਰੀਕਾ ਤੋਂ ਗੈਰ-ਕਾਨੂੰਨੀ ਭਾਰਤੀ ਪ੍ਰਵਾਸੀਆਂ ਨੂੰ ਵਾਪਸ ਭੇਜੇ ਜਾਣ ਦੇ ਮੁੱਦੇ ’ਤੇ ਸਦਨ ’ਚ ਹੰਗਾਮਾ ਕੀਤਾ। ਲੋਕ ਸਭਾ ਸਪੀਕਰ ਨੇ ਵਿਰੋਧੀ ਧਿਰ ਦੇ ਮੈਂਬਰਾਂ ਨੂੰ ਨਾਅਰੇਬਾਜ਼ੀ ਬੰਦ ਕਰਨ ਅਤੇ ਸਦਨ ਚੱਲਣ ਦੇਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ,”ਯੋਜਨਾਬੱਧ ਤਰੀਕੇ ਨਾਲ ਸਦਨ ’ਚ ਰੁਕਾਵਟ ਪੈਦਾ ਕਰਨਾ ਸੰਸਦੀ ਪਰੰਪਰਾਵਾਂ ਦੇ ਅਨੁਰੂਪ ਨਹੀਂ ਹੈ।” ਬਿਰਲਾ ਨੇ ਇਹ ਵੀ ਕਿਹਾ,”ਤੁਹਾਡੇ ਸਾਰੇ ਮੁੱਦਿਆਂ ਨੂੰ ਸਰਕਾਰ ਨੇ ਨੋਟਿਸ ’ਚ ਲਿਆ ਹੈ। ਇਹ ਵਿਦੇਸ਼ ਨੀਤੀ ਦਾ ਮਾਮਲਾ ਹੈ। ਉਨ੍ਹਾਂ ਦੀਆਂ ਆਪਣੀਆਂ ਨੀਤੀਆਂ ਹਨ। ਸਰਕਾਰ ਇਸ ਪ੍ਰਤੀ ਗੰਭੀਰ ਹੈ। ਤੁਹਾਨੂੰ ਬੇਨਤੀ ਹੈ ਕਿ ਸਦਨ ਨੂੰ ਕੰਮ ਕਰਨ ਦਿੱਤਾ ਜਾਵੇ। ਤੁਸੀਂ ਲੋਕ ਹਰ ਰੋਜ਼ ਪ੍ਰਸ਼ਨ ਕਾਲ ’ਚ ਰੁਕਾਵਟ ਪੈਦਾ ਕਰਕੇ ਭਾਰਤੀ ਵੋਟਰਾਂ ਦਾ ਅਪਮਾਨ ਕਰ ਰਹੇ ਹੋ।

## ਡਿਪੋਰਟ ਕੀਤੇ ਪ੍ਰਵਾਸੀ ਨਹੀਂ ਕਰ ਸਕਣਗੇ ਇਨ੍ਹਾਂ 20 ਦੇਸ਼ਾਂ ਦੀ ਯਾਤਰਾ ! ਹੋ ਸਕਦੀ ਹੈ ਸਖ਼ਤ ਕਾਰਵਾਈ

**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 6 ਫਰਵਰੀ। ਭਾਰਤ ਸਰਕਾਰ ਵੱਲੋਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਤੋਂ ਬਾਅਦ ਗੰਭੀਰ ਚਿਤਾਵਨੀ ਜਾਰੀ ਕੀਤੀ ਗਈ ਹੈ। ਅਮਰੀਕਾ ਸਮੇਤ 20 ਦੇਸ਼ਾਂ ’ਚ ਇਨ੍ਹਾਂ ਪ੍ਰਵਾਸੀਆਂ ਨੂੰ ਹੁਣ ਵੈਧ ਦਸਤਾਵੇਜ਼ਾਂ ’ਤੇ ਵੀ ਯਾਤਰਾ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ। ਇਨ੍ਹਾਂ ਸਾਰਿਆਂ ਦੇ ਬਾਇਓਮੈਟ੍ਰਿਕ ਸਕੈਨ ਲਏ ਗਏ ਹਨ ਅਤੇ ਭਵਿੱਖ ਵਿੱਚ ਜੇਕਰ ਇਹ ਵਿਅਕਤੀ ਕਿਸੇ ਵੀ ਦੇਸ਼ ਦਾ ਵੀਜ਼ਾ ਅਪਲਾਈ ਕਰਦੇ ਹਨ ਤਾਂ ਉਨ੍ਹਾਂ ਨੂੰ ਰੱਦ ਕਰ ਦਿੱਤਾ ਜਾਵੇਗਾ। ਜ਼ਿਕਰਯੋਗ ਹੈ ਕਿ ਇਹ ਦੇਸ਼ ਅਮਰੀਕਾ ਦੀਆਂ ਵੀਜ਼ਾ ਨੀਤੀ ਦੀ ਪਾਲਣਾ ਕਰਦੇ ਹਨ, ਜਿਸ ਵਿੱਚ ਕੈਨੇਡਾ, ਨਿਊਜ਼ੀਲੈਂਡ, ਆਸਟ?ਰੇਲੀਆ, ਯੂ.ਕੇ ਅਤੇ ਹੋਰ ਦੇਸ਼ ਸ਼ਾਮਲ ਹਨ। ਜੇਕਰ ਇਹ ਪ੍ਰਵਾਸੀ ਭਾਰਤ ਤੋਂ ਜਾਇਜ਼ ਵੀਜ਼ੇ ’ਤੇ ਅਮਰੀਕਾ ਗਏ ਸਨ ਅਤੇ ਉਥੇ ਗੈਰ-ਕਾਨੂੰਨੀ ਤੌਰ ’ਤੇ ਰਹਿਣ ਲੱਗ ਪਏ ਤਾਂ ਭਾਰਤ ’ਚ ਇਨ੍ਹਾਂ ’ਤੇ ਕੋਈ ਕੇਸ ਨਹੀਂ ਬਣਦਾ, ਕਿਉਂਕਿ ਅਪਰਾਧ ਭਾਰਤ ’ਚ ਨਹੀਂ ਅਮਰੀਕਾ ’ਚ ਹੋਇਆ ਸੀ। ਹਾਲਾਂਕਿ, ਜੇਕਰ ਇਨ੍ਹਾਂ ਪ੍ਰਵਾਸੀਆਂ ਨੇ ਭਾਰਤ ਵਿੱਚ ਕੋਈ ਅਪਰਾਧ ਕੀਤਾ ਹੈ ਜਾਂ ਮਨੁੱਖੀ ਤਸਕਰੀ ਵਿੱਚ ਸ਼ਾਮਲ ਸਨ, ਤਾਂ ਭਾਰਤ ਵਿੱਚ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਜੇਕਰ ਇਹ ਪ੍ਰਵਾਸੀ ਜਾਅਲੀ ਪਾਸਪੋਰਟ ਬਣਾਉਂਦੇ ਹਨ, ਹਵਾਲਾ ਰਾਹੀਂ ਪੈਸੇ ਭੇਜਦੇ ਹਨ, ਜਾਂ ਗੈਰ-ਕਾਨੂੰਨੀ ਢੰਗ ਨਾਲ ਵਿਦੇਸ਼ਾਂ ਵਿਚ ਜਾਇਦਾਦ ਭੇਜਦੇ ਹਨ, ਤਾਂ ਭਾਰਤੀ ਕਾਨੂੰਨ ਤਹਿਤ ਚਾਰ ਤਰ੍ਹਾਂ ਦੀ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ: ਪਾਸਪੋਰਟ ਐਕਟ 1967 ਅਤੇ ਸਿਟੀਜ਼ਨਸ਼ਿਪ ਐਕਟ 1955 ਦੇ ਤਹਿਤ ਪਾਸਪੋਰਟ ਨੂੰ ਜਾਅਲੀ ਜਾਂ ਨਸ਼ਟ ਕਰਨ ’ਤੇ ਕਾਰਵਾਈ। ਇਨਕਮ ਟੈਕਸ ਐਕਟ 1961 ਦੇ ਤਹਿਤ ਹਵਾਲਾ ਰਾਹੀਂ ਪੈਸੇ ਭੇਜਣ ’ਤੇ ਕਾਰਵਾਈ। ਕਸਟਮਜ਼ ਐਕਟ 1962 ਦੇ ਤਹਿਤ ਗੈਰ-ਕਾਨੂੰਨੀ ਤੌਰ ’ਤੇ ਵਿਦੇਸ਼ ਭੇਜਣ ਦੇ ਖਿਲਾਫ ਕਾਰਵਾਈ। ਇਮੀਗ੍ਰੇਸ਼ਨ ਐਕਟ 1983 ਤਹਿਤ ਗੈਰ-ਕਾਨੂੰਨੀ ਬਾਰਡਰ ਕਰਾਸਿੰਗ ਵਿਰੁੱਧ ਕਾਰਵਾਈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਅਤੇ ਹਰਿਆਣਾ ਵਿੱਚ ਸਰਗਰਮ ਡੰਕੀ ਰੂਟ ਗਿਰੋਹ ਵਿਰੁੱਧ ਸਖ਼ਤ ਕਾਰਵਾਈ ਸ਼ੁਰੂ ਕਰ ਦਿੱਤੀ ਹੈ। 237 ਲੋਕਾਂ ਦੀ ਸੂਚੀ ਤਿਆਰ ਕੀਤੀ ਗਈ ਹੈ, ਜੋ ਡੌਂਕੀ ਦੇ ਰਸਤੇ ਗੈਰ-ਕਾਨੂੰਨੀ ਢੰਗ ਨਾਲ ਵਿਦੇਸ਼ ਭੇਜਣ ਦਾ ਧੰਦਾ ਚਲਾ ਰਹੇ ਹਨ। ਇਸ ਕਾਰਵਾਈ ਵਿੱਚ ਸਿਆਸੀ ਸ਼ਰਨ ਲੈਣ ਵਾਲੇ ਜ਼ਿਆਦਾਤਰ ਲੋਕਾਂ ਨੂੰ ਵੀ ਨਿਸ਼ਾਨਾ ਬਣਾਇਆ ਜਾਵੇਗਾ। ਪੰਜਾਬੀ ਜ਼ਿਲ੍ਹਿਆਂ ਜਿਵੇਂ ਅੰਮ੍ਰਿਤਸਰ, ਗੁਰਦਾਸਪੁਰ, ਜਲੰਧਰ, ਲੁਧਿਆਣਾ, ਪਟਿਆਲਾ ਅਤੇ ਹਰਿਆਣਵੀ ਜ਼ਿਲ੍ਹਿਆਂ ਜਿਵੇਂ ਕਰਨਾਲ, ਜੀਂਦ, ਕੁਰੂਕਸ਼ੇਤਰ ਵਿੱਚ ਵਿਸ਼ੇਸ਼ ਚੌਕਸੀ ਰੱਖੀ ਜਾ ਰਹੀ ਹੈ। ਅਮਰੀਕਾ ਤੋਂ ਡਿਪੋਰਟ ਕੀਤੇ ਗਏ ਪੰਜਾਬ ਦੇ ਨੌਜਵਾਨਾਂ ਦੀਆਂ ਦਰਦਨਾਕ ਕਹਾਣੀਆਂ ਸਾਹਮਣੇ ਆ ਰਹੀਆਂ ਹਨ, ਜਿਨ੍ਹਾਂ ਨੇ ਕਰਜ਼ਾ ਲੈ ਕੇ ਜਾਂ ਆਪਣੀ ਜ਼ਮੀਨ ਵੇਚ ਕੇ ਵਿਦੇਸ਼ ਜਾਣ ਦਾ ਸੁਪਨਾ ਦੇਖਿਆ ਸੀ, ਪਰ ਅੰਤ ਵਿੱਚ ਉਹ ਭਾਰਤ ਵਾਪਸ ਪਰਤਣ ਦੀ ਸਥਿਤੀ ਵਿੱਚ ਹੀ ਰਹਿ ਗਏ। ਗ੍ਰਹਿ ਮੰਤਰਾਲਾ ਅਤੇ ਪੁਲਸ ਵਿਭਾਗ ਇਸ ਰੈਕੇਟ ਨੂੰ ਪੂਰੀ ਤਰ੍ਹਾਂ ਰੋਕਣ ਅਤੇ ਜ਼ਿੰਮੇਵਾਰ ਏਜੰਟਾਂ ਦੇ ਖਿਲਾਫ ਸਖ਼ਤ ਕਾਰਵਾਈ ਕਰਨ ਦੀ ਤਿਆਰੀ ਕਰ ਰਿਹਾ ਹੈ।



## ਹੱਥਾਂ ਨੂੰ ਹੱਥਕੜੀਆਂ ਲਗਾ ਵਿਰੋਧੀ ਧਿਰ ਦੇ ਨੇਤਾਵਾਂ ਨੇ ਸੰਸਦ ਕੰਪਲੈਕਸ ’ਚ ਕੀਤਾ ਪ੍ਰਦਰਸ਼ਨ

ਨਵੀਂ ਦਿੱਲੀ 6 ਫਰਵਰੀ। ਕਾਂਗਰਸ, ਸਮਾਜਵਾਦੀ ਪਾਰਟੀ (ਸਪਾ) ਅਤੇ ਕੁਝ ਹੋਰ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੇ ਵੀਰਵਾਰ ਨੂੰ ਸੰਸਦ ਕੰਪਲੈਕਸ ’ਚ ਅਮਰੀਕਾ ਤੋਂ ਕਥਿਤ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਭਾਰਤ ਵਾਪਸ ਭੇਜਣ ਦੇ ਮੁੱਦੇ ’ਤੇ ਵਿਰੋਧ ਪ੍ਰਦਰਸ਼ਨ ਕੀਤਾ। ਕਾਂਗਰਸ ਦੇ ਸੰਗਠਨਾਤਮਕ ਜਨਰਲ ਸਕੱਤਰ ਕੇਸੀ ਵੇਣੂਗੋਪਾਲ, ਸਮਾਜਵਾਦੀ ਪਾਰਟੀ ਦੇ ਸੰਸਦ ਮੈਂਬਰ ਧਰਮਿੰਦਰ ਯਾਦਵ ਅਤੇ ਵਿਰੋਧ ਪ੍ਰਦਰਸ਼ਨ ’ਚ ਸ਼ਾਮਲ ਕਈ ਹੋਰ ਵਿਰੋਧੀ ਸੰਸਦ ਮੈਂਬਰਾਂ ਦੇ ਹੱਥਾਂ ’ਚ ਹੱਥਕੜੀਆਂ ਸਨ। ਉਨ੍ਹਾਂ ਨੇ ‘ਅਸੀਂ ਦੇਸ਼ ਦਾ ਅਪਮਾਨ ਬਰਦਾਸ਼ਤ ਨਹੀਂ ਕਰਾਂਗੇ’ ਅਤੇ ‘ਮੋਦੀ ਸਰਕਾਰ ਮੁਰਦਾਬਾਦ’ ਦੇ ਨਾਅਰੇ ਲਗਾਏ। ਲੋਕ ਸਭਾ ’ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ, ਰਾਜ ਸਭਾ ’ਚ ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ, ਕਾਂਗਰਸ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ, ਸਪਾ ਪ੍ਰਧਾਨ ਅਖਿਲੇਸ਼ ਯਾਦਵ, ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਅਤੇ ਕਈ ਹੋਰ ਵਿਰੋਧੀ ਆਗੂ ਇਸ ਵਿਰੋਧ ਪ੍ਰਦਰਸ਼ਨ ’ਚ ਸ਼ਾਮਲ ਹੋਏ। ਜ਼ਿਕਰਯੋਗ ਹੈ ਕਿ ਅਮਰੀਕਾ ਤੋਂ 104 ‘ਗੈਰ-ਕਾਨੂੰਨੀ’ ਭਾਰਤੀ ਪ੍ਰਵਾਸੀਆਂ ਨੂੰ ਲੈ ਕੇ ਇਕ ਅਮਰੀਕੀ ਫੌਜੀ ਜਹਾਜ਼ ਬੁੱਧਵਾਰ ਨੂੰ ਅੰਮ੍ਰਿਤਸਰ ਪਹੁੰਚਿਆ। ਇਹ ਡੋਨਾਲਡ ਟਰੰਪ ਪ੍ਰਸ਼ਾਸਨ ਵੱਲੋਂ ਗੈਰ-ਕਾਨੂੰਨੀ ਪ੍ਰਵਾਸੀਆਂ ਵਿਰੁੱਧ ਆਪਣੀ ਕਾਰਵਾਈ ਦੇ ਹਿੱਸੇ ਵਜੋਂ ਭਾਰਤੀਆਂ ਦਾ ਪਹਿਲਾ ਜੱਥਾ ਹੈ ਜਿਸ ਨੂੰ ਵਾਪਸ ਭੇਜਿਆ ਗਿਆ ਹੈ। ਤਸਵੀਰਾਂ ’ਚ ਜਿਨ੍ਹਾਂ ਨੂੰ ਭਾਰਤ ਵਾਪਸ ਭੇਜੇ ਗਏ ਲੋਕਾਂ ਦੇ ਹੱਥਾਂ ’ਚ ਹੱਥਕੜੀ ਦੇਖੀ ਗਈ।



# ਪੰਜਾਬ ਵਾਸੀਆਂ ਨੂੰ ਸਰਕਾਰ ਦਾ ਤੋਹ.ਫਾ, ਲਿਆ ਗਿਆ ਇਹ ਵੱਡਾ .ਫੈਸਲਾ

**ਤੇਜਿੰਦਰ ਕੌਰ ਬੱਬਰ**

ਚੰਡੀਗੜ੍ਹ 6 ਫਰਵਰੀ। ਪੰਜਾਬ ਦੇ ਨਾਗਰਿਕਾਂ ਨੂੰ ਪਾਰਦਰਸ਼ੀ ਢੰਗ ਨਾਲ ਕੁਸ਼ਲ ਪ੍ਰਸ਼ਾਸਨ ਅਤੇ ਨਿਰਵਿਘਨ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਦੀ ਦਿਸ਼ਾ ਵਿਚ ਇਕ ਹੋਰ ਅਹਿਮ ਕਦਮ ਚੁੱਕਦਿਆਂ ਪੰਜਾਬ ਦੇ ਪ੍ਰਸ਼ਾਸਨਿਕ ਸੁਧਾਰ ਮੰਤਰੀ ਅਮਨ ਅਰੋੜਾ ਨੇ ਅੱਜ ਭਗਵੰਤ ਮਾਨ ਸਰਕਾਰ, ਤੁਹਾਡੇ ਦੁਆਰ ਯੋਜਨਾ ਵਿਚ 363 ਹੋਰ ਨਾਗਰਿਕ-ਕੇਂਦ੍ਰਿਤ ਸੇਵਾਵਾਂ ਸ਼ਾਮਲ ਕਰਦਿਆਂ ਇਸਦੇ ਵਿਸਥਾਰ ਦਾ ਐਲਾਨ ਕੀਤਾ ਹੈ, ਜਿਸ ਨਾਲ ਸੇਵਾ ਕੇਂਦਰਾਂ ਰਾਹੀਂ ਦਿੱਤੀਆਂ ਜਾਣ ਵਾਲੀਆਂ ਸਾਰੀਆਂ ਸੇਵਾਵਾਂ ਹੁਣ ਨਾਗਰਿਕ ਆਪਣੇ ਘਰ ਬੈਠੇ ਪ੍ਰਾਪਤ ਕਰ ਸਕਣਗੇ। ਇਸ ਪਹਿਲ ਤਹਿਤ ਆਧਾਰ ਕਾਰਡ, ਡਰਾਈਵਿੰਗ ਲਾਇਸੈਂਸ ਅਤੇ ਪਾਸਪੋਰਟ ਸਬੰਧੀ ਅਰਜ਼ੀਆਂ ਸਮੇਤ ਹੁਣ 406 ਸੇਵਾਵਾਂ ਦੀ ਡਿਲਿਵਰੀ ਨਾਗਰਿਕਾਂ ਨੂੰ ਉਨ੍ਹਾਂ ਦੇ ਦਰਾਂ ‘ਤੇ ਦਿੱਤੀ ਜਾਵੇਗੀ। ਇੱਥੇ ਮਗਸੀਪਾ ਵਿਖੇ ਮੋਟਰਸਾਈਕਲਾਂ ਉੱਤੇ ਸਵਾਰ ‘ਸੇਵਾ ਸਹਾਇਕਾਂ’ ਨੂੰ ਹਰੀ ਝੰਡੀ ਦਿਖਾਉਣ ਉਪਰੰਤ ਅਮਨ ਅਰੋੜਾ ਨੇ ਕਿਹਾ ਕਿ 43 ਸੇਵਾਵਾਂ ਨਾਲ 10 ਦਸੰਬਰ, 2023 ਨੂੰ ਸ਼ੁਰੂ ਕੀਤੀ ਗਈ ਇਸ ਯੋਜਨਾ ਤਹਿਤ ਹੁਣ 29 ਪ੍ਰਮੁੱਖ ਵਿਭਾਗਾਂ ਨਾਲ ਸਬੰਧਤ ਕੁੱਲ 406 ਸੇਵਾਵਾਂ ਦਿੱਤੀਆਂ ਜਾਣਗੀਆਂ। ਹੁਣ ਉਪਲੱਬਧ ਸੇਵਾਵਾਂ ਵਿਚ ਡਰਾਈਵਿੰਗ ਲਾਇਸੈਂਸ, ਪਾਸਪੋਰਟ ਅਰਜ਼ੀਆਂ, ਪੁਲਸ ਵੈਰੀਫਿਕੇਸ਼ਨ, ਯੂਟੀਲਿਟੀ ਕੁਨੈਕਸ਼ਨਜ਼, ਜ਼ਿਲ੍ਹਾ ਅਧਿਕਾਰੀਆਂ ਤੋਂ ਐੱਨ.ਓ.ਸੀਜ਼., ਕਿਰਾਏਦਾਰ ਦੀ ਵੈਰੀਫਿਕੇਸ਼ਨ ਅਤੇ ਹੋਰ ਬਹੁਤ ਸਾਰੀਆਂ ਸੇਵਾਵਾਂ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ 363 ਹੋਰ ਸੇਵਾਵਾਂ ਦੇ ਵਾਧੇ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਜ਼ਰੂਰੀ ਸਰਕਾਰੀ ਸੇਵਾਵਾਂ ਨਾਗਰਿਕਾਂ ਨੂੰ ਬ.ਗੈਰ ਕਿਸੇ ਦੇਰੀ ਜਾਂ ਬੇਲੋੜੀ ਕਾਗਜ਼ੀ ਕਾਰਵਾਈ ਦੇ ਪ੍ਰਦਾਨ ਕੀਤੀਆਂ ਜਾ ਸਕਣ। ਇਸ ਯੋਜਨਾ ਨੂੰ ਨਾਗਰਿਕਾਂ ਦੇ ਮਿਲੇ ਭਰਵੇਂ ਹੁੰਗਾਰੇ ਦੀ ਗੱਲ ਕਰਦਿਆਂ ਪ੍ਰਸ਼ਾਸਨਿਕ ਸੁਧਾਰ ਮੰਤਰੀ ਨੇ ਦੱਸਿਆ ਕਿ ਇਸ ਯੋਜਨਾ ਤਹਿਤ 92000 ਤੋਂ ਵੱਧ ਅਰਜ਼ੀਆਂ ਪ੍ਰਾਪਤ ਹੋਈਆਂ ਸਨ ਅਤੇ ਸਾਰੀਆਂ ਅਰਜ਼ੀਆਂ ’ਤੇ ਸਮੇਂ ਸਿਰ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸਰਕਾਰੀ ਦਫ਼ਤਰਾਂ ਦੇ ਬੇਲੋੜੇ ਗੇੜੇ ਮਾਰਨ ਦੀ ਬਜਾਏ ਹੁਣ ਨਾਗਰਿਕਾਂ ਨੂੰ ਉਨ੍ਹਾਂ ਦੇ ਦਸਤਾਵੇਜ਼ ਤੇ ਸਰਟੀਫਿਕੇਟ ਸਿੱਧੇ ਉਨ੍ਹਾਂ ਦੇ ਘਰਾਂ ਤੱਕ ਪਹੁੰਚਾ ਦਿੱਤੇ ਗਏ ਹਨ। ਅਮਨ ਅਰੋੜਾ ਨੇ ਜ਼ੋਰ ਦੇ ਕੇ ਕਿਹਾ ਕਿ ਇਸ ਪਹਿਲਕਦਮੀ ਦਾ ਉਦੇਸ਼ ਨੌਕਰਸ਼ਾਹੀ ਅੜਿੱਕਿਆਂ ਅਤੇ ਸਰਕਾਰੀ ਦਫ਼ਤਰਾਂ ਵਿਚ ਲੱਗਦੀਆਂ ਲੰਬੀਆਂ ਕਤਾਰਾਂ ਵਰਗੇ ਲੰਬੇ ਸਮੇਂ ਤੋਂ ਚੱਲ ਰਹੇ ਮੁੱਦਿਆਂ ਨੂੰ ਹੱਲ ਕਰਕੇ ਨਾਗਰਿਕਾਂ ਨੂੰ ਨਿਰਵਿਘਨ ਸੇਵਾਵਾਂ ਪ੍ਰਦਾਨ ਕਰਨਾ ਹੈ ਅਤੇ ਗੁੰਝਲਦਾਰ ਸਰਕਾਰੀ ਪ੍ਰਕਿਰਿਆਵਾਂ ਤੋਂ ਲੋਕਾਂ ਦੇ ਸਮੇਂ ਨੂੰ ਬਚਾਉਣਾ ਹੈ। ਇਨ੍ਹਾਂ ਚੁਣੌਤੀਆਂ ਨਾਲ ਨਜਿੱਠਣ ਲਈ ਭਗਵੰਤ ਮਾਨ ਸਰਕਾਰ, ਤੁਹਾਡੇ ਦੁਆਰ ਯੋਜਨਾ ਪੰਜਾਬ ਦੇ ਨਾਗਰਿਕਾਂ ਨੂੰ ਉਨ੍ਹਾਂ ਦੇ ਦਰਾਂ ’ਤੇ ਸਰਕਾਰੀ ਸੇਵਾਵਾਂ ਉਪਲੱਬਧ ਕਰਵਾਉਣ ਦਾ ਸੁਹਿਰਦ ਯਤਨ ਹੈ। ਪਿਛਲੇ ਦੋ ਸਾਲਾਂ ਵਿਚ ਸੂਬਾ ਸਰਕਾਰ ਨੇ ਸਰਕਾਰੀ ਪ੍ਰਕਿਰਿਆਵਾਂ ਨੂੰ ਸੁਖਾਲਾ ਬਣਾਉਣ ਅਤੇ ਰਿਕਾਰਡ ਨੂੰ ਡਿਜ਼ੀਟਾਈਜ਼ ਕਰਨ ਵਿਚ ਅਹਿਮ ਯੋਗਦਾਨ ਪਾਇਆ ਹੈ। ਉਨ੍ਹਾਂ ਦੱਸਿਆ ਕਿ 77 ਲੱਖ ਤੋਂ ਵੱਧ ਸਰਟੀਫ਼ਿਕੇਟ ਪਹਿਲਾਂ ਹੀ ਡਿਜੀਟਲ ਰੂਪ ਵਿਚ ਡਿਲਿਵਰ ਕੀਤੇ ਜਾ ਚੁੱਕੇ ਹਨ ਅਤੇ ਨਾਗਰਿਕ ਹੁਣ ਸਰਕਾਰ ਦੁਆਰਾ ਪ੍ਰਵਾਨਿਤ ਸਰਟੀਫ਼ਿਕੇਟ ਸਿੱਧੇ ਆਪਣੇ ਮੋਬਾਈਲ ਫੋਨਾਂ ’ਤੇ ਪ੍ਰਾਪਤ ਕਰਦੇ ਹਨ, ਜਿਸ ਨਾਲ ਉਨ੍ਹਾਂ ਦਾ ਸਮਾਂ ਅਤੇ ਪੈਸਾ ਦੋਵਾਂ ਦੀ ਬੱਚਤ ਹੁੰਦੀ ਹੈ। ਇਸ ਤੋਂ ਇਲਾਵਾ ਪਟਵਾਰੀਆਂ, ਸਰਪੰਚਾਂ, ਨੰਬਰਦਾਰਾਂ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਵੱਲੋਂ ਅਰਜ਼ੀਆਂ ਨੂੰ ਆਨਲਾਈਨ ਪ੍ਰੋਸੈੱਸ ਕੀਤਾ ਜਾ ਰਿਹਾ ਹੈ, ਜਿਸ ਨਾਲ ਸੇਵਾ ਪ੍ਰਦਾਨ ਕਰਨ ਦੀ ਪ੍ਰਣਾਲੀ ਨੂੰ ਹੋਰ ਸੁਚਾਰੂ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਪਟਵਾਰੀਆਂ ਵੱਲੋਂ 9 ਲੱਖ ਤੋਂ ਵੱਧ ਅਰਜ਼ੀਆਂ ਆਨਲਾਈਨ ਪ੍ਰੋਸੈੱਸ ਕੀਤੀਆਂ ਗਈਆਂ ਹਨ। ਸੇਵਾਵਾਂ ਦੀ ਡਿਲਿਵਰੀ ਨੂੰ ਹੋਰ ਬਿਹਤਰ ਬਣਾਉਣ ਲਈ ਨਾਗਰਿਕਾਂ ਨੂੰ ਇਸ ਯੋਜਨਾ ਰਾਹੀਂ ਫੀਡਬੈਕ ਦੇਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। 12.95 ਲੱਖ ਤੋਂ ਵੱਧ ਨਾਗਰਿਕ ਪਹਿਲਾਂ ਹੀ ਸੇਵਾਵਾਂ ਨੂੰ ਰੇਟਿੰਗ ਦੇ ਚੁੱਕੇ ਹਨ, ਜਿਸ ਨਾਲ ਇਨ੍ਹਾਂ ਸੇਵਾਵਾਂ ਨੂੰ 5 ਵਿੱਚੋਂ ਔਸਤਨ 4.1 ਰੇਟਿੰਗ ਮਿਲੀ ਹੈ। ਅਮਨ ਅਰੋੜਾ ਨੇ ਕਿਹਾ ਕਿ ਇਹ ਸੁਧਾਰ ਸਿਰਫ਼ ਤਕਨਾਲੋਜੀ ਬਾਰੇ ਨਹੀਂ ਹਨ, ਸਗੋਂ ਇਹ ਇਕ ਵਧੇਰੇ ਜ਼ਿੰਮੇਵਾਰ ਅਤੇ ਜਵਾਬਦੇਹੀ ਵਾਲਾ ਸ਼ਾਸਨ ਦੇਣ ਪ੍ਰਤੀ ਸੂਬਾ ਸਰਕਾਰ ਦੀ ਵਚਨਬੱਧਤਾ ਹੈ। ਉਨ੍ਹਾਂ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਵਿਸਥਾਰਤ ਸੇਵਾਵਾਂ ਨੂੰ ਅਪਣਾਉਣ ਅਤੇ ਸਹੂਲਤ ਤੇ ਪਾਰਦਰਸ਼ਤਾ ਦਾ ਖੁਦ ਅਨੁਭਵ ਕਰਨ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਆਪਣੇ ਨਾਗਰਿਕਾਂ ਨੂੰ ਬਿਹਤਰ ਸੇਵਾਵਾਂ ਮੁਹੱਈਆ ਕਰਵਾਉਣ ਅਤੇ ਇਕ ਅਜਿਹਾ ਪੰਜਾਬ ਬਣਾਉਣ ਲਈ ਵਚਨਬੱਧ ਹੈ ਜਿੱਥੇ ਹਰ ਨਾਗਰਿਕ ਅਹਿਮ ਅਤੇ ਸਸ਼ਕਤ ਮਹਿਸੂਸ ਕਰਦਾ ਹੈ। ਪ੍ਰਸ਼ਾਸਨਿਕ ਸੁਧਾਰ ਵਿਭਾਗ ਦੇ ਡਾਇਰੈਕਟਰ ਗਿਰੀਸ਼ ਦਿਆਲਨ ਨੇ ਵਿਭਾਗ ਵੱਲੋਂ ਕੀਤੀਆਂ ਗਈਆਂ ਪਹਿਲਕਦਮੀਆਂ ’ਤੇ ਚਾਨਣਾ ਪਾਇਆ ਅਤੇ ਕੈਬਨਿਟ ਮੰਤਰੀ ਅਰੋੜਾ ਨੂੰ ਭਰੋਸਾ ਦਿੱਤਾ ਕਿ ਵਿਭਾਗ ਜਨਤਕ ਸੇਵਾਵਾਂ ਪ੍ਰਦਾਨ ਕਰਨ ਵਿੱਚ ਹੋਰ ਪਾਰਦਰਸ਼ਤਾ, ਜਵਾਬਦੇਹੀ ਅਤੇ ਕੁਸ਼ਲਤਾ ਵਧਾਉਣ ਦੇ ਉਦੇਸ਼ ਨਾਲ ਪ੍ਰਭਾਵਸ਼ਾਲੀ ਪ੍ਰਸ਼ਾਸਕੀ ਸੁਧਾਰਾਂ ਨੂੰ ਲਾਗੂ ਕਰਨ ਲਈ ਵਚਨਬੱਧ ਹੈ।



# ਡਰਾਈਵਿੰਗ ਲਾਇਸੈਂਸ ਨੂੰ ਲੈ ਕੇ ਜਰੂਰੀ ਖਬਰ, ਲਾਗੂ ਹੋਵੇਗਾ ਇਹ ਨਵਾਂ ਨਿਯਮ

ਨੈਸ਼ਨਲ ਡੈਸਕ 6 ਫਰਵਰੀ। ਟ੍ਰੈਫਿਕ ਨਿਯਮ ਤੋੜਨ ਵਾਲਿਆਂ ਲਈ ਹੁਣ ਚਾਲਾਨ ਤੋਂ ਬਚਣਾ ਮੁਸ਼ਕਲ ਹੋ ਜਾਵੇਗਾ। ਦਰਅਸਲ ਸੜਕ ਟਰਾਂਸਪੋਰਟ ਮੰਤਰਾਲਾ ਰਜਿਸਟਰੇਸਨ ਸਰਟੀਫਿਕੇਟ () ਅਤੇ ਡਰਾਈਵਿੰਗ ਲਾਇਸੈਂਸ () ਨੂੰ ਆਧਾਰ ਕਾਰਡ ਨਾਲ ਜੋੜਨ ਦੀ ਯੋਜਨਾ ਬਣਾ ਰਿਹਾ ਹੈ। ਹੁਣ ਕਿਸੇ ਵੀ ਵਾਹਨ ਮਾਲਕ ਅਤੇ ਡਰਾਈਵਿੰਗ ਲਾਇਸੈਂਸ ਧਾਰਕ ਨੂੰ ਆਪਣਾ ਪਤਾ, ਮੋਬਾਈਲ ਨੰਬਰ ਅਤੇ ਹੋਰ ਜਾਣਕਾਰੀ ਅਪਡੇਟ ਕਰਨੀ ਪਵੇਗੀ। ਇਸ ਕਦਮ ਦਾ ਉਦੇਸ ਇਹ ਯਕੀਨੀ ਬਣਾਉਣਾ ਹੈ ਕਿ ਵਾਹਨ ਮਾਲਕਾਂ ਅਤੇ ਡਰਾਈਵਰਾਂ ਦੀ ਸਹੀ ਜਾਣਕਾਰੀ ਦਰਜ ਕੀਤੀ ਜਾਵੇ ਅਤੇ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾ ਸਕੇ। ਸੂਤਰਾਂ ਮੁਤਾਬਕ ਟਰਾਂਸਪੋਰਟ ਇਸ ਨੂੰ ਨਿਯਮ ਨੂੰ ਮੋਟਰ ਵਾਹਨ ਐਕਟ ਵਿਚ ਪ੍ਰਸਤਾਵਿਤ ਸੋਧਾਂ ਦਾ ਹਿੱਸਾ ਬਣਾਉਣ 'ਤੇ ਵਿਚਾਰ ਕਰ ਰਿਹਾ ਹੈ। ਦਰਅਸਲ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਲੋਕਾਂ ਖਾਸ ਤੌਰ 'ਤੇ ਲਗਾਤਾਰ ਉਲੰਘਣਾ ਕਰਨ ਵਾਲੇ ਲੋਕਾਂ 'ਤੇ ਨਜਰ ਰੱਖਣ ਲਈ ਇਕ ਸਖਤ ਨਿਗਰਾਨੀ ਤੰਤਰ ਦੀ ਲੋੜ ਹੈ। ਵੇਖਿਆ ਗਿਆ ਹੈ ਕਿ ਜੁਰਮਾਨੇ ਅਤੇ ਕਾਰਵਾਈ ਦਾ ਸਾਹਮਣਾ ਕਰਨ ਤੋਂ ਬਚਣ ਲਈ ਲੋਕ ਮੋਬਾਈਲ ਨੰਬਰ ਬਦਲ ਲੈਂਦੇ ਹਨ ਜਾਂ ਫਿਰ ਡਰਾਈਵਿੰਗ ਲਾਇਸੈਂਸ ਲਈ ਅਪਲਾਈ ਕਰ ਦਿੰਦੇ ਹਨ। ਕਾਰਵਾਈ ਤੋਂ ਬਚਣ ਦੇ ਇਨ੍ਹਾਂ ਆਸਾਨ ਤਰੀਕਿਆਂ 'ਤੇ ਲਗਾਮ ਲਾਉਣ ਦੇ ਉਦੇਸ਼ ਨਾਲ ਇਸ ਬਦਲਾਅ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਹਾਲ ਹੀ 'ਚ ਕੇਂਦਰੀ ਸੜਕ ਟਰਾਂਸਪੋਰਟ




ਸਕੱਤਰ ਨੇ ਕਿਹਾ ਸੀ ਕਿ ਟਰਾਂਸਪੋਰਟ ਵਿਭਾਗ ਨੇ ਨਿਯਮ ਤੋੜਨ ਵਾਲੇ ਲੋਕਾਂ ਨੂੰ ਚਾਲਾਨ ਜਾਰੀ ਕੀਤੇ ਹਨ, ਉਨ੍ਹਾਂ ਵਿਚ 12,000 ਕਰੋੜ ਰੁਪਏ ਤੋਂ ਵੱਧ ਦੇ ਈ-ਚਾਲਾਨ ਦਾ ਭੁਗਤਾਨ ਨਹੀਂ ਕੀਤਾ ਗਿਆ ਹੈ। ਇਸ ਅਸਫਲਤਾ ਦੀ ਮੁੱਖ ਵਜ੍ਹਾ ਹੈ ਕਿ ਜਿਸ ਡਾਟਾਬੇਸ ਤੋਂ ਅਸੀਂ ਈ-ਚਾਲਾਨ ਪ੍ਰਣਾਲੀ ਨੂੰ ਚਲਾ ਰਹੇ ਹਾਂ ਉਹ ਸਹੀ ਨਹੀਂ ਹੈ। ਇਨ੍ਹਾਂ ਵਿਚ ਲੋਕਾਂ ਦੇ ਪਤੇ ਅਤੇ ਮੋਬਾਈਲ ਨੰਬਰ ਨਿਯਮਤ ਰੂਪ ਨਾਲ ਅਪਡੇਟ ਨਹੀਂ ਹੁੰਦੇ ਹਨ। ਅਜਿਹੇ ਵਿਚ ਹੁਣ ਵਾਹਨ ਮਾਲਕਾਂ ਅਤੇ ਲਾਇਸੈਂਸ ਧਾਰਕਾਂ ਲਈ ਆਪਣਾ ਵੇਰਵਾ ਅਪਡੇਟ ਕਰਨਾ ਜਰੂਰੀ ਹੋ ਜਾਵੇਗਾ। ਟਰਾਂਸਪੋਰਟ ਵਿਭਾਗ ਦਾ ਕਹਿਣਾ ਹੈ ਕਿ ਪੁਰਾਣੇ ਡੇਟਾਬੇਸ ਵਿਚ ਮੋਬਾਈਲ ਅਤੇ ਆਧਾਰ ਨੰਬਰ ਨਹੀਂ ਹਨ। ਸਹੀ ਪਤਾ ਵੀ ਨਹੀਂ ਹੋ ਸਕਦਾ ਹੈ, ਜਿਸ ਦਾ ਮਤਲਬ ਹੈ ਕਿ ਸਾਨੂੰ ਕੁਝ ਨੁਕਤਿਆਂ 'ਤੇ ਵਿਚਾਰ ਕਰਨ ਦੀ ਜਰੂਰਤ ਹੈ, ਜਿੱਥੇ ਵਾਹਨ ਮਾਲਕਾਂ ਜਾਂ ਲਾਇਸੈਂਸ ਧਾਰਕਾਂ ਲਈ ਆਪਣੇ ਵੇਰਵਿਆਂ ਨੂੰ ਅਪਡੇਟ ਕਰਨਾ ਜਰੂਰੀ ਹੈ। ਇਸ ਨਾਲ ਸਰਕਾਰ ਨੂੰ ਇਹ ਜਾਣਨ ਵਿਚ ਮਦਦ ਮਿਲੇਗੀ ਕਿ ਕਿਸ ਵਿਅਕਤੀ ਨਾਲ ਕਿੱਥੇ ਸੰਪਰਕ ਕਰਨਾ ਹੈ। ਜੇਕਰ ਕਿਸੇ ਵਿਅਕਤੀ ਦੇ ਈ-ਚਲਾਨ ਜੁਰਮਾਨੇ ਦਾ ਸਮੇਂ ਸਿਰ ਭੁਗਤਾਨ ਨਹੀਂ ਕੀਤਾ ਜਾਂਦਾ ਹੈ, ਤਾਂ ਉਸ ਦਾ ਜਾਂ ਰੱਦ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਦਾ ਬੀਮਾ ਵੀ ਮਹਿੰਗਾ ਹੋ ਸਕਦਾ ਹੈ। ਇਸ ਤੋਂ ਇਲਾਵਾ ਨਿਯਮ ਤੋੜਨ ਵਾਲੇ ਵੀ ਬਚ ਨਹੀਂ ਸਕਣਗੇ।ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਲਈ ਇਹ ਚਿਤਾਵਨੀ ਹੋ ਸਕਦੀ ਹੈ। ਸਰਕਾਰ ਦੇ ਇਸ ਕਦਮ ਨਾਲ ਟ੍ਰੈਫਿਕ ਨਿਯਮਾਂ ਦਾ ਸਖਤੀ ਨਾਲ ਪਾਲਣ ਯਕੀਨੀ ਹੋਵੇਗਾ ਅਤੇ ਈ-ਚਾਲਾਨ ਦਾ ਭੁਗਤਾਨ ਟਾਲਣ ਵਾਲਿਆਂ 'ਤੇ ਲਗਾਮ ਲੱਗੇਗੀ। ਵਾਹਨ ਮਾਲਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਅਤੇ ਨਾਲ ਜੁੜੀ ਜਾਣਕਾਰੀ ਜਲਦੀ ਅਪਡੇਟ ਕਰਵਾਉਣ ਤਾਂ ਕਿ ਕਿਸੇ ਵੀ ਅਸੁਵਿਧਾ ਤੋਂ ਬਚਿਆ ਜਾ ਸਕੇ।

## ਕ੍ਰਾਈਮ ਬਰਾਂਚ ਨੇ ਨਾਜਾਇਜ ਹਥਿਆਰਾਂ ਸਮੇਤ ਇਕ ਮੁਲਜਮ ਕੀਤਾ ਗ੍ਰਿਫਤਾਰ

ਜਲੰਧਰ 6 ਫਰਵਰੀ। ਪੁਲਸ ਕਮਿਸਨਰ ਸਵਪਨ ਸਰਮਾ ਦੀ ਅਗਵਾਈ ਹੇਠ ਕ੍ਰਾਈਮ ਬਰਾਂਚ ਜਲੰਧਰ ਕਮਿਸਨਰੇਟ ਪੁਲਸ ਨੇ ਇਕ ਵਿਅਕਤੀ ਨੂੰ ਨਾਜਾਇਜ ਹਥਿਆਰਾਂ ਸਮੇਤ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪੁਲਸ ਕਮਿਸਨਰ ਨੇ ਦੱਸਿਆ ਕਿ ਪੁਲਸ ਨੂੰ ਇਤਲਾਹ ਮਿਲੀ ਸੀ ਕਿ ਤਰਨਵੀਰ ਸਿੰਘ ਉਰਫ ਤਨੂੰ ਪੁੱਤਰ ਤਜਿੰਦਰ ਸਿੰਘ ਵਾਸੀ ਕੋਟ ਸਿਦੀਕੀ, ਜਲੰਧਰ ਚਿਲਡਰਨ ਪਾਰਕ ਨੇੜੇ ਇਲਾਕੇ 'ਚ ਫਾਇਰਿੰਗ ਕੀਤੀ ਹੈ। ਉਨ੍ਹਾਂ ਦੱਸਿਆ ਕਿ ਪੁਲਸ ਨੇ ਮੁਸਤੈਦੀ ਨਾਲ ਕਾਰਵਾਈ ਕਰਦੇ ਹੋਏ ਜਾਲ ਵਿਛਾ ਕੇ ਦੋਸੀ ਨੂੰ ਕਾਬੂ ਕਰ ਲਿਆ ਹੈ। ਸਵਪਨ ਸਰਮਾ ਨੇ ਦੱਸਿਆ ਕਿ ਤਲਾਸੀ ਲੈਣ 'ਤੇ ਪੁਲਸ ਨੇ ਇਕ 32 ਬੋਰ ਦਾ ਨਾਜਾਇਜ ਪਿਸਤੌਲ



ਸਮੇਤ ਪੰਜ ਜਿੰਦਾ ਰੌਂਦ ਅਤੇ ਇਕੋ ਕੈਲੀਬਰ ਦਾ ਇਕ ਰਾਉਂਡ ਬਰਾਮਦ ਕੀਤਾ। ਪੁਲਸ ਕਮਿਸਨਰ ਨੇ ਦੱਸਿਆ ਕਿ ਐੱਫ. ਆਈ. ਆਰ. ਨੰਬਰ 04 ਮਿਤੀ 27 ਜਨਵਰੀ 2025 ਨੂੰ ਥਾਣਾ ਡਿਵੀਜਨ ਨੰਬਰ 05 ਜਲੰਧਰ ਵਿਖੇ ਅਸਲਾ ਐਕਟ ਦੀਆਂ ਧਾਰਾਵਾਂ 25(1) (ਬੀ), 54 ਅਤੇ 59 ਅਧੀਨ ਦਰਜ ਕੀਤਾ ਗਿਆ ਸੀ। ਸਵਪਨ ਸਰਮਾ ਨੇ ਦੱਸਿਆ ਕਿ ਮੁਲਜਮ ਖ?ਿਲਾਫ ਪੁਲਸ ਪਹਿਲਾਂ ਹੀ ਤਿੰਨ ਕੇਸ ਦਰਜ ਕਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ ਅਤੇ ਵੇਰਵੇ ਜੇਕਰ ਕੋਈ ਹਨ, ਬਾਅਦ ਵਿੱਚ ਸਾਂਝੇ ਕੀਤੇ ਜਾਣਗੇ।

## ਵਿਆਹ ਦਾ ਝਾਂਸਾ ਦੇ ਕੇ ਕੁੜੀ ਦੀ ਪੱਤ ਰੋਲਣ ਦੇ ਦੋਸ਼ 'ਚ ਕਾਂਗਰਸੀ ਸੰਸਦ ਮੈਂਬਰ ਗ੍ਰਿਫਤਾਰ

ਸੀਤਾਪੁਰ 6 ਫਰਵਰੀ। ਉੱਤਰ ਪ੍ਰਦੇਸ਼ ਵਿਚ ਸੀਤਾਪੁਰ ਦੀ ਕੋਤਵਾਲੀ ਪੁਲਸ ਨੇ ਜਬਰ ਜਨਾਹ ਦੇ ਮੁਲਜਮ ਕਾਂਗਰਸੀ ਸੰਸਦ ਮੈਂਬਰ ਰਾਕੇਸ਼ ਰਾਠੌਰ ਨੂੰ ਵੀਰਵਾਰ ਨੂੰ ਗ੍ਰਿਫਤਾਰ ਕਰ ਲਿਆ ਹੈ। ਰਾਠੌਰ ਨੂੰ ਪੁਲਸ ਨੇ ਉਸ ਵੇਲੇ ਗ੍ਰਿਫਤਾਰ ਕੀਤਾ ਜਦੋਂ ਉਹ ਆਪਣੀ ਰਿਹਾਇਸ਼ ਵਿਚ ਇਕ ਪ੍ਰੈੱਸ ਕਾਨਫਰੰਸ ਕਰ ਰਹੇ ਸਨ। ਇਸ ਦੌਰਾਨ ਪੁਲਸ ਇਥੇ ਪਹੁੰਚੀ ਤੇ ਕਾਂਗਰਸੀ ਸੰਸਦ ਮੈਂਬਰ ਨੂੰ ਗ੍ਰਿਫਤਾਰ ਕਰ ਲਿਆ। ਸਥਾਨਕ ਅਦਾਲਤ ਨੇ ਕਾਂਗਰਸੀ ਸੰਸਦ ਮੈਂਬਰ ਦੇ ਖਿਲਾਫ ਗੈਰ ਜਮਾਨਤੀ ਵਾਰੰਟ ਜਾਰੀ




ਕੀਤਾ ਗਿਆ ਸੀ ਜਿਸ ਉੱਤੇ ਉਨ੍ਹਾਂ ਨੇ ਇਲਾਹਾਬਾਦ ਹਾਈ ਕੋਰਟ ਵਿਚ ਜਮਾਨਤ ਅਰਜੀ ਲਾਈ ਸੀ ਜਿਸ ਨੂੰ ਅਦਾਲਤ ਨੇ ਖਾਰਿਜ ਕਰ ਦਿੱਤਾ ਸੀ। ਅਦਾਲਤ ਨੇ ਜਮਾਨਤ ਪਟੀਸ਼ਨ ਖਾਰਿਜ ਹੋਣ ਤੋਂ ਬਾਅਦ ਰਾਠੌਰ ਅੱਜ ਪ੍ਰੈੱਸ ਕਾਨਫਰੰਸ ਕਰ ਰਹੇ ਸਨ ਕਿ ਇਸੇ ਵਿਚਾਲੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਜ?ਿਕਰਯੋਗ ਹੈ ਕਿ ਪੀੜਤ ਮਹਿਲਾ ਨੇ ਦੋ ਹਫਤੇ ਪਹਿਲਾਂ ਸ਼ਿਕਾਇਤ ਵਿਚ ਕਾਂਗਰਸੀ ਸੰਸਦ ਮੈਂਬਰ ਉੱਤੇ ਪਿਛਲੇ ਕਈ ਸਾਲਾਂ ਤੋਂ ਵਿਆਹ ਦਾ ਝਾਂਸਾ ਦੇ ਕੇ ਉਸ ਦਾ ਯੌਨ ਸ਼ੋਸ਼ਨ ਕਰਨ ਦਾ ਦੋਸ਼ ਲਗਾਇਆ ਸੀ। ਪੀੜਤਾ ਨੇ ਇਸ ਮਾਮਲੇ ਵਿਚ ਪੁਲਸ ਨੂੰ ਉਸ ਦੇ ਤੇ ਸੰਸਦ ਮੈਂਬਰ ਵਿਚਾਲੇ ਹੋਈ ਗੱਲਬਾਤ ਦੀ ਕਾਲ ਰਿਕਾਰਡਿੰਗ ਵੀ ਦਿੱਤੀ ਸੀ। ਪੀੜਤਾ ਦਾ ਕਹਿਣਾ ਸੀ ਕਿ ਉਸ ਨੂੰ ਧਮਕੀਆਂ ਵੀ ਦਿੱਤੀਆਂ ਜਾ ਰਹੀਆਂ ਹਨ। ਕੋਤਵਾਲੀ ਨਗਰ ਥਾਣੇ ਵਿਚ ਮੁਕੱਦਮਾ ਦਰਜ ਕਰਵਾਇਆ ਗਿਆ ਸੀ।

## ਸਹੁਰੇ ਘਰ ਦੇ ਬਾਹਰ ਧਰਨੇ 'ਤੇ ਬੈਠੀ ਨੂੰਹ; ਸਹੁਰਿਆ ਦਾ ਨਹੀਂ ਪਸੀਜਿਆ ਦਿਲ, ਜਾਣੋ ਪੂਰਾ ਮਾਮਲਾ

ਇਟਾਵਾ 6 ਫਰਵਰੀ। ਇਕ ਨੂੰਹ ਬੋਰੀਆ ਬਿਸਤਰਾ ਲੈ ਕੇ ਸਹੁਰੇ ਘਰ ਦੇ ਬਾਹਰ ਧਰਨੇ 'ਤੇ ਬੈਠ ਗਈ। ਨੂੰਹ ਦਾ ਦੋਸ਼ ਸੀ ਕਿ ਉਸ ਨੂੰ ਸਹੁਰੇ ਘਰ 'ਚ ਰਹਿਣ ਨਾ ਦੇਣ ਕਾਰਨ ਉਹ ਠੰਡ 'ਚ ਧਰਨੇ 'ਤੇ ਬੈਠ ਗਈ ਪਰ ਸਹੁਰੇ ਪਰਿਵਾਰ ਦਾ ਦਿਲ ਨਹੀਂ ਪਸੀਜਿਆ ਅਤੇ ਉਸ ਨੂੰ ਘਰ ਵਿਚ ਐਂਟਰੀ ਨਹੀਂ ਦਿੱਤੀ। ਸਹੁਰੇ ਵਾਲਿਆਂ ਨੇ ਅੰਦਰੋਂ ਤਾਲਾ ਲਾ ਰੱਖਿਆ ਸੀ। ਇਹ ਮਾਮਲਾ ਉੱਤਰ ਪ੍ਰਦੇਸ਼ ਦੇ ਇਟਾਵਾ ਦਾ ਹੈ। ਦਰਅਸਲ ਪਤੀ-ਪਤਨੀ ਵਿਚਾਲੇ ਪਿਛਲੇ 1 ਸਾਲ ਤੋਂ ਵਿਵਾਦ ਚੱਲ ਰਿਹਾ ਹੈ। ਇਸ ਦੇ ਚੱਲਦੇ ਸਹੁਰੇ ਵਾਲੇ ਨੂੰਹ ਨੂੰ ਆਪਣੇ ਘਰ ਵਿਚ ਰੱਖਣ ਤੋਂ ਇਨਕਾਰ ਕਰ ਰਹੇ ਸਨ। ਦੱਸ ਦੇਈਏ ਕਿ ਥਾਣਾ ਸਿਵਲ ਲਾਈਨ ਅਧੀਨ ਪੈਂਦੇ ਆਦਰਸ ਨਗਰ ਕਲੋਨੀ ਦੇ ਰਹਿਣ ਵਾਲੇ ਨਿਤਿਨ ਵਰਮਾ ਦੀ ਪਤਨੀ 26 ਸਾਲਾ ਮਮਤਾ ਵਰਮਾ ਆਪਣੇ ਪੇਕੇ ਘਰ ਤੋਂ 2 ਵਜੇ ਆਪਣੇ ਸਹੁਰੇ ਘਰ ਪਹੁੰਚੀ ਸੀ। ਸਾਮ ਪਰ ਕਾਫੀ ਦੇਰ ਤੱਕ ਮਿੰਨਤਾਂ ਕਰਨ ਦੇ ਬਾਵਜੂਦ ਸਹੁਰਿਆਂ ਨੇ ਘਰ ਦਾ ਦਰਵਾਜਾ ਨਹੀਂ ਖੋਲ੍ਹਿਆ। ਜਿਸ ਤੋਂ ਬਾਅਦ ਮਮਤਾ ਘਰ ਦੇ ਬਾਹਰ ਦਰਵਾਜੇ ਕੋਲ ਧਰਨੇ 'ਤੇ ਬੈਠ ਗਈ। ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ, ਠੰਡ ਵਧਦੀ ਗਈ, ਮਮਤਾ ਦੇਰ ਰਾਤ ਤੱਕ ਸੁੰਨਸਾਨ ਗਲੀ ਵਿਚ ਬੈਠੀ ਰਹੀ। ਜਦੋਂ ਮਮਤਾ ਪਰੇਸਾਨ ਹੋ ਕੇ ਥੱਕ ਗਈ ਤਾਂ ਉਸ ਨੇ ਡਾਇਲ-112 'ਤੇ ਪੁਲਸ ਨੂੰ ਆਪਣੀ ਤਕਲੀਫ ਦੱਸੀ, ਜਿਸ ਤੋਂ ਬਾਅਦ ਪੁਲਸ ਮੌਕੇ 'ਤੇ ਪਹੁੰਚ ਗਈ। ਪੁਲਸ ਨੇ ਕਾਫੀ ਮੁਸ਼ੱਕਤ ਤੋਂ ਬਾਅਦ ਸੱਸ ਅਤੇ ਨੂੰਹ ਨੂੰ ਸਾਂਤ ਕੀਤਾ ਅਤੇ ਸਵੇਰੇ ਤੱਕ ਮਾਮਲਾ ਸਾਂਤ ਕਰਵਾਇਆ ਅਤੇ ਨੂੰਹ ਨੂੰ ਘਰ ਅੰਦਰ ਭੇਜਿਆ। ਮਮਤਾ ਦੀ ਸੱਸ ਰਾਣੀ ਵਰਮਾ ਨੇ ਪੁਲਸ ਨੂੰ ਦੱਸਿਆ ਕਿ ਵੱਡੇ ਪੁੱਤਰ ਦੀ ਨੂੰਹ ਖਿਲਾਫ



ਅਦਾਲਤ 'ਚ ਕੇਸ ਚੱਲ ਰਿਹਾ ਹੈ। ਪੁੱਤਰ ਬਾਹਰ ਕੰਮ ਕਰਦਾ ਹੈ। ਇੱਧਰ ਨੂੰਹ ਕੁਝ ਕਰਨ ਦੀ ਧਮਕੀ ਦਿੰਦੀ ਹੈ, ਜਿਸ ਕਾਰਨ ਅਸੀਂ ਉਸ ਨੂੰ ਘਰ ਦੇ ਅੰਦਰ ਨਹੀਂ ਬੁਲਾ ਰਹੇ, ਆਖਰ ਕੁਝ ਹੋ ਗਿਆ ਤਾਂ ਜ?ਿੰਮੇਵਾਰੀ ਕੌਣ ਲਵੇਗਾ। ਇਸ ਦੇ ਨਾਲ ਹੀ ਮਮਤਾ ਵਰਮਾ ਨੇ ਦੱਸਿਆ ਕਿ ਮੇਰਾ ਪਤੀ ਦਿੱਲੀ ਦੀ ਇਕ ਕੰਪਨੀ ਵਿਚ ਮੈਨੇਜਰ ਹੈ, ਮੇਰਾ ਵਿਆਹ ਦੋ ਸਾਲ ਪਹਿਲਾਂ ਹੋਇਆ ਸੀ ਪਰ ਵਿਆਹ ਤੋਂ ਮਗਰੋਂ ਹੀ ਮੇਰੇ ਸਹੁਰੇ ਵਾਲੇ 10 ਲੱਖ ਰੁਪਏ ਦਾਜ ਦੀ ਮੰਗ ਕਰਨ ਲੱਗ ਪਏ। ਇਨ੍ਹਾਂ ਲੋਕਾਂ ਨੇ ਤਲਾਕ ਦਾ ਕੇਸ ਕੀਤਾ ਹੈ, ਅਸੀਂ ਵੀ ਕੇਸ ਦਾਇਰ ਕੀਤਾ ਹੈ। ਪਰ ਹੁਣ ਉਹ ਮੈਨੂੰ ਘਰੋਂ ਕੱਢ ਰਹੇ ਹਨ। ਮੇਰਾ ਪਤੀ ਮੇਰਾ ਫੋਨ ਨਹੀਂ ਚੁੱਕਦਾ। ਇਸ ਪੂਰੇ ਮਾਮਲੇ ਸਬੰਧੀ ਥਾਣਾ ਸਿਵਲ ਲਾਈਨ ਦੇ ਇੰਸਪੈਕਟਰ ਯਸਵੰਤ ਸਿੰਘ ਨੇ ਫੋਨ 'ਤੇ ਦੱਸਿਆ ਕਿ ਡਾਇਲ-112 'ਤੇ ਸੂਚਨਾ ਮਿਲਣ ਤੋਂ ਬਾਅਦ ਇਕ ਟੀਮ ਮੌਕੇ 'ਤੇ ਪਹੁੰਚੀ ਸੀ। ਦੋਵਾਂ ਧਿਰਾਂ ਨੂੰ ਸਾਂਤ ਕਰਕੇ ਘਰ ਦੇ ਅੰਦਰ ਭੇਜ ਦਿੱਤਾ ਗਿਆ।

## ਰੰਜਿਸ਼ਨ ਨੌਜਵਾਨ 'ਤੇ ਕਿਰਚ ਨਾਲ ਹਮਲਾ

ਫਿਰੋਜ਼ਪੁਰ 6 ਫਰਵਰੀ। ਰੰਜਿਸ਼ਨ ਇਕ ਨੌਜਵਾਨ 'ਤੇ ਕਿਰਚ ਨਾਲ ਹਮਲਾ ਕਰਨ ਦੇ ਦੋਸ਼ 'ਚ ਥਾਣਾ ਸਿਟੀ ਪੁਲਸ ਨੇ 2 ਮੁਲਜਮਾਂ ਖ?ਿਲਾਫ ਪਰਚਾ ਦਰਜ ਕੀਤਾ ਹੈ। ਮਾਮਲਾ ਮੁਹੱਲਾ ਬੁੱਧਵਾਰਾਂ ਦਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਹਰਪ੍ਰੀਤ ਸਿੰਘ ਵਾਸੀ ਕਸੂਰੀ ਗੇਟ ਨੇ ਦੱਸਿਆ ਕਿ ਉਹ ਬਾਗੀ ਰੋਡ ਸਥਿਤ ਆਪਣੀ ਕੈਫੇਟੇਰੀਆ ਬੰਦ ਕਰਕੇ ਘਰ ਨੂੰ ਪਰਤ ਰਿਹਾ ਸੀ। ਇਸ ਦੌਰਾਨ ਜਦੋਂ ਉਹ ਮੁਹੱਲਾ ਬੁੱਧਵਾਰਾਂ 'ਚ ਪਹੁੰਚਿਆ ਤਾਂ ਗੁਰਮੀਤ ਸਿੰਘ ਤੇ ਉਸਦਾ ਲੜਕੇ ਨਵਦੀਪ ਸਿੰਘ ਨੇ ਉਸ ਨੂੰ ਘੇਰ ਲਿਆ ਅਤੇ ਉਸ 'ਤੇ ਕਿਰਚ ਨਾਲ ਵਾਰ ਕਰਕੇ ਉਸ ਨੂੰ ਜ਼ਖਮੀ ਕਰ ਦਿੱਤਾ। ਏ. ਐੱਸ. ਆਈ. ਰਮਨ ਕੁਮਾਰ ਅਨੁਸਾਰ ਮੁੱਢਲੀ ਜਾਂਚ ਵਿਚ ਪਤਾ ਲੱਗਾ ਹੈ ਕਿ ਉਕਤ ਲੋਕਾਂ ਦਾ ਪਹਿਲਾਂ ਵੀ ਝਗੜਾ ਹੋਇਆ ਸੀ ਅਤੇ ਇਸ ਮਾਮਲੇ ਵਿਚ ਹਰਪ੍ਰੀਤ ਸਿੰਘ ਜ਼ਮਾਨਤ 'ਤੇ ਰਿਹਾਅ ਹੋਇਆ ਸੀ। ਗੁਰਮੀਤ ਸਿੰਘ ਅਤੇ ਨਵਦੀਪ ਸਿੰਘ ਨੇ ਇਸੇ ਗੱਲ ਦੀ ਰੰਜਿਸ਼ ਕਾਰਨ ਹਮਲਾ ਕੀਤਾ ਹੈ ਕਿ ਪੁਰਾਣੇ ਝਗੜੇ ਵਿਚ ਉਹ ਇੰਨੀ ਜਲਦੀ ਜਮਾਨਤ ਕਿਵੇਂ ਕਰਵਾ ਗਿਆ। ਦੋਵਾਂ ਖਿਲਾਫ ਪਰਚਾ ਦਰਜ ਕਰਨ ਤੋਂ ਬਾਅਦ ਉਨ੍ਹਾਂ ਦੀ ਭਾਲ ਜਾਰੀ ਹੈ।

## ਭ੍ਰਿਸ਼ਟਾਚਾਰ ਦੇ ਦੋਸ਼ਾਂ 'ਚ ਨਾਇਬ ਤਹਿਸੀਲਦਾਰ, ਕਾਨੂੰਨਗੋ ਤੇ ਪਟਵਾਰੀ ਨੂੰ 5 ਸਾਲ ਦੀ ਸਜਾ

ਫਾਜ਼ਿਲਕਾ 6 ਫਰਵਰੀ। ਫਾਜ਼ਿਲਕਾ ਦੇ ਐਡੀਸ਼ਨਲ ਸੈਸ਼ਨ ਜੱਜ ਅਜੀਤ ਪਾਲ ਸਿੰਘ ਦੀ ਅਦਾਲਤ ਨੇ ਨਾਇਬ ਤਹਿਸੀਲਦਾਰ ਗੁਰਸੇਵਕ ਸਿੰਘ, ਕਾਨੂੰਨਗੋ ਸੰਤੋਖ ਸਿੰਘ ਅਤੇ ਪਟਵਾਰੀ ਮਨਜੀਤ ਸਿੰਘ ਨੂੰ ਭ੍ਰਿਸ਼ਟਾਚਾਰ ਰੋਕਥਾਮ ਐਕਟ ਅਤੇ ਆਈ. ਪੀ. ਸੀ. ਦੀਆਂ ਧਾਰਾਵਾਂ ਤਹਿਤ 5 ਸਾਲ ਦੀ ਸਖ਼ਤ ਕੈਦ ਅਤੇ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਇਸ ਸਬੰਧ 'ਚ 31 ਅਗਸਤ 2016 ਨੂੰ ਵਿਜੀਲੈਂਸ ਬਿਊਰੋ ਫਿਰੋਜ਼ਪੁਰ ਦੇ ਪੁਲਸ ਸਟੇਸ਼ਨ 'ਚ ਐੱਫ. ਆਈ. ਆਰ. ਨੰਬਰ 12 ਦਰਜ ਕੀਤੀ ਗਈ ਸੀ। ਐੱਫ.



ਆਈ. ਆਰ. 'ਚ ਪਟਵਾਰੀ ਮਨਜੀਤ ਸਿੰਘ 'ਤੇ ਸ਼ਿਕਾਇਤਕਰਤਾ ਤੋਂ ਉਸਦੇ ਪਿਤਾ ਦੀ ਜ਼ਮੀਨ ਦਾ ਇੰਤਕਾਲ ਉਸਦੇ ਹੱਕ 'ਚ ਕਰਨ ਲਈ ਰਿਸ਼ਵਤ ਲੈਣ ਦਾ ਦੋਸ਼ ਲਾਇਆ ਗਿਆ ਸੀ। ਉਸਨੇ ਦੱਸਿਆ ਕਿ ਪਟਵਾਰੀ ਨੇ ਮਾਮਲੇ ਨੂੰ ਲੰਬੇ ਸਮੇਂ ਤੱਕ ਲਟਕਾਈ ਰੱਖਿਆ ਅਤੇ ਸ਼ਿਕਾਇਤਕਰਤਾ ਤੋਂ ਵਾਰ-ਵਾਰ ਰਿਸ਼ਵਤ ਮੰਗੀ। ਸ਼ਿਕਾਇਤਕਰਤਾ ਨੇ ਪਟਵਾਰੀ ਦੀ ਰਿਸ਼ਵਤ ਲੈਂਦੇ ਸਮੇਂ ਦੀ ਵੀਡੀਓ ਕਲਿੱਪ ਵੀ ਬਣਾਈ ਅਤੇ ਵਿਜੀਲੈਂਸ ਬਿਊਰੋ ਦੇ ਟੋਲ ਫ੍ਰੀ ਨੰਬਰ ਰਾਹੀਂ ਇਸ ਸਬੰਧੀ ਸ਼ਿਕਾਇਤ ਦਰਜ ਕਰਵਾਈ। ਸ਼ਿਕਾਇਤ ਦਰਜ ਕਰਨ ਮਗਰੋਂ ਇਹ ਵੀ ਪਾਇਆ ਗਿਆ ਕਿ ਨਾਇਬ ਤਹਿਸੀਲਦਾਰ ਗੁਰਸੇਵਕ ਸਿੰਘ ਅਤੇ ਕਾਨੂੰਨਗੋ ਸੰਤੋਖ ਸਿੰਘ ਨੇ ਪਟਵਾਰੀ ਮਨਜੀਤ ਸਿੰਘ ਨੂੰ ਅਖੌਤੀ ਰੂਪ ਨਾਲ ਬਚਾਉਣ ਲਈ ਕੰਪਿਊਟਰ ਰਿਕਾਰਡ 'ਚ ਜਲਦੀ ਨਾਲ ਇੰਤਕਾਲ ਨੂੰ ਮਨਜ਼ੂਰੀ ਦੇ ਦਿੱਤੀ।

## ਮੰਡਪ ਬਣਿਆ 'ਕਲਾਸ ਰੂਮ' ! ਮਹਿਲਾ ਪ੍ਰੋਫੈਸਰ ਨੇ ਵਿਦਿਆਰਥੀ ਨਾਲ ਹੀ ਕਰਵਾਇਆ ਵਿਆਹ

ਪੱਛਮੀ ਬੰਗਾਲ 6 ਫਰਵਰੀ। ਸੋਸ਼ਲ ਮੀਡੀਆ 'ਤੇ ਅੱਜ-ਕੱਲ ਕਈ ਵੀਡੀਓਜ ਅਤੇ ਤਸਵੀਰਾਂ ਵਾਇਰਲ ਹੁੰਦੀਆਂ ਹਨ, ਜਿਨ੍ਹਾਂ ਨੂੰ ਵੇਖ ਕੇ ਕਈ ਵਾਰ ਹੈਰਾਨੀ ਵੀ ਹੁੰਦੀ ਹੈ। ਅਜਿਹਾ ਹੀ ਇਕ ਹੈਰਾਨ ਕਰ ਦੇਣ ਵਾਲਾ ਮਾਮਲਾ ਪੱਛਮੀ ਬੰਗਾਲ ਦੀ ਮੌਲਾਨਾ ਅਬੁਲ ਕਲਾਮ ਆਜਾਦ ਯੂਨੀਵਰਸਿਟੀ ਆਫ ਤਕਨਾਲੋਜੀ ਤੋਂ ਸਾਹਮਣੇ ਆਇਆ ਹੈ। ਇੱਥੇ ਮਨੋਵਿਗਿਆਨ ਵਿਭਾਗ ਦੀ ਮੁਖੀ ਮਹਿਲਾ ਪ੍ਰੋਫੈਸਰ ਨੇ ਕਲਾਸ ਰੂਮ 'ਚ ਹਿੰਦੂ ਰੀਤੀ-ਰਿਵਾਜਾਂ ਮੁਤਾਬਕ ਪਹਿਲੇ ਸਾਲ ਦੀ ਵਿਦਿਆਰਥੀ ਨਾਲ ਵਿਆਹ ਕਰਵਾ ਲਿਆ। ਇਸ ਵਿਆਹ ਦੀ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਮਾਮਲਾ ਭੱਖ ਗਿਆ ਹੈ। ਵੀਡੀਓ 'ਚ ਮਹਿਲਾ ਪ੍ਰੋਫੈਸਰ ਲਾਲ ਰੰਗ ਦੀ ਕਢਾਈ ਵਾਲੀ ਬਨਾਰਸੀ ਸਾੜ੍ਹੀ 'ਚ ਦੁਲਹਨ ਵਾਂਗ ਸਜੀ ਨਜਰ ਆ ਰਹੀ ਹੈ, ਜਦਕਿ ਵਿਦਿਆਰਥੀ ਨੇ ਵੀ ਰਵਾਇਤੀ ਪਹਿਰਾਵਾ ਪਹਿਨਿਆ ਹੋਇਆ ਹੈ। ਦੋਹਾਂ ਨੇ ਇਕ-ਦੂਜੇ ਨੂੰ ਜੈਮਾਲਾ ਪਹਿਨਾਈ ਅਤੇ ਵਿਦਿਆਰਥੀ ਨੇ ਪ੍ਰੋਫੈਸਰਨੀ ਦੇ ਮੱਥੇ 'ਤੇ ਸਿੰਦੂਰ ਭਰਿਆ। ਕਲਾਸ ਵਿਚ ਮੌਜੂਦ ਵਿਦਿਆਰਥੀਆਂ ਨੇ ਇਸ ਅਨੋਖੇ ਵਿਆਹ ਦਾ ਬਹੁਤ ਉਤਸਾਹ ਨਾਲ ਸਵਾਗਤ ਕੀਤਾ। ਸੋਸਲ ਮੀਡੀਆ 'ਤੇ ਇਹ ਵੀਡੀਓ ਵਾਇਰਲ ਹੁੰਦੇ ਹੀ ਕਈ



ਸਵਾਲ ਉੱਠਣੇ ਸੁਰੂ ਹੋ ਗਏ। ਕਈ ਲੋਕਾਂ ਨੇ ਯੂਨੀਵਰਸਿਟੀ ਕੈਂਪਸ ਵਿਚ ਅਜਿਹੀ ਘਟਨਾ 'ਤੇ ਇਤਰਾਜ ਜਤਾਇਆ ਅਤੇ ਇਸ ਨੂੰ ਅਨੁਸਾਸਨਹੀਣਤਾ ਕਰਾਰ ਦਿੱਤਾ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਯੂਨੀਵਰਸਿਟੀ ਪ੍ਰਸਾਸਨ ਨੇ ਤੁਰੰਤ ਕਾਰਵਾਈ ਕਰਦੇ ਹੋਏ ਤਿੰਨ ਮੈਂਬਰੀ ਜਾਂਚ ਕਮੇਟੀ ਦਾ ਗਠਨ ਕੀਤਾ ਹੈ। ਯੂਨੀਵਰਸਿਟੀ ਦੇ ਕਾਰਜਕਾਰੀ ਉਪ ਕੁਲਪਤੀ ਤਪਸ ਚੱਕਰਵਰਤੀ ਨੇ ਕਿਹਾ ਕਿ ਇਹ ਘਟਨਾ ਵਿਦਿਆਰਥੀਆਂ ਅਤੇ ਯੂਨੀਵਰਸਿਟੀ ਦੇ ਅਕਸ ਨੂੰ ਪ੍ਰਭਾਵਿਤ ਕਰ ਸਕਦੀ ਹੈ, ਇਸ ਲਈ ਸਹੀ ਜਾਂਚ ਜਰੂਰੀ ਹੈ। ਵਿਵਾਦ ਵਧਦੇ ਹੀ ਮਹਿਲਾ ਪ੍ਰੋਫੈਸਰ ਨੇ ਸਪੱਸਟ ਕੀਤਾ ਕਿ ਇਹ ਵਿਆਹ ਅਸਲੀ ਨਹੀਂ ਸੀ, ਸਗੋਂ ਇਹ ਉਸ ਦੀ ਜਮਾਤ ਦਾ ਸਾਈਕੋ-ਡਰਾਮਾ ਪ੍ਰਦਰਸਨ ਸੀ। ਉਨ੍ਹਾਂ ਸਪੱਸਟ ਕੀਤਾ ਕਿ ਇਸ ਪ੍ਰਦਰਸਨ ਦਾ ਉਦੇਸ ਮਨੋਵਿਗਿਆਨ ਦੇ ਕੋਰਸ ਦੇ ਵਿਹਾਰਕ ਪਹਿਲੂ ਨੂੰ ਸਮਝਾਉਣਾ ਸੀ ਅਤੇ ਇਸ ਦਾ ਕੋਈ ਅਨੈਤਿਕ ਮਕਸਦ ਨਹੀਂ ਸੀ। ਮਹਿਲਾ ਪ੍ਰੋਫੈਸਰ ਦਾ ਦਾਅਵਾ ਹੈ ਕਿ ਵੀਡੀਓ ਸਿਰਫ ਅਕਾਦਮਿਕ ਉਦੇਸਾਂ ਲਈ ਸੀ ਪਰ ਇਸ ਨੂੰ ਗਲਤ ਤਰੀਕੇ ਨਾਲ ਜਨਤਕ ਕਰ ਦਿੱਤਾ ਗਿਆ ਜਿਸ ਨਾਲ ਉਸ ਦਾ ਅਤੇ ਵਿਭਾਗ ਦਾ ਅਕਸ ਖਰਾਬ ਹੋਇਆ। ਪ੍ਰੋਫੈਸਰ ਦਾ ਦਾਅਵਾ ਹੈ ਕਿ ਵੀਡੀਓ ਸਿਰਫ ਅੰਦਰੂਨੀ ਅਕਾਦਮਿਕ ਉਦੇਸਾਂ ਲਈ ਸੀ, ਪਰ ਇਸ ਨੂੰ ਗਲਤ ਤਰੀਕੇ ਨਾਲ ਜਨਤਕ ਕੀਤਾ ਗਿਆ ਸੀ, ਜਿਸ ਨਾਲ ਉਸ ਦਾ ਅਤੇ ਵਿਭਾਗ ਦਾ ਅਕਸ ਖਰਾਬ ਹੋਇਆ ਸੀ।

### 2 ਟਰੱਕਾਂ ਦੀ ਆਪਸੀ ਟੱਕਰ ਤੋਂ ਬਾਅਦ ਲੱਗੀ ਅੱਗ

ਹਮੀਰਪੁਰ 6 ਫਰਵਰੀ। ਉੱਤਰ ਪ੍ਰਦੇਸ਼ ਦੇ ਹਮੀਰਪੁਰ ਜ਼ਿਲ੍ਹੇ 'ਚ 2 ਟਰੱਕਾਂ ਦੀ ਆਹਮੋ-ਸਾਹਮਣੇ ਟੱਕਰ ਤੋਂ ਬਾਅਦ ਲੱਗੀ ਅੱਗ 'ਚ ਤਿੰਨ ਲੋਕ ਜਿਊਂਦੇ ਸੜ ਗਏ ਅਤੇ ਇੰਨੇ ਹੀ ਗੰਭੀਰ ਜ਼ਖਮੀ ਹੋ ਗਏ। ਪੁਲਸ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਇਹ ਘਟਨਾ ਸੋਮਵਾਰ ਰਾਤ ਨੂੰ ਕਾਨਪੁਰ-ਸਾਗਰ ਹਾਈਵੇਅ 'ਤੇ ਚਿਰਕਾ ਪਿੰਡ ਨੇੜੇ ਵਾਪਰੀ ਜਦੋਂ ਕਬਰਾਈ ਤੋਂ ਬੈਲਾਸਟ ਲੈ ਕੇ ਜਾ ਰਿਹਾ ਇਕ ਟਰੱਕ ਸਾਹਮਣੇ ਤੋਂ ਆ ਰਹੇ ਦੂਜੇ ਟਰੱਕ ਨਾਲ ਟਕਰਾ ਗਿਆ। ਪੁਲਸ ਸਰਕਲ ਅਫਸਰ ਵਿਨੀਤਾ ਪਹਿਲ ਨੇ ਦੱਸਿਆ ਕਿ ਟੱਕਰ ਕਾਰਨ ਦੋਵੇਂ ਟਰੱਕਾਂ ਨੂੰ ਅੱਗ ਲੱਗ ਗਈ ਜਿਸ ਕਾਰਨ ਤਿੰਨ ਲੋਕ ਜਿਊਂਦੇ ਸੜ ਗਏ। ਤਿੰਨ ਹੋਰ ਗੰਭੀਰ ਜ਼ਖਮੀ ਹੋ ਗਏ ਅਤੇ ਉਨ੍ਹਾਂ ਨੂੰ ਮੌਦਹਾ ਕਮਿਊਨਿਟੀ ਹੈਲਥ ਸੈਂਟਰ 'ਚ ਦਾਖਲ ਕਰਵਾਇਆ ਗਿਆ।

## ਪੰਜਾਬ 'ਚ ਬਦਲੇਗਾ ਮੌਸਮ, 5 ਫਰਵਰੀ ਤੱਕ ਮੌਸਮ ਵਿਭਾਗ ਨੇ ਕਰ 'ਤੀ ਵੱਡੀ ਭਵਿੱਖਬਾਣੀ

ਜਲੰਧਰ 6 ਫਰਵਰੀ। ਪੰਜਾਬ ਵਿਚ ਇਕ ਵਾਰ ਫਿਰ ਤੋਂ ਮੌਸਮ ਵਿਚ ਤਬਦੀਲੀ ਆਉਣ ਵਾਲੀ ਹੈ। ਮੌਸਮ ਵਿਭਾਗ ਅਨੁਸਾਰ ਇਕ ਪਾਸੇ ਪੰਜਾਬ 'ਚ ਮੀਂਹ ਪੈਣ ਦੀ ਸੰਭਾਵਨਾ ਹੈ, ਉੱਥੇ ਹੀ ਦੂਜੇ ਪਾਸੇ ਘੱਟੋ-ਘੱਟ ਤਾਪਮਾਨ ਵਿੱਚ ਥੋੜ੍ਹਾ ਜਿਹਾ ਵਾਧਾ ਵੇਖਿਆ ਜਾ ਸਕਦਾ ਹੈ। ਮੌਸਮ ਵਿਭਾਗ ਅਨੁਸਾਰ ਸੁੱਕਰਵਾਰ ਤੋਂ ਇਕ ਨਵੀਂ ਪੱਛਮੀ ਗੜਬੜੀ ਸਰਗਰਮ ਹੋਣ ਜਾ ਰਹੀ ਹੈ। ਉਥੇ ਹੀ ਮੌਸਮ ਵਿਭਾਗ ਵੱਲੋਂ ਸਨੀਵਾਰ ਤੋਂ ਅਗਲੇ 5 ਦਿਨਾਂ ਤੱਕ ਪੰਜਾਬ ਵਿੱਚ ਧੁੰਦ ਜਾਂ ਸੀਤ ਲਹਿਰ ਸਬੰਧੀ ਕੋਈ ਅਲਰਟ ਜਾਰੀ ਨਹੀਂ ਕੀਤਾ ਹੈ। 29 ਜਨਵਰੀ ਨੂੰ ਸਰਗਰਮ ਹੋਈ ਪੱਛਮੀ ਗੜਬੜੀ ਕਾਰਨ 5 ਫਰਵਰੀ ਨੂੰ ਪੰਜਾਬ ਵਿੱਚ ਮੀਂਹ ਪੈਣ ਦੀ ਸੰਭਾਵਨਾ ਹੈ। ਉਥੇ ਹੀ 5 ਫਰਵਰੀ ਨੂੰ ਇਕ ਨਵੀਂ ਪੱਛਮੀ ਗੜਬੜ ਸਰਗਰਮ ਹੋਵੇਗੀ। ਇਸ ਦੇ ਨਾਲ ਹੀ 4 ਜਨਵਰੀ ਨੂੰ ਪੱਛਮੀ ਗੜਬੜੀ ਦੇ ਸਰਗਰਮ ਹੋਣ ਦੀ ਸੰਭਾਵਨਾ ਹੈ। ਮੌਸਮ ਵਿੱਚ ਇਸ ਬਦਲਾਅ ਕਰਕੇ ਪੰਜਾਬ ਵਿੱਚ 5 ਫਰਵਰੀ ਤੋਂ 4



ਜਨਵਰੀ ਤੱਕ ਮੀਂਹ ਪੈਣ ਦੀ ਸੰਭਾਵਨਾ ਹੈ। ਮੌਸਮ ਵਿਗਿਆਨ ਕੇਂਦਰ ਚੰਡੀਗੜ੍ਹ ਮੁਤਾਬਕ ਕੱਲ੍ਹ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਹੁਸ਼ਿਆਰਪੁਰ, ਨਵਾਂਸ਼ਹਿਰ, ਕਪੂਰਥਲਾ, ਜਲੰਧਰ, ਮੋਗਾ, ਲੁਧਿਆਣਾ, ਬਰਨਾਲਾ, ਮਾਨਸਾ, ਸੰਗਰੂਰ, ਮਾਲੇਰਕੋਟਲਾ, ਫਤਹਿਗੜ੍ਹ ਸਾਹਿਬ, ਰੂਪਨਗਰ ਤੇ ਪਟਿਆਲਾ ਵਿਚ ਬਾਰਿਸ਼ ਪੈਣ ਦੀ ਸੰਭਾਵਨਾ ਹੈ। ਹਾਲਾਂਕਿ ਐੱਸ. ਏ. ਐੱਸ. ਨਗਰ, ਬਠਿੰਡਾ, ਮੁਕਤਸਰ, ਫਰੀਦਕੋਟ, ਫਾਜ?ਿਲਕਾ ਤੇ ਫਿਰੋਜਪੁਰ ਵਿਚ ਕੱਲ੍ਹ ਨੂੰ ਮੀਂਹ ਪੈਣ ਦੀ ਸੰਭਾਵਨਾ ਨਹੀਂ ਹੈ ਪਰ ਆਉਣ ਵਾਲੇ ਕੁਝ ਦਿਨ ਇੱਥੇ ਵੀ ਬਾਰਿਸ਼ ਦਾ ਅਸਰ ਵੇਖਣ ਨੂੰ ਮਿਲੇਗਾ।

## ਸਿਲੰਡਰ ਨਾਲ ਲੱਦੇ ਟਰੱਕ ਦੀ ਡੰਪਰ ਨਾਲ ਭਿਆਨਕ ਟੱਕਰ, 3 ਲੋਕਾਂ ਦੀ ਮੌਤ

ਫਰੂਖਾਬਾਦ 6 ਫਰਵਰੀ। ਉੱਤਰ ਪ੍ਰਦੇਸ ਦੇ ਫਰੂਖਾਬਾਦ ਜ?ਿਲ੍ਹੇ ਦੇ ਮੁਹੰਮਦਾਬਾਦ ਇਲਾਕੇ 'ਚ ਵੀਰਵਾਰ ਨੂੰ ਗੈਸ ਸਿਲੰਡਰਾਂ ਨਾਲ ਭਰੇ ਟਰੱਕ ਅਤੇ ਸਾਹਮਣੇ ਤੋਂ ਆ ਰਹੇ ਡੰਪਰ ਦੀ ਜਬਰਦਸਤ ਟੱਕਰ 'ਚ ਤਿੰਨ ਲੋਕਾਂ ਦੀ ਮੌਤ ਹੋ ਗਈ। ਇਸ ਹਾਦਸੇ ਵਿਚ 4 ਹੋਰ ਲੋਕ ਜਖਮੀ ਹੋ ਗਏ। ਪੁਲਸ ਸੂਤਰਾਂ ਨੇ ਦੱਸਿਆ ਕਿ ਮੁਹੰਮਦਾਬਾਦ ਕੋਤਵਾਲੀ ਖੇਤਰ ਦੇ ਪਿੰਡ ਕੁਮਹੌਲੀ ਨੇੜੇ ਸਵੇਰੇ 7 ਵਜੇ ਦੇ ਕਰੀਬ ਗੈਸ ਸਿਲੰਡਰਾਂ ਨਾਲ ਭਰੇ ਟਰੱਕ ਅਤੇ ਬੋਹੋਰੀਕਪੁਰ ਤੋਂ ਆ ਰਹੇ ਡੰਪਰ ਵਿਚਾਲੇ ਆਹਮੋ-ਸਾਹਮਣੇ ਟੱਕਰ ਹੋ ਗਈ।




ਪੁਲਸ ਨੇ ਦੱਸਿਆ ਕਿ ਇਸ ਭਿਆਨਕ ਟੱਕਰ 'ਚ ਟਰੱਕ ਡਰਾਈਵਰ ਅਭਿਮਨਿਊ (42), ਡੰਪਰ ਚਾਲਕ ਰਾਹੁਲ (40) ਅਤੇ ਰਾਮਕਿਸੋਰ (55) ਨਾਂ ਦੇ ਇਕ ਹੋਰ ਵਿਅਕਤੀ ਦੀ ਮੌਤ ਹੋ ਗਈ। ਸੂਤਰਾਂ ਨੇ ਦੱਸਿਆ ਕਿ ਇਸ ਘਟਨਾ 'ਚ 4 ਹੋਰ ਲੋਕ ਵੀ ਜਖਮੀ ਹੋਏ ਹਨ। ਉਨ੍ਹਾਂ ਨੂੰ ਸਥਾਨਕ ਹਸਪਤਾਲ 'ਚ ਦਾਖਲ ਕਰਵਾਇਆ ਗਿਆ, ਜਿੱਥੋਂ ਦੋ ਦੀ ਨਾਜ਼ੁਕ ਹਾਲਤ ਨੂੰ ਦੇਖਦੇ ਹੋਏ ਲੋਹੀਆ ਹਸਪਤਾਲ ਰੈਫਰ ਕਰ ਦਿੱਤਾ ਗਿਆ। ਪੁਲਸ ਨੇ ਲਾਸਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ।

## ਅਲਵਰ ਜਿਲ੍ਹੇ 'ਚ ਵੱਖ-ਵੱਖ ਹਾਦਸਿਆਂ 'ਚ ਚਾਰ ਲੋਕਾਂ ਦੀ ਮੌਤ

ਅਲਵਰ 6 ਫਰਵਰੀ। ਰਾਜਸਥਾਨ ਦੇ ਅਲਵਰ ਜ?ਿਲ੍ਹੇ ਵਿੱਚ ਪਿਛਲੇ 24 ਘੰਟਿਆਂ ਦੌਰਾਨ ਵੱਖ-ਵੱਖ ਹਾਦਸਿਆਂ ਵਿੱਚ ਚਾਰ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਦੋ ਜਖਮੀ ਹੋ ਗਏ। ਪੁਲਸ ਦੇ ਅਨੁਸਾਰ, ਤਾਮਿਲਨਾਡੂ ਦੇ ਰਹਿਣ ਵਾਲੇ 60 ਸਾਲਾ ਡੈਨੀਅਲ ਦੀ ਅੱਜ ਵੈਸਾਲੀ ਨਗਰ ਥਾਣੇ ਅਧੀਨ ਆਉਂਦੇ ਸੂਰਿਆ ਨਗਰ ਮੋੜ 'ਤੇ ਰੋਡਵੇਜ ਬੱਸ ਦੀ ਟੱਕਰ ਨਾਲ ਮੌਤ ਹੋ ਗਈ। ਮ੍ਰਿਤਕ ਡੈਨੀਅਲ ਸਵੇਰ ਦੀ ਸੈਰ ਲਈ ਆਪਣੇ ਘਰੋਂ ਨਿਕਲਿਆ ਸੀ ਪਰ ਵਾਪਸ ਨਹੀਂ ਆਇਆ। ਜਦੋਂ ਉਸਦੀ ਭਾਲ ਕੀਤੀ ਗਈ ਤਾਂ ਪਤਾ ਲੱਗਾ ਕਿ ਉਸ ਨਾਲ ਸੂਰਿਆ ਨਗਰ ਮੋੜ 'ਤੇ ਹਾਦਸਾ ਹੋਇਆ ਸੀ। ਇਸ ਤੋਂ ਬਾਅਦ, ਉਸਨੂੰ ਜਨਰਲ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਡੈਨੀਅਲ ਨੂੰ ਮ੍ਰਿਤਕ ਐਲਾਨ ਦਿੱਤਾ। ਅਲਵਰ ਸਹਿਰ ਉਦਯੋਗ ਨਗਰ ਪੁਲਸ ਸਟੇਸਨ ਅਧੀਨ ਇੱਕ ਉਦਯੋਗਿਕ ਇਕਾਈ ਵਿੱਚ ਫੈਬਰੀਕੇਟਰ ਵਜੋਂ ਕੰਮ ਕਰਨ ਵਾਲੇ 39 ਸਾਲਾ ਮਿਠਨ ਲਾਲ ਦੀ ਬੁੱਧਵਾਰ ਸਾਮ ਨੂੰ ਫੈਕਟਰੀ ਵਿੱਚ ਕੰਮ ਕਰਦੇ ਸਮੇਂ ਦੋ ਮੰਜ?ਿਲਾ ਛੱਤ ਤੋਂ ਡਿੱਗਣ ਨਾਲ ਮੌਤ ਹੋ ਗਈ। ਪੁਲਸ ਨੇ ਪੋਸਟਮਾਰਟਮ ਕਰਵਾ ਕੇ ਲਾਸ ਪਰਿਵਾਰ ਨੂੰ ਸੌਂਪ ਦਿੱਤੀ। ਜ?ਿਲ੍ਹੇ ਦੇ ਰਾਜਗੜ੍ਹ-ਬੰਦੀਕੁਈ ਮੈਗਾ ਹਾਈਵੇਅ ਰੋਡ 'ਤੇ ਸਥਿਤ ਗੋਠ ਕੀ ਚੌਕੀ ਨੇੜੇ ਇੱਕ ਕਾਰ ਅਤੇ ਦੋ ਮੋਟਰਸਾਈਕਲਾਂ ਵਿਚਕਾਰ ਹੋਈ ਟੱਕਰ ਵਿੱਚ ਇੱਕ ਨੌਜਵਾਨ ਦੀ ਮੌਤ ਹੋ ਗਈ ਅਤੇ ਇੱਕ ਹੋਰ ਮੋਟਰਸਾਈਕਲ 'ਤੇ ਸਵਾਰ ਦੋ ਵਿਅਕਤੀ ਜਖਮੀ ਹੋ ਗਏ। ਪੁਲਸ ਐਂਬੂਲੈਂਸ ਦੀ ਮਦਦ ਨਾਲ ਜਖਮੀਆਂ ਨੂੰ ਰਾਜਗੜ੍ਹ ਸੀਐੱਚਸੀ ਲੈ ਗਈ। ਮ੍ਰਿਤਕ ਨੇਤਰਾਮ ਮੀਣਾ ਦੀ ਲਾਸ ਨੂੰ ਪੋਸਟਮਾਰਟਮ ਲਈ ਰਾਜਗੜ੍ਹ ਸੀਐੱਚਸੀ ਦੇ ਮੁਰਦਾਘਰ ਵਿੱਚ ਰੱਖਿਆ ਗਿਆ



ਸੀ। ਇਸੇ ਤਰ੍ਹਾਂ, ਜ?ਿਲ੍ਹੇ ਦੇ ਰਾਜਗੜ੍ਹ ਪੰਚਾਇਤ ਸੰਮਤੀ ਖੇਤਰ ਦੇ ਸਲੋਲੀ ਪਿੰਡ ਉਸਦੀ ਭਾਲ ਕੀਤੀ ਗਈ ਤਾਂ ਪਤਾ ਲੱਗਾ ਕਿ ਉਸ ਨਾਲ ਸੂਰਿਆ ਨਗਰ ਮੋੜ 'ਤੇ ਹਾਦਸਾ ਹੋਇਆ ਸੀ। ਇਸ ਤੋਂ ਬਾਅਦ, ਉਸਨੂੰ ਜਨਰਲ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਡੈਨੀਅਲ ਨੂੰ ਮ੍ਰਿਤਕ ਐਲਾਨ ਦਿੱਤਾ। ਅਲਵਰ ਸਹਿਰ ਉਦਯੋਗ ਨਗਰ ਪੁਲਸ ਸਟੇਸਨ ਅਧੀਨ ਇੱਕਵਿੱਚ ਬੁੱਧਵਾਰ ਦੇਰ ਰਾਤ ਖੇਤੀਬਾੜੀ ਦਾ ਕੰਮ ਕਰਦੇ ਸਮੇਂ ਕਰੰਟ ਲੱਗਣ ਨਾਲ ਇੱਕ 17 ਸਾਲਾ ਲੜਕਾ ਕੇਸਵ ਜੰਗੀੜ ਗੰਭੀਰ ਜਖਮੀ ਹੋ ਗਿਆ। ਸੂਚਨਾ ਮਿਲਣ 'ਤੇ ਪਰਿਵਾਰ ਬੱਚੇ ਨੂੰ ਰਾਜਗੜ੍ਹ ਹਸਪਤਾਲ ਲੈ ਆਇਆ। ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ।

### ਸ਼ੇਅਰ ਬਾਜ਼ਾਰ 'ਚ ਬਹਾਰ : ਸੈਂਸੈਕਸ 1350 ਤੋਂ ਵੱਧ ਅੰਕ ਚੜ੍ਹਿ ਆ

ਮੁੰਬਈ 6 ਫਰਵਰੀ। ਲੰਬੇ ਸਮੇਂ ਤੋਂ ਬਾਅਦ ਮੰਗਲਵਾਰ ਨੂੰ ਘਰੇਲੂ ਸ਼ੇਅਰ ਬਾਜ਼ਾਰ 'ਚ ਜ਼ਬਰਦਸਤ ਕਾਰੋਬਾਰੀ ਸੈਸ਼ਨ ਦੇਖਣ ਨੂੰ ਮਿਲਿਆ। 2 ਦਿਨ ਦੀ ਗਿਰਾਵਟ ਤੋਂ ਬਾਅਦ ਦਿਨ ਭਰ ਚੰਗਾ ਵਾਧਾ ਦਿਖਾਉਣ ਤੋਂ ਬਾਅਦ ਬਾਜ਼ਾਰ 'ਚ ਭਾਰੀ ਵਾਧਾ ਦਰਜ ਕੀਤਾ ਗਿਆ। ਸੈਂਸੈਕਸ ਅੱਜ ਭਾਵ 5 ਫਰਵਰੀ ਨੂੰ 1397.07 ਅੰਕ ਭਾਵ 1.81% ਦੇ ਵਾਧੇ ਨਾਲ 78,583.81 ਦੇ ਪੱਧਰ 'ਤੇ ਬੰਦ ਹੋਇਆ ਹੈ। ਇਸ ਦੇ ਨਾਲ ਹੀ ਸੈਂਸੈਕਸ ਦੇ 25 ਸਟਾਕ ਵਾਧੇ ਨਾਲ ਅਤੇ 6 ਸਟਾਕ ਗਿਰਾਵਟ ਨਾਲ ਕਾਰੋਬਾਰ ਕਰਦੇ ਦੇਖੇ ਗਏ। ਦੂਜੇ ਪਾਸੇ ਨਿਫਟੀ ਵੀ 378.20 ਅੰਕ ਭਾਵ 1.62% ਦੇ ਵਾਧੇ ਨਾਲ 23,739.25 ਦੇ ਪੱਧਰ 'ਤੇ ਬੰਦ ਹੋਇਆ ਹੈ। ਨਿਫਟੀ 50 ਦੇ 39 ਸਟਾਕ ਵਾਧੇ ਨਾਲ ਅਤੇ 12 ਸਟਾਕ ਗਿਰਾਵਟ ਨਾਲ ਕਾਰੋਬਾਰ ਕਰਦੇ ਦੇਖੇ ਗਏ। ਐਨਐਸਈ ਸੈਕਟਰਲ ਇੰਡੈਕਸ ਵਿਚ ਸਾਰੇ ਸੈਕਟਰ ਵਾਧੇ ਨਾਲ ਵਪਾਰ ਕਰ ਰਹੇ ਹਨ। ਆਟੋ ਸੈਕਟਰ ਸਭ ਤੋਂ ਵੱਧ 1.20% ਵਧਿਆ ਹੈ। ਬੈਂਕ ਨਿਫਟੀ 947 ਅੰਕਾਂ ਦੀ ਛਾਲ ਨਾਲ 50,157 'ਤੇ ਬੰਦ ਹੋਇਆ। ਨਿਫਟੀ ਮਿਡਕੈਪ 800 ਅੰਕਾਂ ਦੇ ਵਾਧੇ ਨਾਲ 53,785 ਦੇ ਪੱਧਰ 'ਤੇ ਬੰਦ ਹੋਇਆ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਨਸ਼ੇੜੀ ਪਤੀ ਵਲੋਂ ਕੰਧ ‘ਚ ਸਿਰ ਮਾਰ ਪਤਨੀ ਦਾ ਕਤਲ, 8 ਸਾਲ ਪਹਿਲਾਂ ਕਰਵਾਇਆ ਸੀ ਪ੍ਰੇਮ ਵਿਆਹ

ਬਿਜਨੌਰ 6 ਫਰਵਰੀ। ਉੱਤਰ ਪ੍ਰਦੇਸ ਦੇ ਬਿਜਨੌਰ ਜਿ਼ਲ੍ਹੇ ਦੇ ਇੱਕ ਪਿੰਡ ਵਿੱਚ ਕਥਿਤ ਤੌਰ ‘ਤੇ ਸਰਾਬ ਦੇ ਨਸੇ ਵਿੱਚ ਇੱਕ ਪਤੀ ਵਲੋਂ ਆਪਣੀ ਪਤਨੀ ਦਾ ਸਿਰ ਕੰਧ ਵਿਚ ਮਾਰ ਦੇਣ ਦੀ ਸੂਚਨਾ ਮਿਲੀ ਹੈ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਇਸ ਵਾਰਦਾਤ ਦੀ ਜਾਣਕਾਰੀ ਇੱਕ ਪੁਲਸ ਅਧਿਕਾਰੀ ਵਲੋਂ ਬੁੱਧਵਾਰ ਨੂੰ ਦਿੱਤੀ ਗਈ ਹੈ। ਅਧਿਕਾਰੀ ਨੇ ਦੱਸਿਆ ਕਿ



ਦੋਸੀ ਪਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਪੁਲਸ ਸਰਕਲ ਅਫਸਰ ਭਰਤ ਸੋਨਕਰ ਨੇ ਦੱਸਿਆ ਕਿ ਮਿਲਕ ਕੱਦੂਸ ਪਿੰਡ ਵਿੱਚ ਗਜਰਾਜ ਨਾਮ ਦੇ ਇੱਕ ਵਿਅਕਤੀ ਨੇ ਸਰਾਬ ਦੇ ਨਸੇ ਵਿੱਚ ਆਪਣੀ ਪਤਨੀ ਰਿੰਕੀ (32) ਦਾ ਸਿਰ ਕੰਧ ਨਾਲ ਮਾਰ ਦਿੱਤਾ, ਜਿਸ ਕਾਰਨ ਉਸਦੀ ਮੌਕੇ ‘ਤੇ ਹੀ ਮੌਤ ਹੋ ਗਈ। ਅਧਿਕਾਰੀ ਨੇ ਦੱਸਿਆ ਕਿ ਦੋਵਾਂ ਦਾ ਅੱਠ ਸਾਲ ਪਹਿਲਾਂ ਪ੍ਰੇਮ ਵਿਆਹ ਹੋਇਆ ਸੀ ਅਤੇ ਗਜਰਾਜ ਸਰਾਬ ਪੀਣ ਦਾ ਆਦੀ ਸੀ। ਸ਼ਰਾਬ ਪੀਣ ਕਰਕੇ ਉਹਨਾਂ ਦੋਵਾਂ ਵਿਚਕਾਰ ਅਕਸਰ ਲੜਾਈ-ਝਗੜਾ ਹੁੰਦਾ ਰਹਿੰਦਾ ਸੀ। ਪੁਲਸ ਨੇ ਮ੍ਰਿਤਕ ਔਰਤ ਦੀ ਲਾਸ ਨੂੰ ਕਬਜੇ ਵਿਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਅਤੇ ਇਸ ਮਾਮਲੇ ਦੀ ਜਾਂਚ ਕਰਨੀ ਸ਼ੁਰੂ ਕਰ ਦਿੱਤੀ।

# 100 ਬਰਾਤੀ ਲੈ ਕੇ ਪੁੱਜਿਆ ਲਾੜਾ, ਨਾ ਲਾੜੀ ਮਿਲੀ ਨਾ ਉਸ ਦਾ ਘਰ, ਹੈਰਾਨ ਕਰਨ ਵਾਲਾ ਹੈ

ਊਨਾ 6 ਫਰਵਰੀ। ਵਿਆਹ ਦਾ ਇਕ ਅਜਬ-ਗਜਬ ਮਾਮਲਾ ਸਾਹਮਣੇ ਆਇਆ ਹੈ। ਲਾੜਾ 100 ਬਰਾਤੀਆਂ ਨੂੰ ਲੈ ਕੇ ਲਾੜੀ ਲੈਣ ਪਹੁੰਚਿਆ ਪਰ ਉਸ ਨੂੰ ਬਿਨਾਂ ਲਾੜੀ ਦੇ ਹੀ ਵਾਪਸ ਆਉਣਾ ਪਿਆ। ਦਰਅਸਲ ਇਹ ਮਾਮਲਾ ਹਿਮਾਚਲ ਪ੍ਰਦੇਸ਼ ਦੇ ਊਨਾ ‘ਚ ਸਾਹਮਣੇ ਆਇਆ ਹੈ। ਇੱਥੇ ਦੇ ਨਾਰੀ ਚਲੋਲਾ ਪਿੰਡ ਤੋਂ ਮੰਗਲਵਾਰ ਸਵੇਰੇ ਬਰਾਤ ਹਰੋਲੀ ਦੇ ਸਿੰਗਾ ਪਿੰਡ ਲਈ ਗਈ ਪਰ ਬਰਾਤੀਆਂ ਨੂੰ ਲਾੜੀ ਤਾਂ ਦੂਰ ਉਸ ਦਾ ਘਰ ਵੀ ਨਹੀਂ ਮਿਲਿਆ। ਇਸ ਕਾਰਨ ਬਰਾਤ ਨੂੰ ਬਿਨਾਂ ਲਾੜੀ ਦੇ ਵਾਪਸ ਆਉਣਾ ਪਿਆ। ਊਨਾ ਜਿ਼ਲ੍ਹੇ ਦੇ ਨਾਰੀ ਚਲੋਲਾ ਪਿੰਡ ਦੇ ਰਮਨ ਕੁਮਾਰ ਦਾ ਵਿਆਹ ਸਿੰਗਾ ਪਿੰਡ ‘ਚ ਤੈਅ ਹੋਇਆ ਸੀ। ਵਿਆਹ ਤੋਂ ਪਹਿਲੇ ਸਾਰੀਆਂ ਰਸਮਾਂ ਆਨਲਾਈਨ ਹੋਈਆਂ ਸਨ। ਫੋਨ ‘ਤੇ ਹੀ ਫੋਟੋ ਦਿਖਾਈ ਗਈ। ਮੰਗਲਵਾਰ ਨੂੰ 100 ਬਰਾਤੀਆਂ ਨਾਲ ਸਿੰਗਾ ਪਿੰਡ ਪੁੱਜੇ ਰਮਨ ਨੂੰ ਬਿਨਾਂ ਲਾੜੀ ਦੇ ਪਰਤਣਾ ਪਿਆ। ਜਿਸ ਨਾਲ ਵਿਆਹ ਤੈਅ ਹੋਇਆ ਸੀ ਉਸ ਨਾਂ ਦੀ ਕੁੜੀ ਤਾਂ ਪਿੰਡ ‘ਚ ਸੀ ਹੀ ਨਹੀਂ, ਨਾ ਹੀ ਕਿਸੇ ਘਰ ‘ਚ ਵਿਆਹ ਸੀ। ਰਿਸ਼ਤੇਦਾਸ ਲੱਗਣ ਵਾਲੀ ਵਿਚੋਲਣ ‘ਤੇ ਧੋਖਾਧੜੀ ਦਾ ਦੋਸ਼ ਲਗਾਇਆ ਗਿਆ। ਮੁੰਡੇ ਦੇ ਪਿਤਾ ਅਸ਼ਵਨੀ ਕੁਮਾਰ ਦਾ ਦੋਸ਼ ਹੈ ਕਿ ਔਰਤ ਨੇ ਲਾੜੀ ਦੇ ਗਹਿਣੇ ਬਣਵਾਉਣ ਦੇ ਨਾਂ ‘ਤੇ ਉਨ੍ਹਾਂ ਤੋਂ ਇਕ ਲੱਖ ਰੁਪਏ ਲਏ



ਸਨ। ਪਹਿਲੇ ਦੇ ਵੀ 36 ਹਜਾਰ ਰੁਪਏ ਉਧਾਰ ਲਏ ਸਨ। ਵਿਆਹ ਦੀਆਂ ਤਿਆਰੀਆਂ ‘ਚ ਉਨ੍ਹਾਂ ਦੇ 7 ਲੱਖ ਤੋਂ ਜਿ਼ਆਦਾ ਲੱਗ ਚੁੱਕੇ ਹਨ। ਉੱਥੇ ਹੀ ਦੋਸ਼ੀ ਔਰਤ ਨੇ ਪੁਲਸ ਨੂੰ ਕਿਹਾ ਕਿ ਪਿੰਡ ਵਾਲਿਆਂ ਨੇ ਮੇਰੇ ਪਰਿਵਾਰ ਨੂੰ ਬੰਧਕ ਬਣਾ ਕੇ ਰੱਖਿਆ ਹੈ। ਊਨਾ ਦੇ ਨਾਰੀ ਪਿੰਡ ਦਾ 32 ਸਾਲਾ ਰਮਨ ਕੁਮਾਰ ਗਰਿੱਲ ਬਣਾਉਣ ਦਾ ਕੰਮ ਕਰਦਾ ਹੈ। ਪਿੰਡ ਦੀ ਹੀ ਰਹਿਣ ਵਾਲੀ ਸੁਮਨ ਰਮਨ ਦੇ ਸਕੇ ਚਾਚੇ ਦੀ ਨੂੰਹ ਹੈ ਅਤੇ ਰਿਸ਼ਤੇ ‘ਚ ਭਰਜਾਈ ਲੱਗਦੀ ਹੈ। ਸੁਮਨ ਨੇ ਰਮਨ ਨੂੰ ਕਿਹਾ ਕਿ ਉਹ ਉਸ ਲਈ ਰਿਸ਼ਤਾ ਸਿੰਗਾ ਪਿੰਡ ‘ਚ ਪੱਕਾ ਕਰ ਦੇਵੇਗੀ। ਫੋਨ ‘ਤੇ ਕੁੜੀ ਦੀ ਫੋਟੋ ਦਿਖਾਈ ਗਈ। ਸ਼ਗਨ ਸਮੇਤ ਸਾਰੀਆਂ ਰਸਮਾਂ ਆਨਲਾਈਨ ਕੀਤੀਆਂ ਗਈਆਂ। ਠੀਕ ਇਕ ਹਫਤੇ ਬਾਅਦ ਯਾਨੀ 28 ਜਨਵਰੀ ਨੂੰ ਵਿਆਹ ਦਾ ਦਿਨ ਤੈਅ ਕਰ ਦਿੱਤਾ ਗਿਆ। 28 ਜਨਵਰੀ ਨੂੰ ਲਾੜਾ ਰਮਨ ਬੈਂਡ ਬਾਜੇ ਅਤੇ 100 ਬਰਾਤੀਆਂ ਨਾਲ ਸਿੰਗਾ ਪਿੰਡ ਪਹੁੰਚਿਆ। ਉੱਥੇ ਜਾ ਕੇ ਦੇਖਿਆ ਤਾਂ ਬਰਾਤੀਆਂ ਨੂੰ ਕੁੜੀ ਦਾ ਘਰ ਲੱਭੇ ਨਹੀਂ ਮਿਲਿਆ। ਵਿਆਹ ਤੈਅ ਕਰਵਾਉਣ ਵਾਲੀ ਸੁਮਨ ਨੇ ਮੁੰਡੇ ਦੇ ਪਰਿਵਾਰ ਵਾਲਿਆਂ ਨੂੰ ਕਿਹਾ ਕਿ ਪਿੰਡ ‘ਚ ਕਿਸੇ ਦੀ ਮੌਤ ਹੋ ਗਈ ਹੈ। ਇਸ ਲਈ ਵਿਆਹ ਦਾ ਸਾਰਾ ਬੰਦੋਬਸਤ ਦੂਜੀ ਗ੍ਰਾ ਹੋਇਆ ਹੈ। ਉੱਥੇ ਵਿਆਹ ਦਾ ਟੈਂਟ ਲੱਗਾ ਹੈ, ਖਾਣ-ਪੀਣ ਦੀ ਵਿਵਸਥਾ ਵੀ ਉੱਥੇ ਹੀ ਹੈ। ਪੂਰਾ ਪਿੰਡ ਘੁੰਮਣ ‘ਤੇ ਵੀ ਕਿਤੇ ਹੋਰ ਟੈਂਟ ਲੱਗਾ ਨਹੀਂ ਦਿੱਸਿਆ ਤਾਂ ਸੁਮਨ ਨੇ ਕਿਹਾ ਕਿ ਕੁੜੀ ਨੇ ਜਹਿਰ ਖਾ ਲਿਆ ਹੈ।

## ਹਮੀਰਪੁਰ ’ਚ 2 ਟਰੱਕਾਂ ਦੀ ਆਹਮੋ-ਸਾਹਮਣੀ ਟੱਕਰ ’ਚ ਲੱਗੀ ਅੱਗ

ਨੈਸ਼ਨਲ ਡੈਸਕ 6 ਫਰਵਰੀ। ਉੱਤਰ ਪ੍ਰਦੇਸ਼ ’ਚ ਹਮੀਰਪੁਰ ਜ਼ਿਲ੍ਹੇ ਦੇ ਮੌਦਹਾ ਇਲਾਕੇ ’ਚ ਸੋਮਵਾਰ ਦੇਰ ਰਾਤ 2 ਟਰੱਕਾਂ ਦੀ ਆਹਮੋ-ਸਾਹਮਣੀ ਹੋਈ ਟੱਕਰ ਤੋਂ ਬਾਅਦ ਅੱਗ ਦੀ ਲਪੇਟ ਵਿਚ ਆਉਣ ਨਾਲ ਦੋਵੇਂ ਟਰੱਕਾਂ ਦੇ ਚਾਲਕਾਂ ਸਮੇਤ 3 ਲੋਕਾਂ ਦੀ ਜ਼ਿੰਦਾ ਸੜਣ ਕਾਰਨ ਮੌਤ ਹੋ ਗਈ। ਪੁਲਸ ਸੂਤਰਾਂ ਨੇ ਦੱਸਿਆ ਕਿ ਇਕ ਟਰੱਕ ਮਹੋਬਾ ਜ਼ਿਲ੍ਹੇ ਦੇ ਕਬਰਈ ਤੋਂ ਗਿੱਟੀ ਲੱਦ ਕੇ ਲਖਨਊ ਜਾ ਰਿਹਾ ਸੀ, ਜਦਕਿ ਦੂਜਾ ਟਰੱਕ ਗਿੱਟੀ ਭਰ ਕੇ ਕਾਨਪੁਰ ਤੋਂ ਕਬਰਈ ਜਾ ਰਿਹਾ ਸੀ। ਮੌਦਹਾ ਇਲਾਕੇ ਦੇ ਪਿੰਡ ਪਰਛਾ ਨੇੜੇ ਦੋਵੇਂ ਟਰੱਕਾਂ ਦੀ ਟੱਕਰ ਹੋ ਗਈ। ਇਸ ਹਾਦਸੇ ’ਚ ਡਰਾਈਵਰ ਪੰਕਜ (28) ਵਾਸੀ ਸ਼ਿਰਾਤਲੀ ਜ਼ਿਲ੍ਹਾ ਸੀਤਾਪੁਰ ਅਤੇ ਦੂਜੇ ਟਰੱਕ ਦਾ ਡਰਾਈਵਰ ਕੁਵਰ ਸਿੰਘ (22) ਪਿੰਡ ਉਲਰਾਪੁਰ ਥਾਣਾ ਹਸਨਗੰਜ ਉਨਾਓ ਦੀ ਮੌਕੇ ’ਤੇ ਹੀ ਮੌਤ ਹੋ ਗਈ, ਜਦਕਿ ਦੂਜੇ ਟਰੱਕ ਦੇ ਕਲੀਨਰ ਕਪਿਲ (22) ਦੀ ਜ਼ਿਲ੍ਹਾ ਹਸਪਤਾਲ ਵਿਚ ਇਲਾਜ ਦੌਰਾਨ ਮੌਤ ਹੋ ਗਈ। ਇਸ ਹਾਦਸੇ ਵਿੱਚ ਖਲਾਸੀ ਅਨਿਲ ਪਿੰਡ ਸਿਧੌਲੀ ਸੀਤਾਪੁਰ ਅਤੇ ਵਿਕਾਸ ਵਾਸੀ ਉਨਾਓ ਗੰਭੀਰ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਸੀ. ਐੱਚ. ਸੀ. ਮੌਦਹਾ ਵਿਖੇ ਦਾਖਲ ਕਰਵਾਇਆ ਗਿਆ ਹੈ। ਫਾਇਰ ਬ੍ਰਿਗੇਡ ਦੀ ਮਦਦ ਨਾਲ ਦੋਵੇਂ ਟਰੱਕਾਂ ਦੀ ਅੱਗ ’ਤੇ ਕਾਬੂ ਪਾ ਲਿਆ ਗਿਆ ਹੈ। ਹਾਲਾਂਕਿ ਹਾਦਸੇ ਕਾਰਨ ਕਾਨਪੁਰ ਮਹੋਬਾ ਰੋਡ ’ਤੇ ਕਾਫੀ ਦੇਰ ਤੱਕ ਜਾਮ ਲੱਗ ਗਿਆ।

# ਜੌਨ ਮਰਫੀ ਦੀ ਭਾਰਤ ‘ਚ ਕੋਕਾ-ਕੋਲਾ ਨੂੰ ਅੱਗੇ ਵਧਾਉਣ ਦੀ ਯੋਜਨਾ

ਨੈਸਨਲ ਡੈਸਕ 6 ਫਰਵਰੀ। ਕੋਕਾ-ਕੋਲਾ ਕੰਪਨੀ ਦੇ ਪ੍ਰਧਾਨ ਜੌਨ ਮਰਫੀ ਨੇ ਇਕ ਕਾਨਫਰੰਸ ‘ਚ ਕਿਹਾ ਕਿ ਉਨ੍ਹਾਂ ਦੀ ਭਾਰਤ ਵਿਚ ਕੋਕਾ-ਕੋਲਾ ਦਾ ਵਿਸਥਾਰ ਕਰਨ ਦੀ ਯੋਜਨਾ ਹੈ। ਉਨ੍ਹਾਂ ਕਿਹਾ ਕਿ ਕੋਕਾ-ਕੋਲਾ ਭਾਰਤ ‘ਚ ਪੇਂਡੂ ਬਾਜਾਰਾਂ ‘ਚ ਵਿਸਥਾਰ ਕਰਨ ਲਈ ਵਚਨਬੱਧ ਹੈ ਅਤੇ ਉਸ ਦਾ ਮੰਨਣਾ ਹੈ ਕਿ ਸਹਿਰੀ ਖੇਤਰਾਂ ‘ਚ ਖਪਤ ‘ਚ ਆਈ ਗਿਰਾਵਟ ਅਸਥਾਈ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਇਹ ਇਕ ਅਸਥਾਈ ਘਟਨਾ ਹੈ ਜੋ ਲੰਬੇ ਸਮੇਂ ਤੱਕ ਨਹੀਂ ਰਹੇਗੀ। ਉਨ੍ਹਾਂ ਨੇ ਅੱਗੇ ਕਿਹਾ ਕਿ ਕੰਪਨੀ ਨੂੰ ਚੌਕਸ ਰਹਿਣਾ ਹੋਵੇਗਾ ਅਤੇ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਉਹ ਜਿੱਤਣ ਲਈ ਲੋੜੀਂਦੀਆਂ ਸਮਰੱਥਾਵਾਂ ਵਿਚ ਨਿਵੇਸ ਕਰ ਰਹੀ ਹੈ। ਜੌਨ ਮਰਫੀ ਨੇ ਕਿਹਾ ਕਿ ਭਾਰਤ ਦੇ ਦਿਹਾਤੀ ਬਾਜਾਰਾਂ ‘ਚ ਵਿਕਾਸ ਦੀਆਂ ਵੱਡੀਆਂ ਸੰਭਾਵਨਾਵਾਂ ਹਨ। ਕੋਕਾ-ਕੋਲਾ ਇਨ੍ਹਾਂ ਬਾਜਾਰਾਂ ‘ਚ ਆਪਣੀ ਸਥਿਤੀ ਨੂੰ ਹੋਰ ਮਜਬੂਤ ਕਰਨ ਦੀ ਕੋਸਸਿ਼ਸ ਕਰੇਗੀ। ਉਨ੍ਹਾਂ



ਕਿਹਾ ਕਿ ਦਿਹਾਤੀ ਖੇਤਰਾਂ ‘ਚ ਵੱਡੇ ਬ੍ਰਾਂਡਾਂ ਲਈ ਤੇਜੀ ਨਾਲ ਵਿਸਥਾਰ ਕਰਨ ਦੇ ਮੌਕੇ ਹਨ। ਖਾਸ ਤੌਰ ‘ਤੇ 10 ਰੁਪਏ ਦੀ ਕੀਮਤ ਪੁਆਇੰਟ ਬਹੁਤ ਮਹੱਤਵਪੂਰਨ ਹੈ ਅਤੇ ਇਹ ਕੋਕਾ-ਕੋਲਾ ਲਈ ਫੋਕਸਡ ਰਣਨੀਤੀ ਦਾ ਹਿੱਸਾ ਹੈ। ਇਸ ਤੋਂ ਇਲਾਵਾ ਉਤਪਾਦ ਨੂੰ ਸਹੀ ਵਿਕਰੀ ਬਿੰਦੂਆਂ ਤੱਕ ਪਹੁੰਚਾਉਣਾ ਵੀ ਇਕ ਮਹੱਤਵਪੂਰਨ ਖੇਤਰ ਹੈ, ਜਿੱਥੇ ਕੰਪਨੀ ਨੇ ਪਿਛਲੇ ਕੁਝ ਸਾਲਾਂ ਵਿਚ ਬਹੁਤ ਤਰੱਕੀ ਕੀਤੀ ਹੈ। ਭਾਰਤ ‘ਚ ਸਥਾਨਕ ਖਿਡਾਰੀਆਂ ਦੇ ਵਧਦੇ ਮੁਕਾਬਲੇ ਬਾਰੇ ਗੱਲ ਕਰਦੇ ਹੋਏ ਮਰਫੀ ਨੇ ਕਿਹਾ ਕਿ ਇਹ ਚੁਣੌਤੀਪੂਰਨ ਹੈ ਪਰ ਕੋਕਾ-ਕੋਲਾ ਕੋਲ ਮੁਕਾਬਲਾ ਕਰਨ ਲਈ ਸਪੱਸਟ ਰਣਨੀਤੀ ਹੈ। ਉਸ ਨੇ ਇਹ ਵੀ ਕਿਹਾ ਕਿ ਭਾਰਤ ‘ਚ ਵਪਾਰਕ ਪੀਣ ਵਾਲੇ ਪਦਾਰਥਾਂ ਦੀ ਖਪਤ ਅਜੇ ਵੀ ਮੁਕਾਬਲਤਨ ਘੱਟ ਹੈ ਪਰ ਦੇਸ ਦੀ ਨੌਜਵਾਨ ਆਬਾਦੀ ਦੇ ਕਾਰਨ ਉਦਯੋਗ ਲਈ ਵਿਕਾਸ ਦੀਆਂ ਸੰਭਾਵਨਾਵਾਂ ਬਹੁਤ ਸਕਾਰਾਤਮਕ ਹਨ। ਸਹਿਰੀਕਰਨ ਅਤੇ ਡਿਜੀਟਲੀਕਰਨ ਨਿੱਜੀ ਖਪਤ ਖਰਚਿਆਂ ਨੂੰ ਵਧਾ ਰਹੇ ਹਨ, ਜਿਸ ਨਾਲ ਉਦਯੋਗ ਨੂੰ ਫਾਇਦਾ ਹੋ ਰਿਹਾ ਹੈ।

## ਰੱਬ ਦਾ ਕਹਿਰ, ਵਿਆਹ ਕਰਵਾ ਕੇ ਕੈਨੇਡਾ ਗਏ ਮੁੰਡੇ ਨਾਲ ਇਹ ਕੀ ਭਾਣਾ ਵਾਪਰ ਗਿਆ

ਫਰੀਦਕੋਟ 6 ਫਰਵਰੀ। ਜ਼ਿਲ੍ਹੇ ਦੇ ਪਿੰਡ ਮੜਾਕ ਦੇ ਵਸਨੀਕ ਨੌਜਵਾਨ ਦੀ ਕੈਨੇਡਾ ਵਿਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਹੈ। ਜਾਣਕਾਰੀ ਮੁਤਾਬਕ 29 ਸਾਲਾ ਸੁਖਪ੍ਰੀਤ ਸਿੰਘ ਮੁਹਾਰ ਉਰਫ਼ ਨਿੱਕਾ ਪੁੱਤਰ ਸਿਕੰਦਰ ਸਿੰਘ ਬੀਤੀ 18 ਜੂਨ 2024 ਨੂੰ ਰੁਜ਼ਗਾਰ ਦੀ ਭਾਲ ਵਿਚ ਕੈਨੇਡਾ ਗਿਆ ਸੀ। ਉਹ ਉੱਥੇ ਐਡਮਿੰਟਨ ਵਿਚ ਰਹਿ ਰਿਹਾ ਸੀ। ਸੁਖਪ੍ਰੀਤ ਸਿੰਘ ਦਾ ਦੋ ਸਾਲ ਪਹਿਲਾਂ ਪਵਨਪ੍ਰੀਤ ਕੌਰ ਨਾਲ ਵਿਆਹ ਹੋਇਆ ਸੀ ਜੋ ਕੈਨੇਡਾ ਦੀ ਪੱਕੀ ਵਸਨੀਕ ਹੈ। ਸੁਖਪ੍ਰੀਤ ਸਿੰਘ ਦੇ ਪਰਿਵਾਰ ਵਿਚ ਉਸਦੇ ਮਾਤਾ-ਪਿਤਾ ਤੋਂ ਇਲਾਵਾ ਇਕ ਵੱਡਾ ਭਰਾ ਹਰਪ੍ਰੀਤ ਸਿੰਘ ਹੈ। ਸੀਨੀਅਰ ਕਾਂਗਰਸੀ ਆਗੂ ਅਤੇ ਮਾਰਕੀਟ ਕਮੇਟੀ ਜੈਤੋ ਦੇ ਸਾਬਕਾ ਚੇਅਰਮੈਨ ਸਿਕੰਦਰ ਸਿੰਘ ਮੜਾਕ ਸਣੇ ਸੁਖਪ੍ਰੀਤ ਸਿੰਘ ਦੇ ਪਰਿਵਾਰ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਦੇ ਪੁੱਤਰ ਦੀ ਦੇਹ ਨੂੰ ਭਾਰਤ ਲਿਆਉਣ ’ਚ ਮਦਦ ਕੀਤੀ ਜਾਵੇ। ਮ੍ਰਿਤਕ ਸੁਖਪ੍ਰੀਤ ਸਿੰਘ ਦੀ ਪਤਨੀ ਪਵਨਪ੍ਰੀਤ ਕੌਰ ਪੀ.ਆਰ. ਕੈਨੇਡਾ ਵਿਖੇ ਸਨ। ਪਿੰਡ ਵਾਸੀਆਂ ਨੇ ਦੱਸਿਆ ਕਿ ਮ੍ਰਿਤਕ ਸੁਖਪ੍ਰੀਤ ਸਿੰਘ ਦੇ ਘਰ ਦੀ ਸਥਿਤੀ ਆਰਥਿਕ ਤੌਰ ’ਤੇ ਬਹੁਤੀ ਠੀਕ ਨਹੀਂ ਹੈ ਅਤੇ ਭਾਰਤ ਸਰਕਾਰ ਤੋਂ ਉਹ ਮੰਗ ਕਰਦੇ ਹਨ ਕਿ ਮ੍ਰਿਤਕ ਸੁਖਪ੍ਰੀਤ ਸਿੰਘ ਦੀ ਡੈੱਡ ਬਾਡੀ ਨੂੰ ਭਾਰਤ ਲਿਆਉਣ ਲਈ ਮਦਦ ਕੀਤੀ ਜਾਵੇ ਤਾਂ ਜੋ ਪਰਿਵਾਰ ਆਪਣੇ ਨੌਜਵਾਨ ਪੁੱਤ ਦੀ ਆਖਰੀ ਰਸਮਾਂ ਕਰ ਸਕਣ।

# ਖੂੰਖਾਰ ਕੁੱਤਿਆਂ ਨੇ ਬੁਰੀ ਤਰ੍ਹਾਂ ਵੱਢਿਆ ਮਾਸੂਮ, ਰੌਲਾ ਪਾਉਣ ‘ਤੇ ਇਕੱਠੇ ਹੋਏ ਲੋਕ

ਅਬੋਹਰ 6 ਫਰਵਰੀ। ਅਬੋਹਰ ਨੇੜੇ ਕਿੱਲਿਆਂਵਾਲੀ ਰੇਲਵੇ ਕੁਆਰਟਰਾਂ ’ਚ ਰਹਿਣ ਵਾਲੇ ਇਕ ਪਰਿਵਾਰ ਦੇ ਮਾਸੂਮ ਬੱਚੇ ਨੂੰ ਅੱਜ ਦੋ ਖੂੰਖਾਰ ਕੁੱਤਿਆਂ ਨੇ ਬੁਰੀ ਤਰ੍ਹਾਂ ਵੱਢ ਲਿਆ। ਇਸ ਕਾਰਨ ਉਹ ਜ਼ਖਮੀ ਹੋ ਗਿਆ ਅਤੇ ਉਸ ਨੂੰ ਤੁਰੰਤ ਸਰਕਾਰੀ ਹਸਪਤਾਲ ’ਚ ਦਾਖਲ ਕਰਵਾਇਆ ਗਿਆ ਪਰ ਹਾਲਤ ਜ਼ਿਆਦਾ ਗੰਭੀਰ ਹੋਣ ਕਰ ਕੇ ਉਸ ਨੂੰ ਮੁੱਢਲੀ ਸਹਾਇਤਾ ਤੋਂ ਬਾਅਦ ਰੈਫਰ ਕਰ ਦਿੱਤਾ ਗਿਆ। ਬੱਚੇ ’ਤੇ




ਕੁੱਤਿਆਂ ਨੇ ਉਸ ਸਮੇਂ ਹਮਲਾ ਕੀਤਾ, ਜਦੋਂ ਉਹ ਆਪਣੇ ਵੱਡੇ ਭਰਾ ਨੂੰ ਦੇਖਣ ਲਈ ਬਾਹਰ ਗਿਆ ਸੀ। ਜਾਣਕਾਰੀ ਅਨੁਸਾਰ 5 ਸਾਲਾ ਪ੍ਰਸ਼ਾਂਤ ਦੇ ਦਾਦਾ ਬਾਬੂ ਲਾਲ ਨੇ ਦੱਸਿਆ ਕਿ ਪ੍ਰਸ਼ਾਂਤ ਦਾ ਵੱਡਾ ਭਰਾ ਪਿੰਡ ਦੇ ਸਕੂਲ ’ਚ ਪੜ੍ਹਦਾ ਹੈ ਅਤੇ ਦੁਪਹਿਰ ਨੂੰ ਸਕੂਲ ’ਚ ਛੁੱਟੀ ਹੋਣ ਕਾਰਨ ਪ੍ਰਸ਼ਾਂਤ ਉਸ ਨੂੰ ਘਰੋਂ ਬਾਹਰ ਦੇਖਣ ਗਿਆ ਕਿ ਉਸਦੀ ਸਕੂਲੀ ਵੈਨ ਆਈ ਜਾਂ ਨਹੀਂ। ਇਸ ਦੌਰਾਨ ਗਲੀ ’ਚ ਘੁੰਮ ਰਹੇ ਦੋ ਖੂੰਖਾਰ ਕੁੱਤਿਆਂ ਨੇ ਉਸ ’ਤੇ ਹਮਲਾ ਕਰ ਦਿੱਤਾ ਅਤੇ ਉਸਨੂੰ ਬੁਰੀ ਤਰ੍ਹਾਂ ਵੱਢਣਾ ਸ਼ੁਰੂ ਕਰ ਦਿੱਤਾ ਅਤੇ ਉਸਦੀਆਂ ਦੋਵੇਂ ਲੱਤਾਂ ਨੂੰ ਵੱਢ ਲਿਆ। ਉਸ ਦੀਆਂ ਚੀਕਾਂ ਸੁਣ ਕੇ ਆਸ-ਪਾਸ ਦੇ ਲੋਕਾਂ ਨੇ ਉਸ ਨੂੰ ਕੁੱਤਿਆਂ ਤੋਂ ਛੁਡਾਇਆ। ਇਸ ਦੌਰਾਨ ਰੌਲਾ ਸੁਣ ਕੇ ਉਹ ਵੀ ਉੱਥੇ ਪਹੁੰਚ ਗਏ ਅਤੇ ਉਸਨੂੰ ਤੁਰੰਤ ਹਸਪਤਾਲ ’ਚ ਦਾਖਲ ਕਰਵਾਇਆ। ਡਾ. ਵਾਣੀ ਅਤੇ ਸਰਜਨ ਡਾ. ਗਗਨਦੀਪ ਸਿੰਘ ਨੇ ਦੱਸਿਆ ਕਿ ਬੱਚੇ ਦੀਆਂ ਦੋਵੇਂ ਲੱਤਾਂ ਬੁਰੀ ਤਰ੍ਹਾਂ ਨੋਚੀਆਂ ਹੋਈਆਂ ਸਨ, ਜਿਸ ’ਤੇ ਦਰਜਨਾਂ ਟਾਂਕੇ ਲਾਏ ਗਏ ਹਨ ਪਰ ਜ਼ਿਆਦਾ ਨੋਚਣ ਕਾਰਨ ਉਸ ਨੂੰ ਮੁੱਢਲੀ ਸਹਾਇਤਾ ਤੋਂ ਬਾਅਦ ਫਰੀਦਕੋਟ ਰੈਫਰ ਕਰ ਦਿੱਤਾ ਗਿਆ।

## ਮੈਰਿਜ ਪੈਲੇਸ ’ਚੋਂ ਪਰਸ ਚੋਰੀ ਕਰਨ ਵਾਲਾ ਕਾਬੂ

ਮੋਗਾ 6 ਫਰਵਰੀ। ਥਾਣਾ ਕੋਟ ਈਸੇ ਖਾਂ ਦੀ ਮੁੱਖ ਅਫਸਰ ਸੁਨੀਤਾ ਰਾਣੀ ਬਾਵਾ ਨੇ ਦੱਸਿਆ ਕਿ ਕੋਟ ਈਸੇ ਖਾਂ ਦੇ ਸ਼ੁਭਮਿਲਨ ਪੈਲੇਸ ਵਿਚੋਂ ਇਕ ਔਰਤ ਦਾ ਪਰਸ ਚੁੱਕ ਕੇ ਲਿਜਾਣ ਵਾਲੇ ਵਿਅਕਤੀ ਨੂੰ ਕਾਬੂ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸੁਖਦੇਵ ਖਾਨ ਨਿਵਾਸੀ ਮੋਗਾ ਨੇ ਪੁਲਸ ਨੂੰ ਦਿੱਤੇ ਸ਼ਿਕਾਇਤ ਪੱਤਰ ਵਿਚ ਕਿਹਾ ਕਿ 27 ਜਨਵਰੀ ਨੂੰ ਜਦੋਂ ਉਹ ਸ਼ੁਭਮਿਲਨ



ਪੈਲੇਸ ਵਿਚ ਵਿਆਹ ਦੇ ਸਮਾਗਮ ਵਿਚ ਗਏ ਸੀ ਤਾਂ ਉਸ ਦੀ ਭਰਜਾਈ ਦਾ ਪਰਸ ਜਿਸ ਵਿਚ 1500 ਰੁਪਏ ਸਨ ਕਥਿਤ ਮੁਲਜ਼ਮ ਅਨੀਕੇਸ ਨਿਵਾਸੀ ਮੱਧ ਪ੍ਰਦੇਸ਼ ਹਾਲ ਰੇਲਵੇ ਸਟੇਸ਼ਨ ਲੁਧਿਆਣਾ ਪਰਸ ਚੁੱਕ ਕੇ ਲੈ ਗਿਆ, ਜਿਸ ਦੀ ਅਸੀਂ ਬਹੁਤ ਤਲਾਸ਼ ਕੀਤੀ। ਥਾਣਾ ਮੁਖੀ ਨੇ ਦੱਸਿਆ ਕਿ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਸਹਾਇਕ ਥਾਣੇਦਾਰ ਚਰਨਜੀਤ ਸਿੰਘ ਵੱਲੋਂ ਕਥਿਤ ਮੁਲਜ਼ਮ ਨੂੰ ਜਾ ਦਬੋਚਿਆ ਅਤੇ ਉਸ ਦੇ ਕੋਲੋਂ ਨਗਦੀ ਵੀ ਬਰਾਮਦ ਕਰ ਲਈ, ਜਿਸ ਦੇ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ, ਜਿਸ ਨੂੰ ਪੁੱਛਗਿੱਛ ਤੋਂ ਬਾਅਦ ਮਾਣਯੋਗ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ।

## ਬੰਦ ਦੌਰਾਨ ਮੋਗਾ ਵਿਚ ਦੇਖੋ ਕੀ ਬਣੇ ਹਾਲਾਤ, ਬਾਜਾਰ ਕਰਵਾਏ ਗਏ ਬੰਦ

ਮੋਗਾ 6 ਫਰਵਰੀ। ਹੈਰੀਟੇਜ ਸਟਰੀਟ ਵਿੱਚ ਸਥਾਪਿਤ ਡਾਕਟਰ ਭੀਮ ਰਾਓ ਅੰਬੇਡਕਰ ਦੇ ਬੁੱਤ ਦੀ ਬੀਤੇ ਕੱਲ੍ਹ ਭੰਨ-ਤੋੜ ਕਰਨ ਦੀ ਕੋਸ਼ਿਸ਼ ਦੇ ਰੋਸ ਵਜੋਂ ਅੱਜ ਦਲਿਤ ਭਾਈਚਾਰੇ ਵੱਲੋਂ ਮੋਗਾ ਨੂੰ ਪੂਰਨ ਤੌਰ ‘ਤੇ ਬੰਦ ਕਰਨ ਦਾ ਐਲਾਨ ਕੀਤਾ ਗਿਆ ਸੀ। ਇਸ ਦੇ ਚੱਲਦੇ ਮੋਗਾ ਲਗਭਗ ਬੰਦ ਰਿਹਾ। ਦਲਿਤ ਭਾਈਚਾਰੇ ਦੇ ਲੋਕਾਂ ਨੇ ਬਾਜਾਰ ਵਿਚ ਜਾ ਕੇ ਦੁਕਾਨਾਂ ਬੰਦ



ਕਰਵਾਈਆਂ। ਉਥੇ ਹੀ ਜਾਣਕਾਰੀ ਦਿੰਦੇ ਹੋਏ ਦਲਿਤ ਆਗੂਆਂ ਨੇ ਕਿਹਾ ਕਿ 26 ਜਨਵਰੀ ਨੂੰ ਜੋ ਮੰਦਭਾਗੀ ਘਟਨਾ ਵਾਪਰੀ ਹੈ ਜਿਸ ਦੇ ਚੱਲਦੇ ਅੰਮ੍ਰਿਤਸਰ ਵਿਚ ਬਾਬਾ ਸਾਹਿਬ ਦੀ ਮੂਰਤੀ ਨੂੰ ਤੋੜਨ ਦੀ ਕੋਸਸਿ਼ਸ ਕੀਤੀ ਗਈ। ਇਸ ਵਿਚ ਜਿਨ੍ਹਾਂ ਸਰਾਰਤੀ ਅਨਸਰਾਂ ਨੇ ਸਰਾਰਤ ਕੀਤੀ ਹੈ, ਉਨ੍ਹਾਂ ਖਿ਼ਲਾਫ ਬਾਰੀਕੀ ਨਾਲ ਜਾਂਚ ਕੀਤੀ ਜਾਵੇ ਅਤੇ ਉਨ੍ਹਾਂ ‘ਤੇ ਸਖਤ ਕਾਰਵਾਈ ਕੀਤੀ ਜਾਵੇ। ਇਸ ਘਟਨਾ ਦੇ ਵਿਰੋਧ ਵਿਚ ਅੱਜ ਅਸੀਂ ਮੋਗਾ ਵਿਚ ਬੰਦ ਦੀ ਕਾਲ ਦਿੱਤੀ ਸੀ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ ਆਉਣ ਵਾਲੇ ਸਮੇਂ ਵਿਚ ਮੁਲਜਮਾਂ ਖਿ਼ਲਾਫ ਸਖਤ ਕਾਰਵਾਈ ਨਾ ਕੀਤੀ ਗਈ ਤਾਂ ਸੰਘਰਸ ਹੋਰ ਤੇਜ ਕੀਤਾ ਜਾਵੇਗਾ।

## ਹਥਿਆਰ ਦਿਖਾ ਕੇ ਕੁੜੀ ਤੋਂ ਲੁੱਟਿਆ ਮੋਬਾਈਲ

ਲੁਧਿਆਣਾ 6 ਫਰਵਰੀ। ਥਾਣਾ ਸਲੇਮ ਟਾਬਰੀ ਦੀ ਪੁਲਸ ਨੇ ਕੁੜੀ ਨੂੰ ਹਥਿਆਰ ਦਿਖਾ ਕੇ ਉਸ ਤੋਂ ਮੋਬਾਈਲ ਲੁੱਟਣ ਵਾਲੇ ਮੁਲਜਮ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਥਾਣੇਦਾਰ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਪੀੜਤ ਕੁੜੀ ਨੇ ਸ਼ਿਕਾਇਤ ਦਰਜ ਕਰਵਾਈ ਕਿ ਉਹ ਜਲੰਧਰ ਬਾਈਪਾਸ ਨੇੜੇ ਆਪਣੇ ਘਰ ਪੈਦਲ ਜਾ ਰਹੀ ਸੀ। ਇਸੇ ਦੌਰਾਨ ਮਗਰੋਂ ਇਕ ਐਕਟਿਵਾ ਸਵਾਰ ਨੌਜਵਾਨ ਆਇਆ, ਜਿਸ ਨੇ ਦਾਤਰ ਦਿਖਾ ਕੇ ਉਸ ਦਾ ਮੋਬਾਈਲ ਖੋਹ ਲਿਆ ਤੇ ਫਰਾਰ ਹੋ ਗਿਆ। ਇਸ ਮਗਰੋਂ ਪੁਲਸ ਨੇ ਉਕਤ ਮਾਮਲੇ ‘ਤੇ ਕਾਰਵਾਈ ਕਰਦਿਆਂ ਮੋਬਾਈਲ ਲੁੱਟਣ ਵਾਲੇ ਮੁਲਜਮ ਸਾਜਨ ਪੁੱਤਰ ਨਰੇਸ਼ ਕੁਮਾਰ ਵਾਸੀ ਸੰਤੋਖ ਨਗਰ ਸ਼ਿਵਪੁਰੀ ਨੂੰ 2 ਚੋਰੀ ਦੇ ਮੋਬਾਈਲ ਐਕਟਿਵਾ ਸਮੇਤ ਗ੍ਰਿਫਤਾਰ ਕਰ ਕੇ ਮੁਲਜਮ ਦੇ ਖਿ਼ਲਾਫ ਮਾਮਲਾ ਦਰਜ ਕਰ ਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਹੱਥ-ਪੈਰ ਹੋ ਜਾਂਦੇ ਹਨ ਸੁੰਨ, ਇਸ ਗੰਭੀਰ ਬੀਮਾਰੀ ਕਾਰਨ ਮਚੀ ਹਾਹਾਕਾਰ

ਪੁਣੇ 6 ਫਰਵਰੀ। ਮਹਾਰਾਸ਼ਟਰ ਦੇ ਪੁਣੇ ਵਿਚ ‘ਗੁਇਲੇਨ-ਬੈਰੇ ਸਿੰਡਰੋਮ’ () ਬੀਮਾਰੀ ਨਾਲ ਹਾਹਾਕਾਰ ਮਚ ਗਈ ਹੈ। ਇਸ ਦੁਰਲੱਭ ਬੀਮਾਰੀ ਤੋਂ ਪੀੜਤ 16 ਮਰੀਜ ਇਸ ਸਮੇਂ ਵੈਂਟੀਲੇਟਰ ਸਪੋਰਟ ‘ਤੇ ਹਨ। ਮਾਮਲਿਆਂ ਦੀ ਗਿਣਤੀ 100 ਦੇ ਅੰਕੜੇ ਨੂੰ ਪਾਰ ਕਰ ਗਈ ਹੈ। ‘ਗੁਇਲੇਨ-ਬੈਰੇ ਸਿੰਡਰੋਮ’ ਨਾਲ ਇਕ ਮਰੀਜ ਦੀ ਮੌਤ ਵੀ ਹੋ ਚੁੱਕੀ ਹੈ। ਇਕ ਚਾਰਟਰਡ ਅਕਾਊਂਟੈਂਟ () ਦੀ ਮੌਤ ਹੋ ਗਈ ਹੈ। ਦਰਅਸਲ ਕੁਝ ਦਿਨ ਪਹਿਲਾਂ ਸੋਲਾਪੁਰ ਜਿ਼ਲ੍ਹੇ ਵਿਚ ਆਪਣੇ ਪਿੰਡ ਗਿਆ ਸੀ, ਤਾਂ ਉਸ ਨੂੰ ਦਸਤ ਦੀ ਸ਼ਿਕਾਇਤ ਹੋਈ ਸੀ। ਕਮਜੋਰੀ ਵੱਧਣ ਕਾਰਨ ਸੋਲਾਪੁਰ ਦੇ ਪ੍ਰਾਈਵੇਟ ਹਸਪਤਾਲ ਪਹੁੰਚਿਆ ਤਾਂ ਦਾ ਪਤਾ ਲੱਗਾ। ਸ਼ਨੀਵਾਰ ਨੂੰ ਸਿਹਤ ਸਥਿਰ ਹੋਣ ‘ਤੇ ਤੋਂ ਨੂੰ ਬਾਹਰ ਕੱਢਿਆ ਗਿਆ ਪਰ ਕੁਝ ਹੀ ਦੇਰ ਬਾਅਦ ਸਾਹ ਲੈਣ ਵਿਚ ਦਿੱਕਤ ਹੋਣ ਕਾਰਨ ਉਸ ਦੀ ਮੌਤ ਹੋ ਗਈ। ਪੁਣੇ ਵਿਚ ਹੁਣ ਤੱਕ 101 ਮਾਮਲੇ ਇਸ ਬੀਮਾਰੀ ਦੇ ਆ ਚੁੱਕੇ ਹਨ, ਜਿਨ੍ਹਾਂ ਵਿਚ 16 ਮਰੀਜ ਵੈਂਟੀਲੇਟਰ ‘ਤੇ ਹਨ। ਕੇਂਦਰ ਨੇ ਜਾਂਚ ਲਈ ਇਕ ਟੀਮ ਪੁਣੇ ਭੇਜੀ ਹੈ। ਡਿਪਟੀ ਸੀ. ਐੱਮ. ਅਜਿਤ ਪਵਾਰ ਨੇ ਐਤਵਾਰ ਨੂੰ ਕਿਹਾ ਸੀ ਕਿ ਪੁਣੇ ਨਗਰ ਨਿਗਮ ਦੇ ਕਮਲਾ ਨਹਿਰੂ ਹਸਪਤਾਲ ਵਿਚ ਦੇ ਮਰੀਜਾਂ ਦਾ ਮੁਫਤ ਇਲਾਜ ਹੋਵੇਗਾ। ਸੂਬੇ ਦੇ ਸਿਹਤ ਵਿਭਾਗ ਦੇ ਸੁਰੂਆਤੀ ਵਿਸਲੇਸਣ ਤੋਂ ਪਤਾ ਚੱਲਦਾ ਹੈ ਕਿ 101 ਮਰੀਜਾਂ ‘ਚੋਂ 19 ਮਰੀਜ 9 ਸਾਲ ਤੋਂ ਘੱਟ ਉਮਰ ਦੇ ਹਨ, 15 ਮਰੀਜ 10-19 ਉਮਰ ਵਰਗ ਦੇ ਹਨ, 20 ਮਰੀਜ 20-29 ਉਮਰ ਵਰਗ ਦੇ ਹਨ, 13 ਮਰੀਜ 30-39 ਉਮਰ ਵਰਗ ਦੇ, 12 ਮਰੀਜ 40-49 ਉਮਰ ਵਰਗ, 13 ਮਰੀਜ 50-59 ਉਮਰ ਵਰਗ ਦੇ ਹਨ। 8 ਮਰੀਜਾਂ ਦੀ ਉਮਰ 60-69 ਸਾਲ ਦੀ ਹੈ ਅਤੇ ਇਕ ਦੀ ਉਮਰ 70-80 ਸਾਲ ਹੈ। ਇਹ ਇਕ ਆਟੋਇਮਿਊਨ ਨਿਊਰੋਲੌਜੀਕਲ ਡਿਸਆਰਡਰ ਹੈ। ਇਸ ਬਿਮਾਰੀ ਵਿਚ ਸਾਡੀ ਇਮਿਊਨ ਸਿਸਟਮ ਆਪਣੀਆਂ ਹੀ ਨਾੜੀਆਂ ‘ਤੇ ਹਮਲਾ ਕਰਦੀ ਹੈ। ਇਸ ਕਾਰਨ ਲੋਕਾਂ ਨੂੰ ਉੱਠਣ-ਬੈਠਣ ਅਤੇ ਤੁਰਨ-ਫਿਰਨ ‘ਚ ਵੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਲੋਕਾਂ ਨੂੰ ਸਾਹ ਲੈਣਾ ਵੀ ਔਖਾ ਹੋ ਜਾਂਦਾ ਹੈ। ਅਧਰੰਗ ਦੀ ਸਮੱਸਿਆ ਵੀ ਇਸ ਬੀਮਾਰੀ ਦਾ ਇਕ ਲੱਛਣ ਹੈ। ਡਾਕਟਰਾਂ ਮੁਤਾਬਕ ਗੁਇਲੇਨ-ਬੈਰੇ ਸਿੰਡਰੋਮ ਇਕ ਦੁਰਲੱਭ ਵਿਕਾਰ ਹੈ, ਜਿਸ ‘ਚ ਅਚਾਨਕ ਹੱਥ-ਪੈਰ ਦਾ ਸੁੰਨ ਹੋਣਾ ਅਤੇ ਮਾਸਪੇਸੀਆਂ ਦੀ ਕਮਜੋਰੀ ਹੋ ਜਾਂਦੀ ਹੈ। ਹਾਲਾਂਕਿ ਕਿਸੇ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ, ਡਾਕਟਰ ਇਸ ਦੇ ਸਟੀਕ ਕਾਰਨਾਂ ਤੋਂ ਅਜੇ ਅਣਜਾਣ ਹਨ। ਦੇ ਲੱਛਣ 20 ਮਰੀਜ 20-29 ਉਮਰ ਵਰਗ ਦੇ ਹਨ, 13 ਮਰੀਜ 30-39 ਉਮਰ ਵਰਗ ਦੇ, 12 ਮਰੀਜ 40-49 ਉਮਰ ਵਰਗ, 13 ਮਰੀਜ 50-59 ਉਮਰ ਵਰਗ ਦੇ ਹਨ। 8 ਮਰੀਜਾਂ ਦੀ ਉਮਰ 60-69 ਸਾਲ ਦੀ ਹੈ ਅਤੇ ਇਕ ਦੀ ਉਮਰ 70-80 ਸਾਲ ਹੈ। ਇਹ ਇਕ ਆਟੋਇਮਿਊਨ ਨਿਊਰੋਲੌਜੀਕਲ ਡਿਸਆਰਡਰ ਹੈ। ਇਸ ਬਿਮਾਰੀ ਵਿਚ ਸਾਡੀ ਇਮਿਊਨ ਸਿਸਟਮ ਆਪਣੀਆਂ ਹੀ ਨਾੜੀਆਂ ‘ਤੇ ਹਮਲਾ ਕਰਦੀਆਮ ਤੌਰ ‘ਤੇ ਅਚਾਨਕ ਵਿਖਾਈ ਦਿੰਦੇ ਹਨ ਅਤੇ ਕੁਝ ਦਿਨਾਂ ਜਾਂ ਹਫਤਿਆਂ ‘ਚ ਤੇਜੀ ਨਾਲ ਵਧ ਸਕਦੇ ਹਨ। ਆਮ ਲੱਛਣਾਂ ਵਿਚ ਕਮਜੋਰੀ ਅਤੇ ਸਰੀਰ ‘ਚ ਸੁੰਨਾਪਣ ਸਾਮਲ ਹੈ ਜੋ ਅਕਸਰ ਪੈਰਾਂ ਵਿਚ ਸੁਰੂ ਹੁੰਦੀ ਹੈ ਅਤੇ ਹੱਥਾਂ ਅਤੇ ਚਿਹਰੇ ਤੱਕ ਫੈਲ ਸਕਦੀ ਹੈ। ਲੋਕਾਂ ਨੂੰ ਤੁਰਨ ‘ਚ ਵੀ ਮੁਸਕਲ ਆਉਂਦੀ ਹੈ ਜੋ ਗਤੀਸੀਲਤਾ ਅਤੇ ਸੰਤੁਲਨ ਨੂੰ ਪ੍ਰਭਾਵਿਤ ਕਰ ਸਕਦੀ ਹੈ। ਇਹ ਨਿਊਰੋਪੈਥਿਕ ਦਰਦ ਦਾ ਕਾਰਨ ਵੀ ਬਣਦਾ ਹੈ ਜੋ ਪਿੱਠ ਅਤੇ ਅੰਗਾਂ ਵਿਚ ਦੇਖਿਆ ਜਾਂਦਾ ਹੈ। ਅਨਿਯਮਿਤ ਦਿਲ ਦੀ ਗਤੀ, ਬਲੱਡ ਪ੍ਰੈਸਰ ਵਿਚ ਉਤਰਾਅ-ਚੜ੍ਹਾਅ ਅਤੇ ਗੰਭੀਰ ਮਾਮਲਿਆਂ ਵਿਚ ਸਾਹ ਲੈਣ ਵਿਚ ਮੁਸਕਲ।

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

### NAME CHANGE
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

### NAME CHANGE
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

### NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

### NAME CHANGE
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

### NAME CHANGE
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

### NAME CHANGE
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

### NAME CHANGE
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

### NAME CHANGE
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

### NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

### PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI

# ਨਸ਼ਾ ਕਰਨ ਵਾਲੇ ਹਰੇਕ ਰੋਗੀ ਦੇ ਘਰ ਤੱਕ ਦਸਤਕ ਦੇਵੇਗਾ ਪ੍ਰਸ਼ਾਸਨ: ਸਾਕਸ਼ੀ ਸਾਹਨੀ



**ਅੰਮ੍ਰਿਤਸਰ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਅੰਮ੍ਰਿਤਸਰ ਜ਼ਿਲ੍ਹੇ ਵਿੱਚੋਂ ਨਸ਼ੇ ਦੇ ਖ਼ਾਤਮੇ ਲਈ ਬਣਾਈ ਰਣਨੀਤੀ ਤਹਿਤ ਨਸ਼ਾ ਕਰਨ ਵਾਲੇ ਹਰੇਕ ਰੋਗੀ ਦੇ ਘਰ ਤੱਕ ਪਹੁੰਚ ਕਰਨ ਦਾ ਪ੍ਰੋਗਰਾਮ ਉਲੀਕਿਆ ਹੈ। ਅੱਜ ਇਸ ਸਬੰਧੀ ਜ਼ਿਲ੍ਹਾ ਅਧਿਕਾਰੀਆਂ ਨਾਲ ਕੀਤੀ ਗਈ ਮੀਟਿੰਗ 'ਚ ਉਨ੍ਹਾਂ ਕਿਹਾ ਕਿ ਸਾਡੇ ਕੋਲ 43 ਓਟ ਸੈਂਟਰ ਚੱਲ ਰਹੇ ਹਨ, ਜਿੰਨਾ ਵਿੱਚ 22484 ਮਰੀਜ਼ ਰਜਿਸਟਰਡ ਹਨ, ਜਦ ਕਿ ਰੋਜ਼ਾਨਾ 15 ਤੋਂ 16 ਹਜ਼ਾਰ ਵਿਅਕਤੀ ਓਟ ਸੈਂਟਰਾਂ ਵਿੱਚ ਦਵਾਈ ਲੈਣ ਲਈ ਪਹੁੰਚ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਹੁਣ ਅਸੀਂ ਪੰਚਾਇਤਾਂ, ਮਾਲ ਵਿਭਾਗ, ਨੰਬਰਦਾਰਾ ਅਤੇ ਆਸ਼ਾ ਵਰਕਰਾਂ ਨੂੰ ਨਾਲ ਲੈ ਕੇ ਇਨ੍ਹਾਂ ਪਰਿਵਾਰਾਂ ਤੱਕ ਪਹੁੰਚ ਕਰਾਂਗੇ ਕਿ ਉਹ ਆਪਣੇ ਬੱਚਿਆਂ ਨੂੰ ਨਸ਼ੇ ਦੇ ਰੋਗ ਤੋਂ ਪੱਕੇ ਤੌਰ 'ਤੇ ਮੁਕਤ ਕਰਨ ਲਈ ਜ਼ਿਲ੍ਹੇ ਵਿੱਚ ਚਲਾਏ ਜਾ ਰਹੇ ਨਸ਼ਾ ਛਡਾਊ ਅਤੇ ਮੁੜ ਵਸੇਬਾ ਕੇਂਦਰਾਂ ਵਿੱਚ ਪਹੁੰਚ ਕਰਾਗੇ। ਉਨ੍ਹਾਂ ਦੱਸਿਆ ਕਿ ਇੰਨਾ ਕੇਂਦਰਾਂ ਵਿੱਚ ਮਰੀਜ਼ ਦੀ ਦਵਾਈ ਮੁਫਤ ਹੈ, ਇਸ ਤੋਂ ਇਲਾਵਾ ਖਾਣਾ ਵੀ ਮੁਫਤ ਦਿੱਤਾ ਜਾਂਦਾ ਹੈ ਅਤੇ ਮਰੀਜ਼ ਨੂੰ ਮਾਨਸਿਕ ਤੌਰ ਉੱਤੇ ਨਸ਼ਾ ਛੱਡਣ ਲਈ ਮਾਹਿਰਾਂ ਦੀ ਸਹਾਇਤਾ ਵੀ ਲਈ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਮੁੜ ਵਸੇਬਾ ਕੇਂਦਰਾਂ ਵਿੱਚ ਨਸ਼ੇ ਦੇ ਰੋਗੀਆਂ ਨੂੰ ਨਵੀਂ ਜ਼ਿੰਦਗੀ ਦੇਣ ਲਈ ਉਹਨਾਂ ਦੀ ਇੱਛਾ ਅਨੁਸਾਰ ਹੁਨਰ ਮੰਦ ਬਣਾਇਆ ਜਾਂਦਾ ਹੈ ਤਾਂ ਜੋ ਉਹ ਆਪਣੀ ਰੋਜ਼ੀ ਰੋਟੀ ਕਮਾ ਕੇ ਸਮਾਜ ਵਿੱਚ ਇੱਜਤ ਨਾਲ ਵਿਚਰਨ। ਉਨ੍ਹਾਂ ਦੱਸਿਆ ਕਿ ਸਾਡੀ ਇਹ ਵੀ ਕੋਸ਼ਿਸ਼ ਹੋਵੇਗੀ ਕਿ ਜਿਹੜਾ ਵਿਅਕਤੀ ਨਸ਼ੇ ਦਾ ਰੋਗ ਛੱਡ ਕੇ ਹੁਨਰਮੰਦ ਬਣ ਚੁੱਕਿਆ ਹੈ, ਨੂੰ ਰੁਜ਼ਗਾਰ ਵੀ ਦਵਾਇਆ ਜਾਵੇ।

ਡੀ. ਸੀ. ਸਾਕਸ਼ੀ ਸਾਹਨੀ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਹਨਾਂ ਕੇਂਦਰਾਂ ਵਿੱਚ ਪਹੁੰਚਣ, ਇਲਾਜ ਕਰਵਾਉਣ ਜਾਂ ਕਿਸੇ ਵੀ ਤਰ੍ਹਾਂ ਦੀ ਪੁੱਛਗਿੱਛ ਅਤੇ ਸਹਾਇਤਾ ਲਈ ਫੋਨ ਨੰਬਰ 1800 137 6754 ਉੱਪਰ ਸੰਪਰਕ ਕਰਨ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਜੋ ਵੀ ਆਸ਼ਾ ਵਰਕਰ ਨਸ਼ਾ ਮੁਕਤੀ ਦੇ ਇਸ ਪ੍ਰੋਗਰਾਮ ਵਿੱਚ ਵੱਡਾ ਯੋਗਦਾਨ ਪਾਵੇਗੀ, ਉਸ ਨੂੰ ਨਗਦ ਰਾਸ਼ੀ ਨਾਲ ਸਨਮਾਨਿਤ ਵੀ ਕੀਤਾ ਜਾਵੇਗਾ। ਉਨ੍ਹਾਂ ਇਸ ਮੌਕੇ ਡਰੱਗ ਕੰਟਰੋਲਰ ਨੂੰ ਹਦਾਇਤ ਕੀਤੀ ਕਿ ਉਹ ਦਵਾਈਆਂ ਦੀਆਂ ਦੁਕਾਨਾਂ ਦੀ ਨਿਰੰਤਰ ਜਾਂਚ ਕਰਨ ਤਾਂ ਜੋ ਉਹ ਨਸ਼ੇ ਦੀਆਂ ਦਵਾਈਆਂ ਨਾ ਵੇਚ ਸਕਣ।

# ਪੰਜਾਬ ਸਰਕਾਰ ਵੱਲੋਂ ਸੀਨੀਅਰ ਆਈਏਐਸ ਅਫ਼ਸਰਾਂ ਖ਼ਿਲਾਫ਼ ਜਾਂਚ ਸ਼ੁਰੂ

## ➢ ਮੁੱਖ ਮੰਤਰੀ ਤੋਂ ਝੰਡੀ ਮਿਲਣ ਮਗਰੋਂ ਮੁੱਖ ਸਕੱਤਰ ਨੇ ਸ਼ੁਰੂ ਕੀਤੀ ਕਾਰਵਾਈ
## ➢ ਪਿੰਡ ਦੇ ਸਾਂਝੇ ਰਸਤੇ ਦੀ ਜ਼ਮੀਨ ਵੇਚਣ ਨੂੰ ਪ੍ਰਵਾਨਗੀ ਦੇਣ ਦਾ ਮਾਮਲਾ

**ਚੰਡੀਗੜ੍ਹ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਨੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਦੋ ਸੀਨੀਅਰ ਆਈਏਐਸ ਅਫ਼ਸਰਾਂ ਖ਼ਿਲਾਫ਼ ਜਾਂਚ ਸ਼ੁਰੂ ਕਰ ਦਿੱਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕੁਝ ਦਿਨ ਪਹਿਲਾਂ ਹੀ ਇਨ੍ਹਾਂ ਉੱਚ ਅਫ਼ਸਰਾਂ ਖ਼ਿਲਾਫ਼ ਜਾਂਚ ਲਈ ਹਰੀ ਝੰਡੀ ਦਿੱਤੀ ਸੀ। ਮੁੱਖ ਸਕੱਤਰ ਕੇਏਪੀ ਸਿਨਹਾ ਨੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਸਕੱਤਰ ਦਿਲਰਾਜ ਸਿੰਘ ਸੰਧਾਵਾਲੀਆ ਅਤੇ ਵਿਭਾਗ ਦੇ ਡਾਇਰੈਕਟਰ ਪਰਮਜੀਤ ਸਿੰਘ ਖ਼ਿਲਾਫ਼ ਜਾਂਚ ਸ਼ੁਰੂ ਕੀਤੀ ਹੈ। ਇਨ੍ਹਾਂ ਉੱਚ ਅਫ਼ਸਰਾਂ ਵੱਲੋਂ ਨਿਊ ਚੰਡੀਗੜ੍ਹ ਦੇ ਇੱਕ ਪ੍ਰਾਈਵੇਟ ਬਿਲਡਰ ਨੂੰ ਬਲਾਕ ਮਾਜਰੀ ਦੇ ਇੱਕ ਪਿੰਡ ਦੇ ਸਾਂਝੇ ਰਸਤੇ ਦੀ ਰਜਿਸਟਰੀ ਕਰਾਏ ਜਾਣ ਨੂੰ ਪ੍ਰਵਾਨਗੀ ਦਿੱਤੀ ਗਈ ਸੀ। ਪ੍ਰਾਪਤ ਵੇਰਵਿਆਂ ਅਨੁਸਾਰ ਪਿੰਡ ਦੇ ਕਿਸੇ ਵੀ ਸਾਂਝੇ ਰਸਤੇ ਨੂੰ ਓਨਾ ਸਮਾਂ ਕਾਨੂੰਨੀ ਤੌਰ 'ਤੇ ਵੇਚਿਆ ਨਹੀਂ ਜਾ ਸਕਦਾ ਹੈ ਜਿੰਨਾਂ ਸਮਾਂ ਡਾਇਰੈਕਟਰ (ਕੰਸੋਲੀਡੇਸ਼ਨ) ਅਤੇ ਡਾਇਰੈਕਟਰ (ਲੈਂਡ ਰਿਕਾਰਡ) ਵੱਲੋਂ ਉਸ ਰਸਤੇ ਨੂੰ 'ਛੱਡਿਆ ਹੋਇਆ' ਨਹੀਂ ਐਲਾਨਿਆ ਜਾਂਦਾ। ਪੰਚਾਇਤ ਵਿਭਾਗ ਦੇ ਇਨ੍ਹਾਂ ਦੋਵੇਂ ਅਧਿਕਾਰੀਆਂ ਨੇ ਇਸ ਸਾਂਝੇ ਰਸਤੇ ਨੂੰ 'ਛੱਡਿਆ ਹੋਇਆ' ਐਲਾਨੇ ਬਿਨਾਂ ਹੀ ਨਵੰਬਰ 2024 'ਚ ਪ੍ਰਾਈਵੇਟ ਬਿਲਡਰ ਨੂੰ ਵੇਚਣ ਲਈ ਮਨਜ਼ੂਰੀ ਦੇ ਦਿੱਤੀ ਸੀ। ਪਤਾ ਲੱਗਿਆ ਹੈ ਕਿ ਇਸ ਮਾਮਲੇ ਨੂੰ ਜਾਂਚ ਲਈ ਵਿਜੀਲੈਂਸ ਬਿਊਰੋ ਦੇ ਹਵਾਲੇ ਵੀ ਕੀਤਾ ਜਾਵੇਗਾ।

ਪੰਜਾਬ ਸਰਕਾਰ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਇਸ ਉਪਰੋਕਤ ਮਾਮਲੇ ਦੀ ਜਾਂਚ ਲਗਭਗ ਖ਼ਤਮ ਹੋ ਗਈ ਹੈ ਅਤੇ ਜਲਦ ਹੀ ਦੋਵੇਂ ਅਧਿਕਾਰੀਆਂ ਨੂੰ ਚਾਰਜਸ਼ੀਟ ਕੀਤਾ ਜਾਵੇਗਾ।

ਜਾਣਕਾਰੀ ਅਨੁਸਾਰ ਗਰੇਟਰ ਮੁਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ (ਗਮਾਡਾ) ਵੱਲੋਂ ਵਿਕਸਿਤ ਕੀਤੇ ਗਏ ਨਿਊ ਚੰਡੀਗੜ੍ਹ 'ਚ ਇੱਕ ਪ੍ਰਾਈਵੇਟ ਬਿਲਡਰ ਵੱਲੋਂ ਖੇਤੀ ਵਾਲੀ ਜ਼ਮੀਨ ਖ਼ਰੀਦੀ ਗਈ ਸੀ। ਬਿਲਡਰ ਵੱਲੋਂ ਖ਼ਰੀਦੀ ਇਸ ਜ਼ਮੀਨ 'ਚ ਪਿੰਡ ਸੈਣੀ ਮਾਜਰਾ ਆਦਿ ਦਾ ਇੱਕ ਸਾਂਝਾ ਰਸਤਾ ਵੀ ਪੈਂਦਾ ਸੀ। ਬਿਲਡਰ ਨੇ ਇਸ ਸਾਂਝੇ ਰਸਤੇ ਦੀ ਘੇਰਾਬੰਦੀ ਸ਼ੁਰੂ ਕਰ ਦਿੱਤਾ ਤਾਂ ਪਿੰਡ ਵਾਸੀਆਂ ਨੂੰ ਇਸ ਦਾ ਪਤਾ ਲੱਗਾ।

ਇਸ ਰਸਤੇ ਦੀ ਪ੍ਰਾਈਵੇਟ ਬਿਲਡਰ ਦੇ ਨਾਮ ਹਾਲੇ ਕੋਈ ਰਜਿਸਟਰੀ ਨਹੀਂ ਹੋਈ ਹੈ। ਪਿੰਡ ਸੈਣੀਮਾਜਰਾ ਆਦਿ ਦੇ ਲੋਕਾਂ ਨੇ ਇਸ ਮਾਮਲੇ ਨੂੰ ਲੈ ਕੇ ਅਦਾਲਤ ਤੱਕ ਪਹੁੰਚ ਕੀਤੀ ਸੀ ਜਿੱਥੋਂ ਕੁਝ ਰਾਹਤ ਵੀ ਮਿਲੀ ਸੀ। ਪਤਾ ਲੱਗਾ ਹੈ ਕਿ ਪਿੰਡ ਦੇ ਕੁਝ ਵਸਨੀਕ ਪ੍ਰਾਈਵੇਟ ਬਿਲਡਰ ਨੂੰ ਉਪਰੋਕਤ ਜ਼ਮੀਨ ਵੇਚਣ ਲਈ ਸਹਿਮਤ ਵੀ ਹੋ ਗਏ ਸਨ ਅਤੇ ਇਸ ਦੀ ਕੀਮਤ ਵੀ ਦੋ ਕਰੋੜ ਰੁਪਏ ਪ੍ਰਤੀ ਏਕੜ ਨਿਰਧਾਰਿਤ ਹੋ ਗਈ ਸੀ। ਜ਼ਮੀਨ ਜੁਮਲਾ ਮੁਸ਼ਤਰਕਾ ਮਾਲਕਾਣ ਹੋਣ ਕਰਕੇ ਕੁਝ ਹਿੱਸੇਦਾਰਾਂ ਨੇ ਇਸ ਵਿਕਰੀ ਸਮਝੌਤੇ 'ਤੇ ਦਸਤਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਵੀ ਇਸ ਮਾਮਲੇ 'ਚ ਫ਼ੈਸਲਾ ਦਿੱਤਾ ਸੀ ਕਿ ਜੇ ਪਿੰਡ ਦੇ ਸਾਂਝੇ ਰਸਤੇ ਦੀ ਜ਼ਮੀਨ ਨੂੰ 'ਛੱਡੀ ਹੋਈ' ਐਲਾਨਿਆ ਜਾਂਦਾ ਹੈ ਤਾਂ ਹੀ ਉਸ ਜ਼ਮੀਨ ਦੀ ਵਿਕਰੀ ਹੋ ਸਕਦੀ ਹੈ। ਦੂਜੇ ਪਾਸੇ ਦੋਵਾਂ ਅਧਿਕਾਰੀਆਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਉਨ੍ਹਾਂ ਫੋਨ ਨਹੀਂ ਚੁੱਕਿਆ।

# ਪਾਕਿਸਤਾਨ ਤੋਂ ਅਸਥੀਆਂ ਲੈ ਕੇ ਵਫ਼ਦ ਭਾਰਤ ਪੁੱਜਿਆ

## ਹਿੰਦੂ ਤੇ ਸਿੱਖ ਪਰਿਵਾਰਾਂ ਨੂੰ ਅਸਥੀਆਂ ਗੰਗਾ ਨਦੀ 'ਚ ਜਲ ਪ੍ਰਵਾਹ ਕਰਨ ਲਈ ਕਰਨੀ ਪੈਂਦੀ ਹੈ ਸਾਲਾਂਬੱਧੀ ਉਡੀਕ



ਪਾਕਿਸਤਾਨ ਤੋਂ ਆਪਣੇ ਰਿਸ਼ਤੇਦਾਰਾਂ ਦੀਆਂ ਅਸਥੀਆਂ ਲੈ ਕੇ ਪੁੱਜਿਆ ਵਫ਼ਦ।

**ਅੰਮ੍ਰਿਤਸਰ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਕਿਸਤਾਨ ਵਿੱਚ ਵਸਦੇ ਹਿੰਦੂ ਅਤੇ ਸਿੱਖ ਪਰਿਵਾਰਾਂ ਨੂੰ ਉਨ੍ਹਾਂ ਦੇ ਮ੍ਰਿਤਕ ਰਿਸ਼ਤੇਦਾਰਾਂ ਦੀਆਂ ਅਸਥੀਆਂ ਧਾਰਮਿਕ ਰੀਤੀ ਰਿਵਾਜਾਂ ਮੁਤਾਬਕ ਜਲ ਪ੍ਰਵਾਹ ਕਰਨ ਵਿੱਚ ਮੁਸ਼ਕਲ ਆ ਰਹੀ ਹੈ। ਭਾਰਤ ਆਉਣ ਵਾਸਤੇ ਵੀਜ਼ੇ ਨਾ ਮਿਲਣ ਕਾਰਨ ਉਨ੍ਹਾਂ ਨੂੰ ਆਪਣੇ ਰਿਸ਼ਤੇਦਾਰਾਂ ਦੀਆਂ ਅਸਥੀਆਂ ਗੰਗਾ ਨਦੀ ਵਿੱਚ ਜਲ ਪ੍ਰਵਾਹ ਕਰਨ ਵਾਸਤੇ ਕਈ ਸਾਲ ਉਡੀਕ ਕਰਨੀ ਪੈਂਦੀ ਹੈ। ਪਾਕਿਸਤਾਨ ਤੋਂ ਛੇ ਮੈਂਬਰੀ ਵਫ਼ਦ ਅੱਜ ਲਗਪਗ 400 ਤੋਂ ਵੱਧ ਮ੍ਰਿਤਕਾਂ ਦੀਆਂ ਅਸਥੀਆਂ ਲੈ ਕੇ ਅਟਾਰੀ ਵਾਹਗਾ ਸਰਹੱਦ ਰਸਤੇ ਭਾਰਤ ਪੁੱਜਾ ਹੈ। ਇਹ ਅਸਥੀਆਂ ਅਗਲੇ ਦਿਨਾਂ ਵਿੱਚ ਗੰਗਾ ਵਿੱਚ ਜਲ ਪ੍ਰਵਾਹ ਕੀਤੀਆਂ ਜਾਣਗੀਆਂ। ਪਾਕਿਸਤਾਨ ਤੋਂ ਲਗਪਗ 400 ਤੋਂ ਵੱਧ ਮ੍ਰਿਤਕਾਂ ਦੀਆਂ ਅਸਥੀਆਂ ਲੈ ਕੇ ਕਰਾਚੀ ਸਥਿਤ ਪੰਚਮੁਖੀ ਹਨੂਮਾਨ ਮੰਦਰ ਦੇ ਮਹੰਤ ਰਾਮਨਾਥ ਸਣੇ ਵਫ਼ਦ ਅੱਜ ਅਟਾਰੀ ਸਰਹੱਦ 'ਤੇ ਪੁੱਜੇ ਹਨ। ਅਸਥੀਆਂ ਡੱਬਿਆਂ ਵਿੱਚ ਬੰਦ ਕਰ ਕੇ ਬੈਗਾਂ ਵਿੱਚ ਰੱਖੀਆਂ ਪਾਈਆਂ ਹਨ। ਇਨ੍ਹਾਂ ਵਿੱਚ 50 ਤੋਂ ਵੱਧ ਅਸਥੀਆਂ ਸਿੱਖ ਵਿਅਕਤੀਆਂ ਦੀਆਂ ਹਨ। ਇਸ ਵਾਰ ਇਨ੍ਹਾਂ ਨੂੰ ਲਗਪਗ ਨੌਂ ਸਾਲਾਂ ਬਾਅਦ ਵੀਜ਼ਾ ਮਿਲਿਆ ਹੈ। ਇਸ ਤੋਂ ਪਹਿਲਾਂ ਇਸ ਸੰਸਥਾ ਨੂੰ 2011 ਅਤੇ 2016 ਵਿੱਚ ਵੀਜ਼ਾ ਮਿਲਿਆ ਸੀ। ਅਸਥੀਆਂ ਲੈ ਕੇ ਪੁੱਜੇ ਪੰਚਮੁਖੀ ਹਨੂਮਾਨ ਮੰਦਰ ਕਮੇਟੀ ਦੇ ਮਹੰਤ ਅਤੇ ਦਿ ਹਿੰਦੂ ਕ੍ਰਿਮੇਸ਼ਨ ਗਰਾਊਂਡ ਐਸੋਸੀਏਸ਼ਨ ਦੇ ਪ੍ਰਧਾਨ ਰਾਮਨਾਥ ਨੇ ਕਿਹਾ ਕਿ ਉਨ੍ਹਾਂ ਦੀ ਭਾਰਤ ਅਤੇ ਪਾਕਿਸਤਾਨ ਦੋਵਾਂ ਸਰਕਾਰਾਂ ਨੂੰ ਅਪੀਲ ਹੈ ਕਿ ਪਾਕਿਸਤਾਨ ਵਿੱਚ ਵਸਦੇ ਹਿੰਦੂ ਅਤੇ ਸਿੱਖ ਪਰਿਵਾਰਾਂ ਦੀਆਂ ਅਸਥੀਆਂ ਨੂੰ ਧਾਰਮਿਕ ਰੀਤੀ ਰਿਵਾਜਾਂ ਮੁਤਾਬਕ ਗੰਗਾ ਵਿੱਚ ਜਲ ਪ੍ਰਵਾਹ ਕਰਨ ਲਈ ਘੱਟੋ-ਘੱਟ ਸਾਲ ਵਿੱਚ ਇੱਕ ਵਾਰ ਵੀਜ਼ਾ ਜ਼ਰੂਰ ਦਿੱਤਾ ਜਾਵੇ। ਉਨ੍ਹਾਂ ਮੰਗ ਕੀਤੀ ਕਿ ਪਾਕਿਸਤਾਨ ਵਿੱਚ ਵਸਦੇ ਹਿੰਦੂ ਭਾਈਚਾਰੇ ਨੂੰ ਚਾਰ ਧਰਮ ਯਾਤਰਾ ਵਾਸਤੇ ਵੀ ਵੀਜ਼ਾ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ 2011 ਵਿੱਚ ਲਗਪਗ 180 ਮ੍ਰਿਤਕਾਂ ਅਤੇ 2016 ਵਿੱਚ ਲਗਪਗ 160 ਮ੍ਰਿਤਕਾਂ ਦੀਆਂ ਅਸਥੀਆਂ ਜਲ ਪਰਵਾਹ ਕੀਤੀਆਂ ਸਨ, ਹੁਣ 2025 ਵਿੱਚ ਲਗਪਗ 400 ਤੋਂ ਵੱਧ ਅਸਥੀਆਂ ਹਰਿਦੁਆਰ ਸਥਿਤ ਗੰਗਾ ਨਦੀ 'ਚ ਸਤੀ ਘਾਟ 'ਤੇ ਜਲ ਪ੍ਰਵਾਹ ਕੀਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਜਦੋਂ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਵੀਜ਼ਾ ਨਹੀਂ ਮਿਲਦਾ ਤਾਂ ਉਹ ਇਸ ਜਥੇਬੰਦੀ ਨੂੰ ਮ੍ਰਿਤਕਾਂ ਦੀਆਂ ਅਸਥੀਆਂ ਸੌਂਪ ਦਿੰਦੇ ਹਨ।

# ਕਿਸਾਨਾਂ ਵੱਲੋਂ ਮਹਾਂਪੰਚਾਇਤਾਂ ਦੀ ਸਫ਼ਲਤਾ ਲਈ ਲਾਮਬੰਦੀ

## ਕਿਸਾਨ ਮੋਰਚੇ ਨੂੰ ਸਾਲ ਪੂਰਾ ਹੋਣ 'ਤੇ ਹੋਣਗੀਆਂ ਮਹਾਂਪੰਚਾਇਤਾਂ; ਡੱਲੇਵਾਲ ਦਾ ਮਰਨ ਵਰਤ 70ਵੇਂ ਦਿਨ ਵੀ ਜਾਰੀ



**ਪਟਿਆਲਾ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦਾਤਾ ਸਿੰਘ ਵਾਲਾ-ਖਨੌਰੀ ਕਿਸਾਨ ਮੋਰਚੇ 'ਤੇ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ ਅੱਜ 70ਵੇਂ ਦਿਨ ਵੀ ਜਾਰੀ ਰਿਹਾ। ਕਿਸਾਨੀ ਮੰਗਾਂ ਦੀ ਪੂਰਤੀ ਲਈ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਿਕ ਭਾਰਤ ਅਤੇ ਕਿਸਾਨ ਮਜ਼ਦੂਰ ਮੋਰਚਾ ਦੀ ਅਗਵਾਈ ਹੇਠਾਂ 13 ਫਰਵਰੀ ਤੋਂ ਜਾਰੀ ਕਿਸਾਨ ਮੋਰਚੇ ਨੂੰ ਸਾਲ ਪੂਰਾ ਹੋਣ 'ਤੇ ਕੀਤੀਆਂ ਜਾਣ ਵਾਲੀਆਂ ਮਹਾਂਪੰਚਾਇਤਾਂ ਸਬੰਧੀ ਤਿਆਰੀਆਂ ਜਾਰੀ ਹਨ। ਇਸ ਦੌਰਾਨ ਰਾਤਨਪੁਰਾ ਬਾਰਡਰ 'ਤੇ 11 ਫਰਵਰੀ, ਢਾਬੀਗੁੱਜਰਾਂ ਬਾਰਡਰ 'ਤੇ 12 ਅਤੇ ਸ਼ੰਭੂ ਬਾਰਡਰ 'ਤੇ 13 ਫਰਵਰੀ ਨੂੰ ਮਹਾ ਪੰਚਾਇਤ ਕੀਤੀ ਜਾਵੇਗੀ। ਤਿੰਨਾਂ ਥਾਵਾਂ 'ਤੇ ਵੱਡੇ ਇਕੱਠ ਕਰਨ ਦੀ ਯੋਜਨਾ ਤਹਿਤ ਕਿਸਾਨ ਆਗੂਆਂ ਵੱਲੋਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਸ ਦੌਰਾਨ ਨਾ ਸਿਰਫ਼ ਪੰਜਾਬ ਅਤੇ ਹਰਿਆਣਾ ਸਗੋਂ ਪਹਿਲਾਂ ਵਾਂਗ ਦੇਸ਼ ਦੇ ਹੋਰਨਾਂ ਸੂਬਿਆਂ ਵਿੱਚੋਂ ਵੀ ਕਿਸਾਨਾਂ ਦੀ ਆਮਦ ਯਕੀਨੀ ਬਣਾਉਣ ਦਾ ਟੀਚਾ ਮਿੱਥਿਆ ਗਿਆ ਹੈ।

ਢਾਬੀਗੁੱਜਰਾਂ ਬਾਰਡਰ 'ਤੇ ਕਿਸਾਨ ਆਗੂ ਸੁਖਜੀਤ ਸਿੰਘ ਹਰਦੋਝੰਡੇ ਅਤੇ ਅਭਿਮੰਨਿਊ ਕੋਹਾੜ, ਇੰਦਰਜੀਤ ਸਿੰਘ ਕੋਟਬੁੱਢੇ ਅਤੇ ਲਖਵਿੰਦਰ ਸਿੰਘ ਔਲਖ ਦਾ ਕਹਿਣਾ ਸੀ ਕਿ ਇਹ ਮਹਾਂਪੰਚਾਇਤਾਂ ਲਾ ਮਿਸਾਲ ਹੋਣਗੀਆਂ। ਉਧਰ, ਜਗਜੀਤ ਸਿੰਘ ਡੱਲੇਵਾਲ ਨੇ ਵੀ ਕਿਸਾਨਾਂ ਅਤੇ ਮਜ਼ਦੂਰਾਂ ਸਣੇ ਸਮੂਹ ਇਨਸਾਫ ਅਤੇ ਜਮਹੂਰੀਅਤਪਸੰਦ ਲੋਕਾਂ ਨੂੰ ਮਹਾਂ ਪੰਚਾਇਤਾਂ ਵਿੱਚ ਸ਼ਿਰਕਤ ਕਰਨ ਦੀ ਅਪੀਲ ਕੀਤੀ। ਦੂਜੇ ਬੰਨ੍ਹੇ, ਸ਼ੰਭੂ ਮੋਰਚੇ 'ਤੇ ਕੱਲ੍ਹ ਦੇਰ ਰਾਤ ਹੋਈ ਮੀਟਿੰਗ ਵਿੱਚ ਵੀ ਇਨ੍ਹਾਂ ਮਹਾਂਪੰਚਾਇਤਾਂ ਦੀਆਂ ਤਿਆਰੀਆਂ ਵਜੋਂ ਹੀ ਚਰਚਾ ਕਰਦਿਆਂ ਡਿਊਟੀਆਂ ਲਗਾਈਆਂ ਗਈਆਂ। ਕਿਸਾਨ ਆਗੂਆਂ ਨੇ ਦੱਸਿਆ ਕਿ 16 ਫਰਵਰੀ ਨੂੰ ਸਰਕਾਰ ਨਾਲ ਹੋਣ ਵਾਲੀ ਗੱਲਬਾਤ ਸਬੰਧੀ ਰਣਨੀਤੀ ਉਡੀਕਣ ਲਈ ਜਲਦ ਹੀ ਦੋਵੇਂ ਫੋਰਮਾਂ ਦੀ ਮੀਟਿੰਗ ਦੁਬਾਰਾ ਤੋ ਕੀਤੀ ਜਾਵੇਗੀ। ਇਸ ਦੌਰਾਨ ਗੱਲਬਾਤ ਲਈ ਜਾਣ ਵਾਲੇ ਡੈਲੀਗੇਸ਼ਨ ਦੇ ਨਾਮ ਤੈਅ ਕੀਤੇ ਜਾਣਗੇ। ਇਸ ਮੀਟਿੰਗ 'ਚ ਮਨਜੀਤ ਰਾਏ, ਸਰਵਣ ਪੰਧੇਰ ਸਣੇ ਕਈ ਹੋਰਨਾਂ ਨੇ ਵੀ ਸ਼ਿਰਕਤ ਕੀਤੀ।

# ਪੰਜਾਬ ਰੋਡਵੇਜ਼ ਦੇ ਤਿੰਨ ਮੁਲਾਜ਼ਮ ਹੈਰੋਇਨ ਸਣੇ ਗ੍ਰਿਫ਼ਤਾਰ

## ਮੁਲਜ਼ਮਾਂ ਕੋਲੋਂ ਛੋਟੇ ਲਿਫਾਫੇ ਅਤੇ ਬਿਜਲੀ ਵਾਲਾ ਕੰਡਾ ਵੀ ਬਰਾਮਦ



**ਜਲੰਧਰ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਮਿਸ਼ਨਰੇਟ ਪੁਲੀਸ ਨੇ ਪੰਜਾਬ ਰੋਡਵੇਜ਼ ਦੇ ਤਿੰਨ ਮੁਲਾਜ਼ਮਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਕੋਲੋਂ ਕੁੱਲ 55 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ।

ਪੁਲੀਸ ਕਮਿਸ਼ਨਰ ਸਵਪਨ ਸ਼ਰਮਾ ਨੇ ਦੱਸਿਆ ਕਿ ਕਮਿਸ਼ਨਰੇਟ ਪੁਲੀਸ ਵੱਲੋਂ ਇਤਲਾਹ ਦੇ ਆਧਾਰ 'ਤੇ ਬੱਸ ਸਟੈਂਡ ਨੇੜੇ ਚੈਕਿੰਗ ਕੀਤੀ ਜਾ ਰਹੀ ਸੀ। ਇਸ ਦੌਰਾਨ ਪਾਸਪੋਰਟ ਦਫ਼ਤਰ ਵਾਲੇ ਪਾਸਿਓਂ ਇੱਕ ਵਿਅਕਤੀ ਹੱਥ ਵਿੱਚ ਪੌਲੀਥੀਨ ਦਾ ਲਿਫਾਫਾ ਫੜ ਕੇ ਪੈਦਲ ਆ ਰਿਹਾ ਸੀ। ਉਨ੍ਹਾਂ ਦੱਸਿਆ ਕਿ ਉਹ ਪੁਲੀਸ ਪਾਰਟੀ ਨੂੰ ਦੇਖ ਕੇ ਘਬਰਾ ਗਿਆ ਅਤੇ ਹੱਥ 'ਚ ਫੜਿਆ ਪੌਲੀਥੀਨ ਦਾ ਲਿਫਾਫਾ ਸੜਕ ਕਿਨਾਰੇ ਸੁੱਟ ਕੇ ਤੇਜ਼ੀ ਨਾਲ ਪਿੱਛੇ ਮੁੜ ਗਿਆ। ਪੁਲੀਸ ਪਾਰਟੀ ਨੇ ਕਾਰਵਾਈ ਕਰਦੇ ਹੋਏ ਅਜੀਤ ਸਿੰਘ ਉਰਫ਼ ਰਾਜੂ ਵੱਲੋਂ ਸੁੱਟੇ ਕਾਲੇ ਪੋਲੀਥੀਨ ਲਿਫਾਫੇ 'ਚੋਂ 5 ਗ੍ਰਾਮ ਹੈਰੋਇਨ ਬਰਾਮਦ ਕੀਤੀ। ਉਨ੍ਹਾਂ ਕਿਹਾ ਕਿ ਅਜੀਤ ਸਿੰਘ ਪੰਜਾਬ ਰੋਡਵੇਜ਼ ਦਾ ਮੁਲਾਜ਼ਮ ਹੈ ਤੇ ਸੰਜੇ ਗਾਂਧੀ ਨਗਰ ਵਾਰਡ ਨੰਬਰ-13 ਮੱਖੂ ਫ਼ਿਰੋਜ਼ਪੁਰ ਦਾ ਰਹਿਣ ਵਾਲਾ ਹੈ। ਉਹ ਹੁਣ ਐਚ. 121/4 ਮੁਹੱਲਾ ਅਮਰਗੜ੍ਹ ਬਸ਼ੀਰਪੁਰਾ ਰਾਮਾ ਮੰਡੀ ਜਲੰਧਰ ਵਿੱਚ ਰਹਿੰਦਾ ਹੈ।

ਪੁਲੀਸ ਕਮਿਸ਼ਨਰ ਨੇ ਦੱਸਿਆ ਕਿ ਮੁਲਜ਼ਮ ਖ਼ਿਲਾਫ਼ ਥਾਣਾ ਡਿਵੀਜ਼ਨ ਨੰਬਰ 6 ਜਲੰਧਰ ਵਿੱਚ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਅਜੀਤ ਕੋਲੋਂ ਕੀਤੀ ਪੁੱਛ-ਪੜਤਾਲ ਦੇ ਆਧਾਰ 'ਤੇ ਰੋਡਵੇਜ਼ ਦੇ ਮੁਲਾਜ਼ਮਾਂ ਦੀਪਕ ਸ਼ਰਮਾ ਵਾਸੀ ਐਮ. 89 ਸ਼ਹੀਦ ਭਗਤ ਸਿੰਘ ਨਗਰ ਕਲੋਨੀ ਜਲੰਧਰ ਅਤੇ ਕੀਰਤ ਸਿੰਘ ਵਾਸੀ ਸੁਲਤਾਨਵਿੰਡ ਥਾਣਾ ਦੋਬੁਰਜੀ ਜ਼ਿਲ੍ਹਾ ਅੰਮ੍ਰਿਤਸਰ ਨੂੰ ਗ੍ਰਿਫ਼ਤਾਰ ਕੀਤਾ ਹੈ।

# ਕੋਟਕਪੂਰਾ ਗੋਲੀ ਕਾਂਡ ਦੀ ਸੁਣਵਾਈ ਮੁੜ ਸ਼ੁਰੂ

**ਫਰੀਦਕੋਟ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੋਂ ਦੀ ਅਦਾਲਤ ਨੇ ਕੋਟਕਪੂਰਾ ਗੋਲੀ ਕਾਂਡ ਦੀ ਸੁਣਵਾਈ ਮੁੜ ਸ਼ੁਰੂ ਕਰ ਦਿੱਤੀ ਹੈ ਅਤੇ ਇਸ ਦੀ ਅਗਲੀ ਸੁਣਵਾਈ 26 ਫਰਵਰੀ ਨੂੰ ਹੋਵੇਗੀ। ਬਹਿਬਲ ਗੋਲੀ ਕਾਂਡ ਸਬੰਧੀ ਕੇਸ ਫ਼ਰੀਦਕੋਟ ਤੋਂ ਚੰਡੀਗੜ੍ਹ ਅਦਾਲਤ ਤਬਦੀਲ ਕਰ ਦਿੱਤਾ ਗਿਆ ਹੈ। ਪਹਿਲਾਂ ਇਹ ਦੋਵੇਂ ਮੁਕਦਮੇ ਇੱਕੋ ਅਦਾਲਤ ਵਿੱਚ ਚਲਦੇ ਸਨ ਅਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਆਦੇਸ਼ ਦਿੱਤਾ ਸੀ ਕਿ ਇਹ ਦੋਵੇਂ ਕੇਸ ਇੱਕੋ ਅਦਾਲਤ ਵਿੱਚ ਇਕੱਠੇ ਚੱਲਣਗੇ। ਪਿਛਲੇ ਕਰੀਬ ਇੱਕ ਸਾਲ ਤੋਂ ਇਹ ਵਿਵਾਦ ਚੱਲ ਰਿਹਾ ਸੀ ਕਿ ਕੋਟਕਪੂਰਾ ਗੋਲੀ ਕਾਂਡ ਸਬੰਧੀ ਕੇਸ ਦੀ ਸੁਣਵਾਈ ਚੰਡੀਗੜ੍ਹ ਦੀ ਅਦਾਲਤ ਵਿੱਚ ਹੋਵੇਗੀ ਜਾਂ ਫਰੀਦਕੋਟ ਦੀ ਅਦਾਲਤ ਵਿੱਚ। ਜੱਜ ਨੇ ਆਪਣੇ ਫੈਸਲੇ ਵਿੱਚ ਕਿਹਾ ਹੈ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਕੋਟਕਪੂਰਾ ਗੋਲੀ ਕਾਂਡ ਨੂੰ ਚੰਡੀਗੜ੍ਹ ਬਦਲਣ ਬਾਰੇ ਉਨ੍ਹਾਂ ਨੂੰ ਕੋਈ ਹੁਕਮ ਨਹੀਂ ਮਿਲਿਆ, ਇਸ ਲਈ ਮੁਲਜਮਾਂ ਖ਼ਿਲਾਫ਼ ਅਗਲੀ ਕਾਰਵਾਈ ਸ਼ੁਰੂ ਕੀਤੀ ਜਾਵੇ।

26 ਫਰਵਰੀ ਨੂੰ ਅਦਾਲਤ ਮੁਲਜ਼ਮਾਂ ਖਿਲਾਫ ਦੋਸ਼ ਆਇਦ ਕਰਨ ਦੇ ਮੁੱਦੇ 'ਤੇ ਬਹਿਸ ਸੁਣੇਗੀ। ਕੋਟਕਪੂਰਾ ਗੋਲੀ ਕਾਂਡ ਵਿੱਚ ਸਾਬਕਾ ਡੀਜੀਪੀ ਸੁਮੇਧ ਸੈਣੀ, ਆਈਜੀ ਪਰਮਰਾਜ ਸਿੰਘ ਉਮਰਾ ਨੰਗਲ ਅਤੇ ਅੱਧੀ ਦਰਜਨ ਪੁਲੀਸ ਅਧਿਕਾਰੀਆਂ ਨੇ ਵੀਡੀਓ ਕਾਨਫਰੰਸ ਰਾਹੀਂ ਅੱਜ ਪੇਸ਼ੀ ਭੁਗਤੀ।

# ਜ਼ਿਲ੍ਹਾ ਜੇਲ੍ਹ ਕੰਪਲੈਕਸ ਦੇ ਉੱਪਰ ਅਤੇ 500 ਮੀਟਰ ਦੇ ਘੇਰੇ ਦੇ ਆਲੇ ਦੁਆਲੇ ਡਰੋਨ ਉਡਾਉਣ 'ਤੇ ਪਾਬੰਦੀ ਦੇ ਹੁਕਮ ਜਾਰੀ

**ਮਾਨਸਾ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਸ੍ਰੀ ਨਿਰਮਲ ਓਸੇਪਚਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਜੇਲ੍ਹ, ਮਾਨਸਾ ਦੇ ਕੰਪਲੈਕਸ ਦੇ ਉੱਪਰ ਅਤੇ ਇਸ ਦੇ 500 ਮੀਟਰ ਦੇ ਘੇਰੇ ਦੇ ਆਲੇ ਦੁਆਲੇ ਡਰੋਨ ਉਡਾਉਣ 'ਤੇ ਪੂਰਨ ਪਾਬੰਦੀ ਲਗਾਉਂਦੇ ਹੋਏ 'ਨੋ ਡਰੋਨ ਜ਼ੋਨ' ਘੋਸ਼ਿਤ ਕੀਤਾ ਹੈ।

ਹੁਕਮ ਵਿਚ ਕਿਹਾ ਗਿਆ ਹੈ ਕਿ ਸੀਨੀਅਰ ਕਪਤਾਨ ਪੁਲਿਸ ਵੱਲੋਂ ਧਿਆਨ ਵਿਚ ਲਿਆਂਦਾ ਗਿਆ ਹੈ ਕਿ ਪਿਛਲੇ ਸਮੇਂ ਦੌਰਾਨ ਪੰਜਾਬ ਦੀਆਂ ਵੱਖ ਵੱਖ ਜੇਲ੍ਹਾਂ ਵਿਚ ਮੋਬਾਇਲ ਫੋਨ, ਨਸ਼ੀਲੀਆਂ ਦਵਾਈਆਂ/ਪਦਾਰਥ ਅਤੇ ਹੋਰ ਇਤਰਾਜ਼ਯੋਗ ਵਸਤੂਆਂ ਬਰਾਮਦ ਹੋਣ ਸਬੰਧੀ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਇਸ ਲਈ ਅਜਿਹੀਆਂ ਘਟਨਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਜ਼ਿਲ੍ਹਾ ਜੇਲ੍ਹ, ਮਾਨਸਾ ਦੇ ਕੰਪਲੈਕਸ ਦੇ ਉੱਪਰ ਅਤੇ ਇਸ ਦੇ 500 ਮੀਟਰ ਦੇ ਘੇਰੇ ਦੇ ਆਲੇ ਦੁਆਲੇ ਡਰੋਨ ਉਡਾਉਣ 'ਤੇ ਪੂਰਨ ਪਾਬੰਦੀ ਲਗਾ ਕੇ 'ਨੋ ਡਰੋਨ ਜ਼ੋਨ' ਘੋਸ਼ਿਤ ਕਰਨ ਦੀ ਮੰਗ ਕੀਤੀ ਗਈ ਹੈ।

ਇਹ ਹੁਕਮ 31 ਮਾਰਚ, 2025 ਤੱਕ ਲਾਗੂ ਰਹੇਗਾ।

# ਪ੍ਰੈਗਾਬਲਿਨ 75 ਐਮ.ਜੀ. ਤੋਂ ਵੱਧ ਮਾਤਰਾ ਦੇ ਕੈਪਸੂਲ ਦੀ ਵਿਕਰੀ 'ਤੇ ਲਗਾਈ ਪਾਬੰਦੀ

**ਮਾਨਸਾ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਸ਼੍ਰੀ ਨਿਰਮਲ ਓਸੇਪਚਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਮਾਨਸਾ ਵਿੱਚ ਪ੍ਰੈਗਾਬਲਿਨ 75 ਐਮ.ਜੀ. ਤੋਂ ਵੱਧ ਮਾਤਰਾ ਦੇ ਕੈਪਸੂਲ ਦੀ ਵਿਕਰੀ 'ਤੇ ਮੁਕੰਮਲ ਤੌਰ 'ਤੇ ਪਾਬੰਦੀ ਲਗਾਈ ਹੈ। ਉਨ੍ਹਾਂ ਕਿਹਾ ਕਿ ਕੈਮਿਸਟ ਵੱਲੋਂ ਦਵਾਈ ਦੇਣ ਸਮੇਂ ਪ੍ਰੀਸਕਰਿਪਸ਼ਨ ਸਲਿੱਪ 'ਤੇ ਆਪਣੀ ਮੋਹਰ ਲਗਾਈ ਜਾਵੇਗੀ ਅਤੇ ਦਵਾਈ ਦੇਣ ਦੀ ਮਿਤੀ ਦਰਜ ਕੀਤੀ ਜਾਵੇਗੀ। ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਨੇ ਕਿਹਾ ਕਿ ਸਿਵਲ ਸਰਜਨ ਮਾਨਸਾ ਨੇ ਧਿਆਨ ਵਿੱਚ ਲਿਆਂਦਾ ਹੈ ਕਿ ਪ੍ਰੈਗਾਬਲਿਨ ਕੰਨਟੇਨਿੰਗ 300 ਐਮ.ਜੀ. ਕੈਪਸੂਲ ਦੀ ਆਮ ਲੋਕਾਂ ਵੱਲੋਂ ਗਲਤ ਵਰਤੋਂ ਕੀਤੀ ਜਾ ਰਹੀ ਹੈ ਅਤੇ ਕਈ ਲੋਕਾਂ ਵੱਲੋਂ ਇਸ ਨੂੰ ਨਸ਼ੇ ਦੇ ਤੌਰ 'ਤੇ ਵਰਤਿਆ ਜਾ ਰਿਹਾ ਹੈ (ਸਿਗਨੇਚਰ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ)। ਉਨ੍ਹਾਂ ਵੱਲੋਂ ਜ਼ਿਲ੍ਹਾ ਮਾਨਸਾ ਵਿੱਚ ਇਸ ਦੀ ਵਿਕਰੀ 'ਤੇ ਬੈਨ ਲਗਾਉਣ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸਿਵਲ ਸਰਜਨ ਵੱਲੋਂ ਪ੍ਰਾਪਤ ਰਿਪੋਰਟ ਅਨੁਸਾਰ ਆਮ ਤੌਰ 'ਤੇ ਮਰੀਜ਼ ਨੂੰ ਉਸ ਦੇ ਹਾਲਾਤਾਂ ਦੇ ਅਧਾਰ 'ਤੇ ਪ੍ਰੈਗਾਬਲਿਨ ਦੀ ਡੋਜ਼ 25-150 ਐਮ.ਜੀ. ਰੋਜ਼ਾਨਾ ਪ੍ਰੀਸਕਰਾਇਬ ਕੀਤੀ ਜਾਂਦੀ ਹੈ। ਇਹ ਹੁਕਮ 31, ਮਾਰਚ 2025 ਤੱਕ ਲਾਗੂ ਰਹੇਗਾ।

# ਵੀਆਈਪੀ ਰੋਡ 'ਤੇ ਕੱਛੂ ਰਫਤਾਰ ਸੇਵਰਜ ਨਵੀਨੀਕਰਨ ਪ੍ਰੋਜੈਕਟ ਵਸਨੀਕਾਂ ਲਈ ਬਣੀਆਂ ਸਮੱਸਿਆ

**ਜ਼ੀਰਕਪੁਰ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਵੀਆਈਪੀ ਰੋਡ 'ਤੇ ਚੱਲ ਰਿਹਾ ਸੀਵਰੇਜ ਨਵੀਨੀਕਰਨ ਪ੍ਰੋਜੈਕਟ ਸੜਕ 'ਤੇ ਚਿੱਕੜ ਅਤੇ ਗੰਦੇ ਪਾਣੀ ਦੇ ਜਮ੍ਹਾਂ ਹੋਣ ਕਾਰਨ ਵਸਨੀਕਾਂ ਲਈ ਅਸੁਵਿਧਾ ਦਾ ਕਾਰਨ ਬਣ ਰਿਹਾ ਹੈ। ਨਵੰਬਰ 2023 ਵਿੱਚ ਸ਼ੁਰੂ ਹੋਏ ਇਸ ਪ੍ਰੋਜੈਕਟ ਦਾ ਉਦੇਸ਼ ਸਾਊਥ ਸਿਟੀ ਵੱਲ ਸੀਵਰੇਜ਼ ਓਵਰਫਲੋਅ ਸਮੱਸਿਆ ਨਾਲ ਨਜਿੱਠਣ ਲਈ ਪੁਰਾਣੀਆਂ ਸੀਵਰੇਜ ਪਾਈਪਾਂ ਨੂੰ ਨਵੇਂ ਨਾਲ ਬਦਲਣਾ ਹੈ। ਹਾਲਾਂਕਿ, ਸੜਕ ਦੀ ਮੌਜੂਦਾ ਹਾਲਤ ਕਾਰਨ ਹਾਦਸੇ ਅਤੇ ਯਾਤਰੀਆਂ ਲਈ ਮੁਸ਼ਕਲਾਂ ਪੈਦਾ ਹੋ ਰਹੀਆਂ ਹਨ।

ਇਸ ਪ੍ਰੋਜੈਕਟ, ਜਿਸਦੀ ਲਾਗਤ 2.65 ਕਰੋੜ ਰੁਪਏ ਹੋਣ ਦਾ ਅਨੁਮਾਨ ਹੈ, ਵਿੱਚ 2.2 ਕਿਲੋਮੀਟਰ ਦੀ ਨਵੀਂ ਸੀਵਰੇਜ ਲਾਈਨ ਵਿਛਾਉਣਾ ਸ਼ਾਮਲ ਹੈ ਜਿਸਦਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ ਉਦਘਾਟਨ ਕੀਤਾ ਗਿਆ ਸੀ। ਇਹ ਪਹਿਲ ਸਾਊਥ ਸਿਟੀ ਸੋਸਾਇਟੀ ਵੱਲ ਸੀਵਰੇਜ ਓਵਰਫਲੋ ਦੇ ਲੰਬੇ ਸਮੇਂ ਤੋਂ ਚੱਲ ਰਹੇ ਮੁੱਦੇ ਨੂੰ ਹੱਲ ਕਰਨ ਲਈ ਕੀਤੀ ਗਈ ਸੀ, ਜੋ ਕਿ ਵਸਨੀਕਾਂ ਲਈ ਇੱਕ ਵੱਡੀ ਚਿੰਤਾ ਦਾ ਵਿਸ਼ਾ ਰਿਹਾ ਹੈ। ਹਾਲਾਂਕਿ, ਸੜਕ ਦੇ ਚਿੱਕੜ ਅਤੇ ਖੜੇ ਗੰਦੇ ਪਾਣੀ ਕਾਰਨ ਇਹ ਕੰਮ ਹੁਣ ਲੋਕਾਂ ਲਈ ਇੱਕ ਸਿਰਦਰਦੀ ਬਣ ਗਿਆ ਹੈ। ਮੌਜੂਦਾ ਸਮੇਂ ਵਿੱਚ ਸੜਕ 'ਤੇ ਪੁਟਾਈ ਕਾਰਨ ਬਣੇ ਟੋਇਆਂ ਦੀ ਮੌਜੂਦਗੀ ਕਾਰਨ ਹਾਦਸੇ ਵਾਪਰਨ ਦਾ ਵੀ ਖਦਸ਼ਾ ਬਣੀਆਂ ਹੋਈਆਂ ਹੈ।

ਵਸਨੀਕਾਂ ਨੂੰ ਆਉਣ-ਜਾਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਅਤੇ ਸੜਕ ਤੇ ਖੜੇ ਗੰਦੇ ਪਾਣੀ ਅਤੇ ਚਿੱਕੜ ਨਾਲ ਸਥਿਤੀ ਹੋਰ ਵੀ ਗੰਭੀਰ ਹੋ ਗਈ ਹੈ। ਸਥਾਨਕ ਵਸਨੀਕਾਂ ਨੇ ਅਧਿਕਾਰੀਆਂ ਨੂੰ ਇਸ ਮੁੱਦੇ ਨੂੰ ਹੱਲ ਕਰਨ ਅਤੇ ਵਸਨੀਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਤੁਰੰਤ ਕਾਰਵਾਈ ਕਰਨ ਦੀ ਅਪੀਲ ਕੀਤੀ ਗਈ ਹੈ। ਸੀਵਰੇਜ ਪ੍ਰੋਜੈਕਟ ਕਾਰਨ ਹੋਣ ਵਾਲੀ ਅਸੁਵਿਧਾ ਇਸ ਸੜਕ ਤੇ ਸਥਿੱਤ ਸੁਸਾਇਟੀਆਂ ਦੇ ਵਸਨੀਕਾਂ ਅਤੇ ਦੁਕਾਨਦਾਰਾਂ ਲਈ ਇੱਕ ਵੱਡੀ ਚਿੰਤਾ ਬਣ ਗਈ ਹੈ। ਜਿਨ੍ਹਾਂ ਵੱਲੋਂ ਅਧਿਕਾਰੀਆਂ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਇਸ ਮੁੱਦੇ ਨੂੰ ਹੱਲ ਕਰਨ ਅਤੇ ਵਸਨੀਕਾਂ ਦੀ ਸੁਰੱਖਿਆ ਅਤੇ ਸਹੂਲਤ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਉਪਾਅ ਕਰਨ। ਇਹ ਪ੍ਰੋਜੈਕਟ, ਜਿਸਦਾ ਉਦੇਸ਼ ਸੀਵਰੇਜ ਪ੍ਰਣਾਲੀ ਨੂੰ ਬਿਹਤਰ ਬਣਾਉਣਾ ਹੈ, ਲੋਕਾਂ ਲਈ ਅਸੁਵਿਧਾ ਦਾ ਕਾਰਨ ਨਹੀਂ ਬਣਨਾ ਚਾਹੀਦਾ। ਲੋਕਾਂ ਨੇ ਕਿਹਾ ਕਿ ਉਮੀਦ ਹੈ ਕਿ ਅਧਿਕਾਰੀ ਇਸ ਮੁੱਦੇ ਨੂੰ ਹੱਲ ਕਰਨ ਲਈ ਤੁਰੰਤ ਕਾਰਵਾਈ ਕਰਨਗੇ ਅਤੇ ਵੀਆਈਪੀ ਰੋਡ 'ਤੇ ਆਵਾਜਾਈ ਦੇ ਸੁਚਾਰੂ ਪ੍ਰਵਾਹ ਨੂੰ ਯਕੀਨੀ ਬਣਾਉਣਗੇ। ਇਸ ਸੰਬਧੀ ਏ.ਐਮ.ਈ ਸੁਖਵਿੰਦਰ ਸਿੰਘ ਨੇ ਕਿਹਾ ਕਿ ਕੰਮ ਨੂੰ ਸੇਤੀ ਮੁਕੰਮਲ ਕਰ ਸੜਕ ਨੂੰ ਠੀਕ ਕਰ ਦਿੱਤਾ ਜਾਵੇਗਾ।

# ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਸੁਧਾਰਾਂ ਦਾ ਲਾਰਾ ਲਾਕੇ ਸੱਤਾ ਵਿੱਚ ਆਈ ਆਪ ਸਰਕਾਰ ਚਲ ਰਹੀਆਂ ਭਰਤੀਆਂ ਨੂੰ ਲੇਟ ਕਰਨ ਵੱਲ ਤੁਰੀ

**ਬਠਿੰਡਾ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਸੁਧਾਰਾਂ ਦਾ ਲਾਰਾ ਲਾਕੇ ਸੱਤਾ ਵਿੱਚ ਆਈ ਆਪ ਸਰਕਾਰ 5 ਸਾਲ ਪੁਰਾਣੀਆਂ ਭਰਤੀਆਂ ਨੂੰ ਵੀ ਲੇਟ ਤੇ ਲੇਟ ਕਰਨ ਦੇ ਬਹਾਨੇ ਬਣਾਕੇ ਸਮਾਂ ਟਪਾ ਰਹੀ ਹੈ ਸਰਕਾਰ ਵੱਲੋਂ ਇਕ ਅਧਿਆਪਕ ਬਣਨ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰ ਚੁੱਕੇ ਆਧਿਆਪਕਾਂ ਨੂੰ ਸੜਕਾਂ ਤੇ ਰੋਲਿਆ ਜਾ ਰਿਹਾ ਹੈ ਇਥੇ ਜੇਕਰ 2364 ਈਟੀਟੀ ਭਰਤੀ ਦੀ ਗੱਲ ਕਰੀਏ ਤਾਂ ਇਹ ਭਰਤੀ ਮਾਰਚ 2020 ਵਿੱਚ ਆਈ ਸੀ ਤੇ ਕਰਾਂਤੀਕਾਰੀ ਸੁਧਾਰਾਂ ਦਾ ਝੂਠ ਬੋਲਕੇ ਸੱਤਾ ਸੁਖ ਭੋਗ ਰਹੀ ਆਪ ਸਰਕਾਰ ਵਲੋ ਤਿੰਨ ਵਾਰੀ ਇਸ ਭਰਤੀ ਦੇ ਉਮੀਦਵਾਰਾਂ ਦੀ ਸਟੇਸ਼ਨ ਚੋਆਇਸ ਤੱਕ ਕਰਵਾਈ ਜਾ ਚੁੱਕੀ ਹੈ ਇਸ ਭਰਤੀ ਦੇ ਉਮੀਦਵਾਰਾਂ ਵਲੋ ਪਿੱਛਲੇ 5 ਸਾਲਾਂ ਤੋਂ ਹੀ ਸੰਘਰਸ਼ ਕੀਤਾ ਜਾ ਰਿਹਾ ਹੈ ਤੇ ਸਲੈਕਟ ਹੋਣ ਦੇ ਬਾਵਜੂਦ ਇਹਨਾ ਆਧਿਆਪਕਾਂ ਨੂੰ ਦਿਹਾੜੀਆਂ ਕਰਨੀਆਂ ਪੈ ਰਹੀਆਂ ਹਨ, ਇਸ ਭਰਤੀ ਦੇ ਬਹੁਤੇ ਉਮੀਦਵਾਰ ਤਾ ਡਿਪਰੈਸ਼ਨ ਵਰਗੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਚੁੱਕੇ ਹਨ।

ਇਸ ਸਰਕਾਰ ਵਲੋ ਤਿੰਨ ਵਾਰੀ ਸਟੇਸ਼ਨ ਚੋਆਈਸ ਕਰਾਉਣ ਤੋ ਬਾਅਦ ਵੀ ਕਿਸੇ ਇਕ ਉਮੀਦਵਾਰ ਨੂੰ ਵੀ ਨੌਕਰੀ ਨਹੀਂ ਦਿੱਤੀ ਗਈ ਇਸ ਭਰਤੀ ਦੇ ਯੋਗ ਉਮੀਦਵਾਰਾਂ ਨਾਲ ਸਰਕਾਰ ਹਰ ਵਾਰ ਸਟੇਸ਼ਨ ਅਲਾਟਮੈਂਟ ਤੋ ਪਹਿਲਾਂ ਕਰਨ ਵਾਲੀ ਸਾਰੀ ਕਾਰਵਈ ਪੂਰੀ ਕਰਦੀ ਹੈ ਪਰ ਜਦੋਂ ਸਟੇਸ਼ਨ ਅਲਾਟ ਦੀ ਵਾਰੀ ਆਉਂਦੀ ਹੈ ਤਾਂ ਸਰਕਾਰ ਹਰ ਵਾਰ ਨਵਾਂ ਬਹਾਨਾ ਬਣਾ ਲੈਂਦੀ ਹੈ ਜਦਕਿ ਇਸ ਭਰਤੀ ਤੇ ਇਸ ਵੇਲੇ ਕੋਈ ਰੋਕ ਨਹੀਂ ਹੈ ਸਰਕਾਰ ਚਾਹੇ ਤਾਂ ਭਰਤੀ ਕਰ ਸਕਦੀ ਹੈ ਪਰ ਸਰਕਾਰ ਦੇ ਇਸ ਰਵਈਏ ਕਰਕੇ ਇਹਨਾ ਅਧਿਆਪਕਾਂ ਨੂੰ ਆਪਣੇ ਘਰ ਦਾ ਗੁਜ਼ਾਰਾ ਕਰਨਾ ਵੀ ਮੁਸ਼ਕਿਲ ਹੋਇਆ ਪਿਆ ਹੈ, ਇਸਦੇ ਨਾਲ ਹੀ ਇਕ ਭਰਤੀ 5994 ਵੀ ਚੱਲ ਰਹੀ ਹੈ ਬਹੁਤੇ ਆਧਿਆਪਕਾਂ ਦਾ ਦੋਨੋਂ ਭਰਤੀਆਂ ਵਿੱਚ ਨਾਮ ਆਉਂਦਾ ਹੈ ਤੇ ਓਹਨਾ ਦਾ ਕਹਿਣਾ ਹੈ ਕਿ ਬੇਸ਼ੱਕ ਨੌਕਰੀ ਇਕ ਹੀ ਲੈਣੀ ਹੈ ਪਰ ਸਰਕਾਰ ਦੀ ਲੇਟ ਲਤੀਫੀ ਵਾਲੀ ਗੱਲ ਕਰਕੇ ਅਸੀਂ ਦੋ ਦੋ ਭਰਤੀਆਂ ਦੇ ਵਿੱਚ ਯੋਗ ਹੋਣ ਦੇ ਬਾਵਜੂਦ ਵੀ ਅਸੀਂ ਦਿਹਾੜੀਆਂ ਕਰਨ ਅਤੇ ਕਰਜ਼ੇ ਲੈਕੇ ਅਪਣੇ ਘਰ ਦਾ ਗੁਜ਼ਾਰਾ ਚਲਾ ਰਹੇ ਹਾਂ !

ਪੰਜ ਸਾਲ ਦਾ ਸਮਾਂ ਬਹੁਤ ਵੱਡਾ ਸਮਾਂ ਹੁੰਦਾ ਹੈ ਜੋ ਉਮੀਦਵਾਰ ਉਸ ਵੇਲੇ 22 ਸਾਲ ਦੀ ਉਮਰ ਦਾ ਸੀ ਅੱਜ ਉਸਦੀ ਉਮਰ 27 ਸਾਲ ਹੈ ਐਨਾ ਵੱਡਾ ਸਮਾਂ ਯੋਗ ਹੋਣ ਦੇ ਬਾਵਜੂਦ ਵੀ ਇੰਤਜ਼ਾਰ ਕਰਨਾ ਓਹ ਵੀ ਆਰਥਿਕ ਤੌਰ ਤੇ ਅਜੇਹੀ ਕਮਜ਼ੋਰ ਹਾਲਤ ਵਿੱਚ ਬਹੁਤ ਮੁਸ਼ਕਿਲ ਗੱਲ ਹੈ।

ਸਿੱਖਿਆ ਦਾ ਵਿਭਾਗ ਓਹ ਹੈ ਜਿਸ ਵਿੱਚ ਸਰਕਾਰ ਵਲੋ ਕਰਾਂਤੀਕਾਰੀ ਬਦਲਾਵ ਕਰਨ ਦਾ ਦਾਵਾ ਕੀਤਾ ਗਿਆ ਸੀ ਤੇ ਜੇਕਰ ਇਸ ਵਿਭਾਗ ਦਾ ਇਹ ਹਾਲ ਹੈ ਤਾਂ ਬਾਕੀ ਵਿਭਾਗਾਂ ਦਾ ਕਿ ਬਣੇਗਾ , ਸੋ ਸਰਕਾਰਾਂ ਕੋਲ ਪੰਜ ਸਾਲ ਦਾ ਸਮਾਂ ਹੁੰਦਾ ਹੈ ਜੇਕਰ ਇਹ ਸਰਕਾਰ ਆਪਣਾ ਵਾਦਾ ਪੂਰਾ ਨਹੀਂ ਕਰਦੀ ਤਾਂ ਜਿੰਨਾ ਨੇ ਆਪ ਸਰਕਾਰ ਨੂੰ ਸੱਤਾ ਸੁਖ ਦਿੱਤਾ ਓਹ ਸਰਕਾਰ ਨੂੰ ਬਦਲ ਵੀ ਸਕਦੇ ਹਨ ਸੋ ਸਰਕਾਰ ਪਿੱਛਲੇ ਲੰਬੇ ਸਮੇਂ ਇਹਨਾ ਨੂੰ ਲਾਰੇ ਲਾ ਰਹੀ ਹੈ ਪਰ ਅਜੇ ਤੱਕ ਕੋਈ ਨਿਯੁਕਤੀ ਨਹੀਂ ਹੋਈ ਸਰਕਾਰ ਜਲਦੀ ਹੀ ਇਹਨਾ ਭਰਤੀਆਂ ਨੂੰ ਪੂਰਾ ਕਰੇ ਤਾਂ ਜੋ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਪੜਨ ਵਿੱਚ ਪ੍ਰੇਸ਼ਾਨੀ ਨਾ ਹੋਵੇ ਤੇ ਜਿੱਥੇ ਜਿੱਥੇ ਅਧਿਆਪਕਾਂ ਦੀ ਕਮੀਂ ਹੈ ਉਹ ਵੀ ਪੂਰੀ ਹੋਵੇ।

# ਡਿਪਟੀ ਕਮਿਸ਼ਨਰ ਵੱਲੋਂ ਕਿਦਵਈ ਨਗਰ ਅਤੇ ਢੋਲੇਵਾਲ ਸਕੂਲ ਆਫ਼ ਐਮੀਨੈਂਸ ਪ੍ਰੋਜੈਕਟਾਂ ਦੀ ਪ੍ਰਗਤੀ ਦਾ ਲਿਆ ਜਾਇਜ਼ਾ

**ਲੁਧਿਆਣਾ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਵੱਲੋਂ ਆਗਾਮੀ ਕਿਦਵਈ ਨਗਰ ਅਤੇ ਢੋਲੇਵਾਲ ਵਾਲੇ ਸਕੂਲ ਆਫ਼ ਐਮੀਨੈਂਸ (ਐਸ.ਓ.ਈ.) ਦੇ ਉਸਾਰੀ ਕਾਰਜ਼ਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਗਿਆ। ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਜਿਨ੍ਹਾਂ ਵਿੱਚ ਸਿੱਖਿਆ, ਨਗਰ ਸੁਧਾਰ ਟਰੱਸਟ ਅਤੇ ਲੋਕ ਨਿਰਮਾਣ ਵਿਭਾਗ (ਪੀ.ਡਬਲਯੂ.ਡੀ.) ਸ਼ਾਮਲ ਸਨ, ਦੇ ਨਾਲ ਮੀਟਿੰਗ ਦੌਰਾਨ, ਡਿਪਟੀ ਕਮਿਸ਼ਨਰ ਜ਼ੋਰਵਾਲ ਨੇ ਕਿਹਾ ਕਿ ਕਿਦਵਈ ਨਗਰ ਐਸ.ਓ.ਈ. ਲਈ ਮੁਕੰਮਲ ਹੋਣ ਦੀ ਆਖਰੀ ਮਿਤੀ 31 ਮਾਰਚ, 2025 ਨਿਰਧਾਰਤ ਕੀਤੀ ਗਈ ਹੈ।ਡਿਪਟੀ ਕਮਿਸ਼ਨਰ ਜੋਰਵਾਲ ਨੇ ਦੱਸਿਆ ਕਿ ਰੈਂਪ, ਸੁਰੱਖਿਆ ਗਾਰਡ ਰੂਮ ਅਤੇ ਬਿਜਲੀ ਫਿਟਿੰਗ 'ਤੇ ਕੰਮ ਪਹਿਲਾਂ ਹੀ ਜਾਰੀ ਹੈ। ਇਸ ਤੋਂ ਇਲਾਵਾ, ਵਿਭਾਗ ਨੇ ਕੰਮ ਦੇ ਦਾਇਰੇ ਵਿੱਚ ਤਬਦੀਲੀਆਂ ਲਈ ਪ੍ਰਸ਼ਾਸਕੀ ਪ੍ਰਵਾਨਗੀ ਲਈ ਵੀ ਪ੍ਰਸਤਾਵ ਰੱਖਿਆ ਹੈ ਅਤੇ ਉਸ ਅਨੁਸਾਰ ਲੋੜੀਂਦੇ ਫੰਡ ਅਲਾਟ ਕੀਤੇ ਜਾਣਗੇ। ਉਨ੍ਹਾਂ ਨਗਰ ਸੁਧਾਰ ਟਰੱਸਟ ਲੁਧਿਆਣਾ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਚੱਲ ਰਹੇ ਕਾਰਜ਼ਾਂ ਵਿੱਚ ਤੇਜ਼ੀ ਲਿਆਂਦੀ ਜਾਵੇ ਤਾਂ ਜੋ ਨਿਰਧਾਰਿਤ ਸਮੇਂ ਅੰਦਰ ਇਸ ਪ੍ਰੋਜੈਕਟ ਨੂੰ ਮੁਕੰਮਲ ਕੀਤਾ ਜਾ ਸਕੇ।ਇਸ ਤੋਂ ਇਲਾਵਾ, ਜੋਰਵਾਲ ਵੱਲੋਂ ਢੋਲੇਵਾਲ ਸਕੂਲ ਆਫ਼ ਐਮੀਨੈਂਸ ਵਿਖੇ ਚੱਲ ਰਹੇ ਕੰਮਾਂ ਬਾਰੇ ਫੀਡਬੈਕ ਲਈ, ਜੋ ਕਿ ਲੋਕ ਨਿਰਮਾਣ ਵਿਭਾਗ ਦੁਆਰਾ ਬਣਾਇਆ ਜਾ ਰਿਹਾ ਹੈ।

ਡਿਪਟੀ ਕਮਿਸ਼ਨਰ ਵੱਲੋਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਗਿਆ ਕਿ ਸਕੂਲ ਆਫ਼ ਐਮੀਨੈਂਸ ਵਿੱਚ ਸਮਾਰਟ ਕਲਾਸਰੂਮ, ਆਧੁਨਿਕ ਬੁਨਿਆਦੀ ਢਾਂਚਾ, ਪ੍ਰਯੋਗਸ਼ਾਲਾਵਾਂ, ਸੀ.ਸੀ.ਟੀ.ਵੀ. ਨਿਗਰਾਨੀ ਅਤੇ ਵੱਖ-ਵੱਖ ਖੇਡ ਗਤੀਵਿਧੀਆਂ ਲਈ ਲੈਸ ਖੇਡ ਦੇ ਮੈਦਾਨ ਹੋਣਗੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਕੂਲ ਆਫ਼ ਐਮੀਨੈਂਸ ਪ੍ਰੋਗਰਾਮ ਦਾ ਉਦੇਸ਼ ਸਿੱਖਿਆ ਖੇਤਰ ਵਿੱਚ ਕ੍ਰਾਂਤੀ ਲਿਆਉਣਾ, ਵਿਦਿਆਰਥੀਆਂ ਦੇ ਸੰਪੂਰਨ ਵਿਕਾਸ ਅਤੇ ਉੱਜਵਲ ਭਵਿੱਖ ਨੂੰ ਉਤਸ਼ਾਹਿਤ ਕਰਨਾ ਹੈ। ਡਿਪਟੀ ਕਮਿਸ਼ਨਰ ਜੋਰਵਾਲ ਨੇ ਜ਼ੋਰ ਦੇ ਕੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਿੱਖਿਆ ਵਿੱਚ ਉੱਚ-ਗੁਣਵੱਤਾ ਵਾਲੀਆਂ ਸੇਵਾਵਾਂ ਨੂੰ ਤਰਜੀਹ ਦੇ ਰਹੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਇਨ੍ਹਾਂ ਪ੍ਰੋਜੈਕਟਾਂ 'ਤੇ ਸਾਰੇ ਲੰਬਿਤ ਕਾਰਜ਼ਾਂ ਨੂੰ ਤੇਜ਼ੀ ਨਾਲ ਪੂਰਾ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲਾਇਆ ਜਾਵੇ।

# ਅਰਵਿੰਦ ਕੇਜਰੀਵਾਲ ਲਗਾਤਾਰ ਚੌਥੀ ਵਾਰ ਦਿੱਲੀ ਦੇ ਮੁੱਖ ਮੰਤਰੀ ਬਣਨਗੇ : ਦੇਵ ਮਾਨ



**ਨਾਭਾ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਵਿੱਚ ਹੋ ਰਹੀਆਂ ਚੋਣਾਂ ਵਿੱਚ ਆਪ ਪਾਰਟੀ ਬੜੀ ਸ਼ਾਨ ਨਾਲ ਜਿੱਤ ਪ੍ਰਾਪਤ ਕਰੇਗੀ। ਇਹਨਾਂ ਗੱਲਾਂ ਦਾ ਪ੍ਰਗਟਾਵਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਜਨਕਪੁਰੀ ਵਿਖੇ ਆਪ ਉਮੀਦਵਾਰ ਪ੍ਰਵੀਨ ਕੁਮਾਰ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਨ ਉਪਰੰਤ ਪ੍ਰਗਟਾਏ। ਉਹਨਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵੱਲੋਂ ਕੀਤੇ ਜਾ ਰਹੇ ਕਾਰਜ ਸ਼ਲਾਘਾਯੋਗ ਹਨ। ਜਿਨਾਂ ਨੂੰ ਦੇਖਦੇ ਹੋਏ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਇੱਕ ਵਾਰ ਫੇਰ ਜਿੱਤ ਪ੍ਰਾਪਤ ਕਰੇਗੀ। ਜਿਸ ਤਰ੍ਹਾਂ ਪਹਿਲਾਂ ਵੀ ਆਮ ਆਦਮੀ ਪਾਰਟੀ ਦੀ ਜਿੱਤ ਹੋਈ ਹੈ ਇਹ ਜਿੱਤ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਦਿੱਲੀ ਵਿੱਚ ਕੀਤੇ ਗਏ ਕੰਮ ਜਿਵੇਂ ਕਿ ਮੁਫਤ ਬਿਜਲੀ, ਲੋਕਾਂ ਦੀਆਂ ਸਿਹਤ ਸਹੂਲਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਮੁਹੱਲਾ ਕਲੀਨਿਕ ਖੋਲਣਾ, ਪੀਣ ਵਾਲਾ ਸਾਫ ਪਾਣੀ ਮੁਹਈਆ ਕਰਵਾਉਣਾ ਬੇਰੁਜ਼ਗਾਰ ਨੌਜਵਾਨਾਂ ਨੂੰ ਨੌਕਰੀਆਂ ਦੇਣਾ ਅਤੇ ਬਸ ਕਿਰਾਇਆ ਮੁਫਤ ਆਦਿ ਮੁੱਖ ਹਨ। ਉਹਨਾਂ ਕਿਹਾ ਕਿ ਚੋਣ ਨਤੀਜਿਆਂ ਤੋਂ ਬਾਅਦ ਵਿਰੋਧੀ ਪਾਰਟੀਆਂ ਦੇ ਭੁਲੇਖੇ ਦੂਰ ਹੋ ਜਾਣਗੇ ਜੋ ਆਪਣੀ ਆਪਣੀ ਜਿੱਤ ਦਾ ਦਾਅਵਾ ਕਰ ਰਹੀਆਂ ਹਨ। ਇਸ ਮੌਕੇ ਸੁਖਵਿੰਦਰ ਸਿੰਘ ਦੁਲੱਦੀ, ਮਾਨਟੂ ਪਾਹੂਜਾ, ਤੇਜਿੰਦਰ ਖਹਿਰਾ, ਪੰਕਜ ਪੱਪੂ, ਮੇਜਰ ਸਿੰਘ ਤੁੰਗਾਂ, ਟੋਨਾ ਸਰਪੰਚ ਮੂਗੋਂ , ਪੱਪੀ ਸਰਪੰਚ ਬਿਰਧਨੋਂ , ਠੇਕੇਦਾਰ ਹਰਮੇਸ਼ ਸਿੰਘ ਮੇਸ਼ੀ , ਗੁਰਪ੍ਰੀਤ ਸਿੰਘ ਮੱਲੇਵਾਲ, ਭੁਪਿੰਦਰ ਸਿੰਘ ਕੱਲਰ ਮਾਜਰੀ ,ਜਸਵੀਰ ਸਿੰਘ ਵਜੀਦਪੁਰ , ਗੁਰਮੁੱਖ ਸਿੰਘ ਮੋਹਲਗੁਆਰਾ , ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਪ ਵਰਕਰ ਅਤੇ ਆਗੂ ਹਾਜ਼ਰ ਸਨ।

# ਕਰੇਲੇ ਦਾ ਜੂਸ ਸਿਹਤ ਲਈ ਲਾਹੇਵੰਦ

ਕਰੇਲੇ ਦੇ ਜੂਸ ਦਾ ਰੋਜ਼ ਸੇਵਨ ਕਰਨਾ ਚਾਹੀਦਾ ਹੈ ਇਸ ਦੇ ਰੋਜ਼ਾਨਾ ਸੇਵਨ ਨਾਲ ਪਾਚਨ ਕਿਰਿਆ ਸਹੀ ਰਹਿੰਦੀ ਹੈ ਜਿਸ ਨਾਲ ਭੁੱਖ ਵਧਦੀ ਹੈ ਤੇ ਸਰੀਰ ਨੂੰ ਵਧੀਆ ਪੌਸ਼ਟਿਕ ਤੱਤ ਵੀ ਮਿਲਦੇ ਹਨ। ਇਹ ਲਿਵਰ 'ਚੋਂ ਜ਼ਹਿਰੀਲੇ ਪਦਾਰਥ ਬਾਹਰ ਕੱਢਦਾ ਹੈ। ਰੋਜ਼ਾਨਾ ਇਕ ਗਲਾਸ ਕਰੇਲੇ ਦਾ ਜੂਸ ਪੀਣ ਨਾਲ ਲਿਵਰ ਮਜ਼ਬੂਤ ਹੁੰਦਾ ਹੈ ਕਿਉਂਕਿ ਇਹ ਪੀਲੀਏ ਵਰਗੀਆਂ ਬਿਮਾਰੀਆਂ ਨੂੰ ਦੂਰ ਰੱਖਦਾ ਹੈ ਤੇ ਨਾਲ ਹੀ ਇਹ ਲਿਵਰ ਤੋਂ ਜ਼ਹਿਰੀਲੇ ਪਦਾਰਥਾਂ ਨੂੰ ਕੱਢਦਾ ਹੈ। ਖ਼ੂਨ ਨੂੰ ਕਰੇ ਸਾਫ਼ ਕਰੇਲੇ ਦਾ ਜੂਸ ਸਰੀਰ 'ਚ ਇਕ ਕੁਦਰਤੀ ਖ਼ੂਨ ਸੋਧਕ ਦੇ ਰੂਪ 'ਚ ਕੰਮ ਕਰਦਾ ਹੈ। ਇਹ ਜ਼ਹਿਰੀਲੇ ਤੱਤਾਂ ਨੂੰ ਬਾਹਰ ਕੱਢਦਾ ਹੈ। ਇਸ ਲਈ ਖ਼ੂਨ ਨੂੰ ਸਾਫ਼ ਕਰਨ ਅਤੇ ਮੁਹਾਸਿਆਂ ਵਰਗੀਆਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਰੋਜ਼ ਇਕ ਗਲਾਸ ਕਰੇਲੇ ਦਾ ਜੂਸ ਪੀਣਾ ਚਾਹੀਦਾ ਹੈ।

### ਕੈਂਸਰ 'ਚ ਉਪਯੋਗੀ

ਹਰ ਰੋਜ਼ ਇਕ ਗਲਾਸ ਕਰੇਲੇ ਦਾ ਜੂਸ ਪੀਣ ਨਾਲ ਕੈਂਸਰ ਪੈਦਾ ਕਰਨ ਵਾਲੀਆਂ ਕੋਸ਼ਿਕਾਵਾਂ ਨਸ਼ਟ ਹੋ ਜਾਂਦੀਆਂ ਹਨ ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਕਰੇਲੇ 'ਚ ਮੌਜੂਦ ਐਂਟੀਕੈਂਸਰ ਪੈਦਾ ਕਰਨ ਵਾਲੀਆਂ ਕੋਸ਼ਿਕਾਵਾਂ 'ਚ ਗੁਲੂਕੋਸ ਦਾ ਪਾਚਨ ਰੋਕ ਦਿੰਦੇ ਹਨ ਜਿਸ ਨਾਲ ਇਨ੍ਹਾਂ ਕੋਸ਼ਿਕਾਵਾਂ ਦੀ ਸ਼ਕਤੀ ਖਤਮ ਹੋ ਜਾਂਦੀ ਹੈ।

### ਪਾਚਨ ਸ਼ਕਤੀ 'ਚ ਵਾਧਾ

ਕਰੇਲੇ ਦਾ ਜੂਸ ਕਮਜ਼ੋਰ ਪਾਚਨ ਤੰਤਰ ਨੂੰ ਸੁਧਾਰਦਾ ਹੈ ।ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਇਹ ਐਸਿਡ ਦੇ ਪੱਧਰ ਨੂੰ ਵਧਾਉਂਦਾ ਹੈ ਜਿਸ ਨਾਲ ਪਾਚਨ ਸ਼ਕਤੀ ਵਧਦੀ ਹੈ। ਇਸ ਲਈ ਚੰਗੀ ਪਾਚਨ ਸਮਰਥਾ ਲਈ ਹਫ਼ਤੇ 'ਚ ਇਕ ਵਾਰ ਸਵੇਰੇ ਕਰੇਲੇ ਦਾ ਜੂਸ ਜ਼ਰੂਰ ਪੀਓ।

### ਨਜ਼ਰ ਕਰੇ ਤੇਜ਼

ਲਗਾਤਾਰ ਕਰੇਲੇ ਦੇ ਜੂਸ ਦੀ ਵਰਤੋਂ ਕਰਕੇ ਤੁਸੀ ਵੱਖ-2 ਦ੍ਰਿਸ਼ਟੀ ਦੋਸ਼ਾਂ ਨੂੰ ਦੂਰ ਕਰ ਸਕਦੇ ਹੋ। ਕਰੇਲੇ 'ਚ ਬੀਟਾ ਕੈਰੋਟੀਨ ਅਤੇ ਵਿਟਾਮਿਨ ਏ ਹੁੰਦੇ ਹਨ। ਇਸਦੇ ਇਲਾਵਾ ਵਿਟਾਮਿਨ ਸੀ ਅਤੇ ਐਂਟੀ-ਆਕਸੀਡੈਂਟ੍ਸ, ਆਕਸੀਡੇਟਿਵ ਤਣਾਅ ਨਾਲ ਹੋਣ ਵਾਲੀ ਨਜ਼ਰ ਦੀ ਕਮਜ਼ੋਰੀ ਤੋਂ ਬਚਾਉਂਦਾ ਹੈ।

• ਗੁਰਬਿੰਦਰ ਗੁਰੀ
9915727311





ਰਮਣੀਕ ਸਿੰਘ ਸੰਧੂ
89688-68063

*ਨਸ਼ਾਂ ਸਰੀਰ ਤੇ ਦਿਮਾਗ਼ ਨੂੰ ਕਮਜ਼ੋਰ ਕਰਦਾ ਹੈ। ਇਸ ਨਾਲ ਇਨਸਾਨ ਮਾਨਸਿਕ ਬਿਮਾਰੀਆਂ ਤੇ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦਾ ਹੈ।*

# ਲਾਇਲਾਜ ਨਹੀਂ ਹੈ ਨਸ਼ੇ ਦੀ ਆਦਤ



ਸ਼ਰਾਬ ਪੀਣੀ ਅਤੇ ਨਸ਼ਾ ਕਰਨਾ ਸਦੀਆਂ ਤੋਂ ਨੈਤਿਕ ਪਤਨ ਦਾ ਕਾਰਨ ਮੰਨਿਆ ਜਾਂਦਾ ਹੈ। ਅਮਲੀ ਨੂੰ ਇੱਛਾ-ਸ਼ਕਤੀ ਤੋਂ ਕਮਜ਼ੋਰ ਮੰਨਿਆ ਜਾਂਦਾ ਸੀ। ਅੱਜ ਵੀ ਬਹੁਤ ਲੋਕ ਇਸੇ ਭਰਮ ਨੂੰ ਪਾਲ ਰਹੇ ਹਨ ਪਰ ਵਿਗਿਆਨਕਾਂ ਖੋਜਾਂ ਨੇ ਸਾਬਿਤ ਕਰ ਦਿੱਤਾ ਹੈ ਕਿ ਅਮਲ ਦਾ ਆਦੀ ਹੋਣਾ ਇਕ 'ਬਿਮਾਰੀ' ਹੈ। ਅਮਲ ਦਿਮਾਗ਼ 'ਚ ਇਕ ਭੌਤਿਕ ਤਬਦੀਲੀ ਲਿਆਉਂਦਾ ਹੈ। ਇਸ ਤਬਦੀਲੀ ਨਾਲ ਅਮਲ ਕਰਨ ਵਾਲੇ ਦੇ ਅੰਦਰ ਇਕ ਮਜਬੂਰਨ ਲਹਿਰ ਉੱਠਦੀ ਹੈ ਤੇ ਅਮਲੀ ਉਸ ਅਮਲ ਨੂੰ ਲੈਣਾ ਚਾਲੂ ਰੱਖਦਾ ਹੈ। ਇਹ ਬਦਲਾਅ ਸਹਿਜ ਫੈਸਲੇ ਲੈਣ 'ਚ ਵਿਘਨ ਪਾਉਂਦਾ ਹੈ, ਤੇ ਅਮਲੀ ਦੀ ਸਮਰੱਥਾ ਇਸ 'ਤੇ ਕਾਬੂ ਨਹੀ ਪਾ ਸਕਦੀ। ਨਸ਼ੱਈ ਇਸ ਨੂੰ ਆਪਣੀ ਮਰਜ਼ੀ ਨਾਲ ਨਹੀ, ਸਗੋਂ ਇਕ ਮਜਬੂਰੀ ਦੀ ਲਹਿਰ 'ਚ ਲੈਂਦਾ ਹੈ।

ਖੋਜ ਤੋਂ ਬਾਅਦ ਇਸ ਨੂੰ ਇਕ ਬਿਮਾਰੀ ਦੀ ਤਰ੍ਹਾਂ ਮੰਨਿਆ ਜਾਂਦਾ ਹੈ। ਇਹ ਇਕ ਪੁਰਾਣਾ ਮਰਜ਼ ਜਾਂ ਕਰੌਨਿਕ ਮਰਜ਼ ਹੈ, ਇਸ ਕਰਕੇ ਹੀ ਆਮ ਤੌਰ 'ਤੇ ਦਿਮਾਗੀ ਬਿਮਾਰੀ ਦੇ ਤੌਰ 'ਤੇ ਮੁੜ ਰੋਗੀ ਹੋ ਜਾਣਾ ਸੁਭਾਵਕ ਹੈ। ਇਸ ਲਈ ਮਜਬੂਰਨ ਨਸ਼ਾ ਕਰਨ ਵਾਲਾ ਇਸ ਨਸ਼ੇ ਨੂੰ ਵਰਤਦਾ ਹੈ, ਭਾਵੇਂ ਕਿ ਇਸ ਦੇ ਨਤੀਜੇ ਉਸ ਲਈ ਬਹੁਤ ਨੁਕਸਾਨ ਵਾਲੇ ਹੁੰਦੇ ਹਨ। ਨਸ਼ੇ ਦੇ ਬੁਰੇ ਨਤੀਜੇ ਵੇਖਦੇ ਹੋਇਆ ਵੀ ਮਨੁੱਖ ਉਸ ਨੂੰ ਵਰਤਦਾ ਹੈ। ਉਸ ਨੂੰ ਪਤਾ ਹੁੰਦਾ ਹੈ ਕਿ ਇਹ ਨਸ਼ਾ ਉਸ ਲਈ ਬੁਰਾ ਹੈ ਪਰ ਉਸ ਨੂੰ ਬੰਦ ਕਰਨ ਦੀ ਸਮਰੱਥਾ ਉਸ 'ਚ ਨਹੀ ਹੁੰਦੀ।

ਅਮਲ ਜਾਂ ਨਸ਼ੇ ਦੀ ਆਦਤ ਵੀ ਦੂਸਰੀਆਂ ਪੁਰਾਣੀਆਂ ਬਿਮਾਰੀਆਂ ਵਰਗੀ ਹੈ, ਜਿਵੇਂ ਦਮਾ, ਸ਼ੂਗਰ ਆਦਿ। ਇਹ ਬਿਮਾਰੀਆਂ ਵਾਰ-ਵਾਰ ਹੋ ਸਕਦੀਆਂ ਹਨ ਕਿਉਂਕਿ ਇਨ੍ਹਾਂ 'ਤੇ ਸਿਰਫ਼ ਕਾਬੂ ਪਾ ਕੇ ਰੱਖਿਆ ਜਾ ਸਕਦਾ ਹੈ। ਇਹ ਸਥਾਈ ਤੌਰ 'ਤੇ ਠੀਕ ਨਹੀ ਹੋ ਸਕਦੀਆਂ। ਮਤਲਬ ਕਿ ਇਹ 'ਕਿਓਰੇਬਲ' ਨਹੀ ਹਨ ਸਿਰਫ਼ 'ਮੈਨੇਜੇਬਲ' ਹਨ। ਇਸੇ ਪੈਟਰਨ 'ਤੇ ਅਮਲੀ ਦਾ ਇਲਾਜ ਹੋਣਾ ਚਾਹੀਦਾ ਹੈ।

ਕੁਝ ਲੋਕ ਸ਼ਰਾਬ ਜਾਂ ਅਮਲ ਲੈਂਦੇ ਹਨ ਪਰ ਕਦੀ ਆਦੀ ਨਹੀਂ ਹੁੰਦੇ। ਇਹ ਉਨ੍ਹਾਂ ਦੀ ਜੈਵਿਕ ਬਣਤਰ ਜਾਂ ਹਾਲਾਤ 'ਤੇ ਨਿਰਭਰ ਕਰਦਾ ਹੈ ਪਰ ਕਈ ਪੂਰਵ-ਰੁਚੀ ਦੇ ਆਦੀ ਹੁੰਦੇ ਹਨ, ਉਹ ਇਸ ਨਸ਼ੇ ਦੇ ਜਲਦੀ ਆਦੀ ਹੋ ਜਾਂਦੇ ਹਨ। ਨਸ਼ਾ ਕਰਨਾ ਇਸ ਲਈ ਵੀ ਬਿਮਾਰੀ ਹੈ ਕਿਉਂਕਿ ਇਸ ਨਾਲ ਦਿਮਾਗ਼ 'ਚ ਬਦਲਾਅ ਆ ਸਕਦੇ ਹਨ। ਨਸ਼ੱਈ ਉਸ ਨਸ਼ੇ 'ਤੇ ਸਰੀਰਕ ਤੌਰ 'ਤੇ ਨਿਰਭਰ ਹੋ ਜਾਂਦਾ ਹੈ ਪਰ ਇਹ ਪਤਾ ਉਸ ਵੇਲੇ ਲੱਗਦਾ ਹੈ ਜਦੋਂ ਉਸ ਨਸ਼ੇ ਨੂੰ ਛੱਡਣ ਵੇਲੇ ਹੋਣ ਵਾਲੀਆਂ ਤਕਲੀਫਾਂ ਵਿਚੋਂ ਲੰਘਦਾ ਹੈ। ਨਸ਼ਾ ਉਸ ਮਨੁੱਖ ਦੀ ਤਰਕ ਦੇ ਅਧਾਰ 'ਤੇ ਫੈਸਲੇ ਲੈਣ ਦੀ ਸਮਰੱਥਾ 'ਤੇ ਵੀ ਅਸਰ ਕਰਦਾ ਹੈ।

ਨਸ਼ਾ ਮਨੁੱਖ ਦੇ ਦਿਮਾਗ਼ 'ਚ ਬਦਲਾਅ ਲਿਆਉਂਦਾ ਹੈ। ਲੰਬੇ ਸਮੇਂ ਤਕ ਸ਼ਰਾਬ ਜਾਂ ਨਸ਼ਾ ਦੀ ਵਰਤੋਂ ਦਿਮਾਗ਼ ਦੀ 'ਪੁਰਸਕਾਰ ਪ੍ਰਣਾਲੀ' ਅਰਥਾਤ ਬਦਲੇ 'ਚ ਸੋਚਣ ਦੀ ਸਮਰੱਥਾ ਨੂੰ ਹਿਲਾ ਦਿੰਦੀ ਹੈ। ਦਿਮਾਗ਼ ਦੇ ਉਹ ਹਿੱਸੇ ਜਿਹੜੇ ਫੈਸਲਾ ਕਰਦੇ ਹਨ, ਸਿੱਖਦੇ, ਯਾਦ ਰੱਖਦੇ ਤੇ ਮਨੁੱਖੀ ਵਤੀਰੇ 'ਤੇ ਕਾਬੂ ਰੱਖਦੇ ਹਨ, 'ਤੇ ਬਹੁਤ ਭੈੜਾ ਅਸਰ ਹੁੰਦਾ ਹੈ, ਕਿਉਂਕਿ ਨਸ਼ੇ ਨਾਲ ਆਪੇ 'ਤੇ ਕਾਬੂ ਖ਼ਤਮ ਹੋ ਜਾਂਦਾ ਹੈ, ਇਸ ਲਈ ਨਸ਼ਾ ਕਰਨ ਵਾਲੇ ਲਈ ਆਪਣੇ ਆਪ ਇਸ ਨੂੰ ਛੱਡਣਾ ਔਖਾ ਹੈ।

ਜਦੋਂ ਅਸੀ ਇਹ ਮੰਨ ਲਈਏ ਕਿ ਨਸ਼ਾ ਇਕ ਬਿਮਾਰੀ ਹੈ ਤਾਂ ਤਿੰਨ ਸੱਚ ਸਾਡੇ ਸਾਹਮਣੇ ਆਉਂਦੇ ਹਨ:-

- ਇਹ ਇੱਛਾ ਸ਼ਕਤੀ ਨਾਲ ਬੱਝਿਆ ਮਸਲਾ ਨਹੀ ਹੈ।
- ਕਈ ਸੋਚਦੇ ਹਨ ਤੇ ਮਹਿਸੂਸ ਕਰਦੇ ਹਨ ਕਿ ਇਸ ਦੀ ਉਨ੍ਹਾਂ ਨੂੰ ਲੋੜ ਹੈ।
- ਕਈਆਂ ਦਾ ਸਰੀਰ ਉਸ 'ਤੇ ਏਨਾ ਨਿਰਭਰ ਕਰਦਾ ਹੈ ਕਿ ਉਹ ਨਸ਼ਾ ਕਰਦੇ ਹਨ।

ਇਸ ਲਈ ਇਲਾਜ ਤੋਂ ਬਾਅਦ ਫੇਰ ਨਸ਼ਾ ਕਰਨਾ ਇਕ ਆਮ ਤੇ ਵੱਸੋਂ ਬਾਹਰ ਵਾਲੀ ਹਾਲਤ ਵੱਲ ਇਸ਼ਾਰ ਕਰਦੇ ਹਨ। ਇਸ ਲਈ ਜੇ ਅਸੀ ਇਸ ਨੂੰ 'ਬਿਮਾਰੀ' ਮੰਨ ਕੇ ਚਲੀਏ ਤਾਂ ਇਸ ਦਾ ਇਲਾਜ ਵੀ ਸੌਖਾ ਹੈ ਤੇ ਇਸ ਤੋਂ ਛੁਟਕਾਰਾ ਪਾਉਣਾ ਵੀ ਸਹਿਜ ਹੋ ਜਾਂਦਾ ਹੈ। •

# ਟੀਬੀ ਰੋਗ ਦੇ ਲੱਛਣ



ਟੀ.ਬੀ ਇਕ ਛੂਤ ਦੀ ਬਿਮਾਰੀ ਹੈ ਜੋ ਕਿ ਮਾਇਕਰੋਬੈਕਟੀਰੀਅਮ ਟਿਊਬਰਕੁਲੋਸਿਸ ਨਾਮਕ ਬੈਕਟੀਰੀਆ ਦੀ ਵਜ੍ਹਾ ਕਰਕੇ ਹੁੰਦੀ ਹੈ। ਜ਼ਿਆਦਾਤਰ ਇਹ ਬੈਕਟੀਰੀਆ ਫੇਫੜਿਆਂ 'ਚ ਪਾਇਆ ਜਾਂਦਾ ਹੈ ਪ੍ਰੰਤੂ ਇਸਦੇ ਇਲਾਵਾ ਦਿਮਾਗ਼, ਹੱਡੀਆਂ, ਗੁਰਦੇ, ਚਮੜੀ ਅਤੇ ਦਿਲ ਵੀ ਟੀਬੀ ਤੋਂ ਗ੍ਰਸਤ ਹੋ ਸਕਦੇ ਹਨ। ਦੁਨੀਆ ਭਰ 'ਚ ਬਿਮਾਰੀਆਂ ਦੇ ਕਾਰਨ ਹੋਣ ਵਾਲੀਆਂ ਮੌਤਾਂ ਦੇ ਕਾਰਨਾਂ ਵਿੱਚੋਂ ਟੀ.ਬੀ. ਇਕ ਹੈ। ਸੰਸਾਰ ਭਰ 'ਚ 20 16 ਦੇ ਅੰਕੜਿਆਂ ਅਨੁਸਾਰ ਤਕਰੀਬਨ 10.4 ਮਿਲੀਅਨ ਲੋਕ ਟੀ.ਬੀ ਦੇ ਸ਼ਿਕਾਰ ਹੋਏ ਅਤੇ 1.7 ਮਿਲੀਅਨ ਲੋਕਾਂ ਨੂੰ ਹਮੇਸ਼ਾ ਲਈ ਟੀ.ਬੀ. ਨਾਲ ਜੂਝਣਾ ਪਿਆ। ਐੱਚ.ਆਈ.ਵੀ ਪੌਜ਼ੀਟਿਵ ਲੋਕਾਂ 'ਚ ਟੀ.ਬੀ. ਹੋਣ ਦਾ ਖਤਰਾ 60 ਫ਼ੀਸਦੀ ਜ਼ਿਆਦਾ ਹੈ। ਐੱਚ.ਆਈ.ਵੀ ਪੌਜ਼ੀਟਿਵ ਰੋਗੀਆਂ 'ਚ ਟੀ.ਬੀ. ਮੋਹਰੀ ਕਾਤਲ ਦੀ ਭੂਮਿਕਾ ਅਦਾ ਕਰ ਰਿਹਾ ਹੈ ਅਤੇ ਸਾਲ 2016 ਦੇ ਅੰਕੜਿਆਂ ਅਨੁਸਾਰ 40 ਫ਼ੀਸਦੀ ਐੱਚ.ਆਈ.ਵੀ. ਰੋਗੀਆਂ ਦੀ ਮੌਤ ਟੀ.ਬੀ. ਕਾਰਨ ਹੋਈ। ਦੁਨੀਆ ਭਰ 'ਚ ਸਫਲ ਇਲਾਜ ਦੁਆਰਾ ਸਾਲ 2000 ਤੋਂ 2016 ਤਕ ਤਕਰੀਬਨ 53 ਮੀਲੀਅਨ ਲੋਕਾਂ ਨੂੰ ਟੀਬੀ ਤੋਂ ਬਚਾਇਆ ਗਿਆ ਹੈ। ਵਿਸ਼ਵ ਸਿਹਤ ਸੰਗਠਨ ਦੀ ਟੀਬੀ ਰਿਪੋਰਟ 2016 'ਚ ਸਾਹਮਣੇ ਆਈ ਹੈ। ਇਸ ਬਿਮਾਰੀ ਕਾਰਨ ਹਰ ਸਾਲ 5 ਲੱਖ ਭਾਰਤੀਆਂ ਦੀ ਮੌਤ ਹੋ ਰਹੀ ਹੈ। ਇਸ ਤੋਂ ਬਚਣ ਲਈ ਜਨ ਜਾਗਰੂਕਤਾ ਦਾ ਮੰਤਵ ਨਾਲ ਸੰਸਾਰ ਭਰ 'ਚ 24 ਮਾਰਚ ਨੂੰ ਵਿਸ਼ਵ ਟੀ.ਬੀ ਦਿਵਸ ਮਨਾਇਆ ਜਾਂਦਾ ਹੈ।

### ਲੱਛਣ

ਰੋਗੀਆਂ ਨੂੰ ਖਾਂਸੀ ਆਉਣੀ, ਛਿੱਕ ਮਾਰਨਾ, ਥੁੱਕਣਾ ਅਤੇ ਉਨ੍ਹਾਂ ਦੁਆਰਾ ਛੱਡੀ ਗਈ ਸਾਹ ਦੁਆਰਾ ਹਵਾ 'ਚ ਬੈਕਟੀਰੀਆ ਫੈਲ ਜਾਂਦੇ ਹਨ ਜੋ ਕਿ ਕਈ ਘੰਟੇ ਤਕ ਹਵਾ 'ਚ ਰਹਿੰਦੇ ਹਨ ਜਿਸ ਕਾਰਨ ਇਕ ਸਿਹਤਮੰਦ ਵਿਅਕਤੀ ਆਸਾਨੀ ਨਾਲ ਇਸਦਾ ਸ਼ਿਕਾਰ ਹੋ ਸਕਦਾ ਹੈ। ਤਿੰਨ ਹਫ਼ਤਿਆਂ ਤੋਂ ਜ਼ਿਆਦਾ ਖਾਂਸੀ ਆਉਣੀ, ਲਸੀਕਾ ਗ੍ਰੰਥੀਆਂ ਦਾ ਵੱਧ ਜਾਣਾ, ਬੁਖ਼ਾਰ ਜੋ ਖ਼ਾਸ ਕਰਕੇ ਸ਼ਾਮ ਨੂੰ ਵੱਧਦਾ ਹੈ, ਛਾਤੀ 'ਚ ਤੇਜ਼ ਦਰਦ, ਭਾਰ ਦਾ ਘੱਟਣਾ, ਭੁੱਖ ਨਾ ਲੱਗਣਾ, ਬਲਗਮ 'ਚ ਖ਼ੂਨ ਆਉਣਾ, ਫੇਫੜਿਆਂ ਦੀ ਇੰਫੈਕਸ਼ਨ , ਸਾਹ ਲੈਣ 'ਚ ਤਕਲੀਫ਼ ਆਦਿ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅੱਜ ਦੇ ਦੌਰ 'ਚ ਟੀ. ਬੀ ਦਾ ਇਲਾਜ ਸੰਭਵ ਹੈ ਅਤੇ ਦੇਸ਼ ਭਰ 'ਚ ਡੌਟਸ (ਡਾਇਰੈਕਟਲੀ ਓਬਜ਼ਰਵਡ ਟ੍ਰੀਟਮੈਂਟ ਸ਼ੌਰਟ ਕੋਰਸ) ਕੇਂਦਰਾਂ 'ਚ ਟੀ. ਬੀ ਦਾ ਇਲਾਜ ਬਿਲਕੁਲ ਮੁਫ਼ਤ ਕੀਤਾ ਜਾਂਦਾ ਹੈ। ਮਰੀਜ਼ ਨੂੰ ਆਪਣਾ ਕੋਰਸ ਪੂਰਾ ਕਰਨਾ ਚਾਹੀਦਾ ਹੈ ਤਾਂ ਹੀ ਅਸੀਂ ਇਸ ਬਿਮਾਰੀ ਤੋਂ ਛੁਟਕਾਰਾ ਪਾ ਕੇ ਅੱਗੇ ਵੱਧ ਸਕਦੇ ਹਾਂ।

• ਗੋਬਿੰਦਰ ਸਿੰਘ ਢੀਂਡਸਾ
92560-66000

# ਖਾਣ-ਪੀਣ ਦੇ ਖ਼ਾਸ ਤਰੀਕੇ

ਸੁਖਮੰਦਰ ਸਿੰਘ ਤੂਰ

ਖਾਣ-ਪੀਣ ਦਾ ਬਕਾਇਦਾ ਸਲੀਕਾ ਹੁੰਦਾ ਹੈ। ਗ਼ਲਤ ਢੰਗ ਨਾਲ ਖਾਣ-ਪੀਣ ਕਾਰਨ ਭਾਰ ਵਧਦਾ ਹੈ। ਡਾਕਟਰੀ ਵਿਗਿਆਨ ਕਹਿੰਦਾ ਹੈ ਕਿ ਮੋਟਾਪਾ ਖਾਣ-ਪੀਣ ਨਾਲ ਨਹੀਂ ਬਲਕਿ ਗ਼ਲਤ ਤਰੀਕੇ ਨਾਲ ਭੋਜਨ ਖਾਣ ਕਰਕੇ ਮੋਟਾਪੇ ਦਾ ਸਾਹਣਾ ਕਰਨਾ ਪੈਂਦਾ ਹੈ।

- ਭੋਜਨ ਗਰਮ ਖਾਣਾ ਚਾਹੀਦਾ ਹੈ ਠੰਢਾ ਨਹੀਂ, ਠੰਢਾ ਭੋਜਨ ਛੇਤੀ ਨਹੀਂ ਪਚਦਾ।
- ਖਾਣਾ ਪੂਰੀ ਤਰ੍ਹਾਂ ਚਬਾਅ-ਚਬਾਅ ਕੇ ਖਾਓ, ਛੇਤੀ - ਛੇਤੀ ਭੋਜਨ ਕਰਨ ਦੀ ਆਦਤ ਤੋਂ ਬਚੋ।
- ਖਾਣਾ ਖਾਣ ਸਮੇਂ ਕੋਈ ਗੱਲਬਾਤ ਨਾ ਕਰੋ। ਬੋਲਣ ਸੁਣਨ 'ਚ ਖਾਣਾ ਜ਼ਿਆਦਾ ਖਾਧਾ ਜਾਂਦਾ ਹੈ ਅਤੇ ਗ਼ਲਤ ਢੰਗ ਨਾਲ ਖਾਣ ਦਾ ਡਰ ਵੀ ਰਹਿੰਦਾ ਹੈ।
- ਭੋਜਨ ਦੀ ਰਫ਼ਤਾਰ ਬਹੁਤੀ ਹੌਲੀ ਵੀ ਨਹੀਂ ਹੋਣੀ ਚਾਹੀਦੀ। ਇਸ ਤਰ੍ਹਾਂ ਭੋਜਨ ਠੰਢਾ ਹੋ ਜਾਂਦਾ ਹੈ ਅਤੇ ਤ੍ਰਿਪਤੀ ਨਹੀਂ ਹੁੰਦੀ। ਕੁਝ ਭੋਜਨ ਪਚ ਜਾਂਦਾ ਹੈ ਤੇ ਕੁੱਝ ਨਹੀਂ।
- ਭੋਜਨ ਖ਼ੁਸ਼ ਮੂਡ 'ਚ ਹੀ ਕਰੋ। ਗੁੱਸੇ ਅਤੇ ਤਣਾਅ 'ਚ ਕੀਤਾ ਭੋਜਨ ਵੀ ਸਰੀਰ ਨੂੰ ਨਹੀਂ ਲੱਗਦਾ।
- ਭੋਜਨ 'ਚ ਉਨ੍ਹਾਂ ਚੀਜ਼ਾਂ ਨੂੰ ਸ਼ਾਮਿਲ ਕਰੋ, ਜਿੰਨਾਂ ਦਾ ਸਰੀਰ ਨੂੰ ਫ਼ਾਇਦਾ ਹੋਵੇ ਨੁਕਸਾਨ ਨਹੀਂ। ਇਸ ਦਾ ਧਿਆਨ ਰੱਖੋ।
- ਮਨ ਨਾ ਹੋਵੇ ਤੇ ਪੇਟ ਵੀ ਗਵਾਹੀ ਨਾ ਦੇਵੇ ਤਾਂ ਭੋਜਨ ਬਿਲਕੁਲ ਨਾ ਕਰੋ। ਬੇਮਨ ਨਾਲ ਭਰੇ ਪੇਟ ਵੀ ਖਾਈ ਜਾਣਾ ਇਕ ਬੁਰੀ ਆਦਤ ਹੈ।
- ਸ਼ਰਤ ਲਗਾ ਕੇ ਤੇ ਮੁਕਾਬਲਾ ਕਰਕੇ ਕਦੀ ਵੀ ਨਾ ਖਾਓ।
- ਭੋਜਨ ਹਮੇਸ਼ਾ ਚਮਚ ਨਾਲ ਕਰੋ। ਹੱਥ ਨਾਲ ਜਲਦੀ ਅਤੇ ਜ਼ਿਆਦਾ ਖਾਧਾ ਜਾਂਦਾ ਹੈ।
- ਦਿਨ ਜਾਂ ਰਾਤ ਸਮੇਂ ਕਿਸੇ ਵੀ ਭੋਜਨ ਤੋਂ ਪਹਿਲਾਂ ਇਕ ਪਿਆਲਾ ਸੂਪ ਜ਼ਰੂਰ ਪੀਓ। ਸੂਪ ਤਾਜ਼ੀਆਂ ਸਬਜ਼ੀਆਂ ਦਾ ਹੋਵੇ ਤਾਂ ਹੋਰ ਵੀ ਚੰਗਾ ਹੈ।
- ਭੋਜਨ ਤੇਜ਼ ਰੋਸ਼ਨੀ 'ਚ ਹੀ ਕਰੋ, ਕਿਉਂਕਿ ਹਲਕੀ ਰੋਸ਼ਨੀ ਜ਼ਿਆਦਾ ਖਾਣ ਲਈ ਮਨੋਵਿਗਿਆਨਕ ਰੂਪ 'ਚ ਪ੍ਰੇਰਿਤ ਕਰਦੀ ਹੈ।
- ਨਾ ਖਾਣੇ ਤੋਂ ਪਹਿਲਾਂ ਅਤੇ ਨਾ ਹੀ ਖਾਣੇ ਦੇ ਦੌਰਾਨ, ਬਲਕਿ ਇਕ ਘੰਟੇ ਬਾਅਦ ਹੀ ਪਾਣੀ ਪੀਓ।
- ਪਹਿਲਾਂ ਕੀਤਾ ਭੋਜਨ ਪਚ ਜਾਵੇ ਤਾਂ ਹੀ ਕੁੱਝ ਹੋਰ ਖਾਣਾ ਚਾਹੀਦਾ ਹੈ, ਨਹੀਂ ਤਾਂ ਪੇਟ ਦੀ ਪਾਚਨ ਕਿਰਿਆ ਵਿਗੜ ਸਕਦੀ ਹੈ।
- ਭੋਜਨ ਦਾ ਸੁਆਦ ਵਧਾਉਣ ਲਈ ਜ਼ਿਆਦਾ ਮਸਾਲਿਆਂ ਦੀ ਵਰਤੋਂ ਨਾ ਕਰੋ। ਪੁਦੀਨੇ ਦੀ ਚਟਨੀ, ਨਿੰਬੂ, ਟਮਾਟਰ, ਅਦਰਕ, ਹਰੀ ਮਿਰਚ ਆਦਿ ਦੀ ਵਰਤੋਂ ਕਰੋ।
- ਮਾਈਕਰੋਵੇਵ, ਬੋਈਲਿੰਗ, ਭਾਫ਼ ਆਦਿ ਨਾਲ ਬਣਿਆ ਹੋਇਆ ਭੋਜਨ ਜ਼ਿਆਦਾ ਨਾ ਖਾਓ। ਇਸ ਤਰ੍ਹਾਂ ਦੇ ਭੋਜਨ ਨਾਲ ਮੋਟਾਪਾ ਵਧਣ ਦਾ ਡਰ ਰਹਿੰਦਾ ਹੈ।
- ਰਾਤ ਨੂੰ ਕਿਸੇ ਪਾਰਟੀ ਆਦਿ 'ਤੇ ਜਾਣਾ ਹੋਵੇ ਤਾਂ ਦੁਪਹਿਰ ਦਾ ਭੋਜਨ ਹਲਕਾ ਰੱਖੋ।
- ਦਿਨ 'ਚ ਕੇਵਲ ਇਕ ਵੱਡਾ ਚਿਮਚਾ ਚਿਕਨਾਈ ਬਹੁਤ ਹੈ। ਇਸ ਦੀ ਥਾਂ ਮੋਟਾ ਅਨਾਜ, ਪੁੰਗਰੀਆਂ, ਦਾਲਾਂ ਅਤੇ ਤਾਜ਼ੀਆਂ ਸਬਜ਼ੀਆਂ ਲਓ।
- ਭੋਜਨ ਸਮੇਂ ਸਿਰ ਕਰੋ। ਇਹ ਨਹੀ ਕਿ ਕਦੇ ਨਾਸ਼ਤਾ ਸਵੇਰੇ 9 ਵਜੇ ਕਰ ਲਿਆ ਤੇ ਕਦੇ 12 ਵਜੇ, ਕਦੇ ਲੰਚ 2 ਵਜੇ ਹੋਰ ਰਿਹਾ ਹੈ ਤੇ ਕਦੇ 4 ਵਜੇ। ਬੇਵਕਤ ਭੋਜਨ ਸਰੀਰ ਨੂੰ ਨੁਕਸਾਨ ਪਚਾਉਂਦਾ ਹੈ। •

*ਭੋਜਨ ਓਨਾ ਹੀ ਕਰੋ, ਜਿੰਨੀ ਲੋੜ ਹੋਵੇ ਤੇ ਨੁਕਸਾਨ ਨਾ ਦੇਵੇ ਅਤੇ ਅਸਾਨੀ ਨਾਲ ਪਚ ਜਾਵੇ। ਪਾਰਟੀਆਂ ਆਦਿ 'ਚ ਭੋਜਨ ਜ਼ਿਆਦਾ ਖਾਧਾ ਜਾਂਦਾ ਹੈ, ਜਿਸ ਨਾਲ ਆਲਸ, ਭਾਰੀਪਣ, ਜਲਣ, ਪੇਟ ਦੀਆਂ ਤਕਲੀਫ਼ਾਂ ਆਦਿ ਹੋ ਜਾਂਦੀਆਂ ਹਨ। ਇਸੇ ਤਰ੍ਹਾਂ ਘੱਟ ਮਾਤਰਾ 'ਚ ਕੀਤਾ ਗਿਆ ਭੋਜਨ ਵੀ ਸਰੀਰ ਨੂੰ ਕਮਜ਼ੋਰ ਕਰਦਾ ਹੈ ਅਤੇ ਤਾਕਤ ਨੂੰ ਘਟਾਉਂਦਾ ਹੈ। ਭੋਜਨ ਠੀਕ ਮਾਤਰਾ ਤੇ ਸਮੇਂ ਸਿਰ ਹੀ ਖਾਣਾ ਚਾਹੀਦਾ ਹੈ।*

# ਤੰਦਰੁਸਤੀ ਦਾ ਰਾਮਬਾਣ ਕੀਵੀ

ਸਤਨਾਮ ਸਿੰਘ ਮੱਟੂ

ਮਨੁੱਖ ਨੂੰ ਤੰਦਰੁਸਤ ਜੀਵਨ ਜਿਉਣ ਲਈ ਸੰਤੁਲਿਤ ਭੋਜਨ ਦੇ ਨਾਲ-ਨਾਲ ਦੁੱਧ, ਫਲ, ਸਬਜ਼ੀਆਂ, ਸੁੱਕੇ ਮੇਵੇ ਆਦਿ ਵੀ ਖਾਣ ਦੀ ਜ਼ਰੂਰਤ ਹੁੰਦੀ ਹੈ। ਇਹ ਸਭ ਮਨੁੱਖੀ ਜ਼ਿੰਦਗੀ ਅਤੇ ਸਰੀਰਕ ਤੰਦਰੁਸਤੀ ਲਈ ਵਿਸ਼ੇਸ਼ ਅਹਿਮੀਅਤ ਰੱਖਦੇ ਹਨ। ਇਨ੍ਹਾਂ ਤੋਂ ਜਿੱਥੇ ਨਰੋਏਪਣ ਲਈ ਸਰੀਰਕ ਸ਼ਕਤੀ ਪ੍ਰਾਪਤ ਹੁੰਦੀ ਹੈ, ਉੱਥੇ ਬਿਮਾਰੀਆਂ ਨਾਲ ਲੜਨ ਲਈ ਵੀ ਊਰਜਾ ਮਿਲਦੀ ਹੈ। ਫਲਾਂ ਦੀ ਸਾਡੇ ਲਈ ਅਹਿਮੀਅਤ ਕਿਸੇ ਤੋਂ ਲੁਕੀ ਨਹੀਂ ਹੈ। ਇਨ੍ਹਾਂ 'ਚ ਸਿਹਤ ਅਤੇ ਤੰਦਰੁਸਤੀ ਦਾ ਰਾਜ਼ ਛੁਪਿਆ ਹੋਇਆ ਹੈ। ਆਓ ਅੱਜ ਕੀਵੀ ਫਲ ਦੇ ਗੁਣਾਂ ਅਤੇ ਸਰੀਰਕ ਲੋੜ ਉੱਪਰ ਚਾਨਣਾ ਪਾਉਂਦੇ ਹਾਂ। ਕੀਵੀ ਹਰ ਮੌਸਮ 'ਚ ਪਰ ਘੱਟ ਮਾਤਰਾ 'ਚ ਮਿਲਣ ਵਾਲਾ ਫਲ ਹੈ। ਦੇਖਣ 'ਚ ਇਹ ਭੂਰੇ ਰੰਗ ਦਾ ਫਲ ਭਾਵੇਂ ਆਕਰਸ਼ਕ ਨਾ ਲੱਗੇ ਪਰ ਇਹ ਗੁਣਾਂ ਨਾਲ ਭਰਪੂਰ ਹੁੰਦਾ ਹੈ। ਇਹ ਫਲ ਅੰਦਰੋਂ ਨਰਮ ਹਰੇ ਰੰਗ ਦਾ ਹੁੰਦਾ ਹੈ ਅਤੇ ਇਸ 'ਚ ਕਾਲੇ ਰੰਗ ਦੇ ਬਾਰੀਕ ਬੀਜ ਹੁੰਦੇ ਹਨ। ਇਸਦੀ ਖੇਤੀ ਚੀਨ, ਇਟਲੀ ,ਨਿਊਜ਼ੀਲੈਂਡ, ਚਿਲੀ, ਗ੍ਰੀਸ ,ਫਰਾਂਸ ਆਦਿ ਦੇਸ਼ਾਂ 'ਚ ਹੁੰਦੀ ਹੈ। ਇਸ ਨੂੰ ਚੀਨ ਦਾ ਨੈਸ਼ਨਲ ਫਲ ਮੰਨਿਆ ਜਾਂਦਾ ਹੈ ਪਰ ਪਿਛਲੇ ਕੁੱਝ ਸਾਲਾਂ ਤੋਂ ਇਹ ਫਲ ਭਾਰਤੀਆਂ ਦੀ ਵੀ ਪਹਿਲੀ ਪਸੰਦ ਬਣ ਗਿਆ ਹੈ। ਇਸ 'ਚ ਪੋਟਾਸ਼ੀਅਮ ਕਾਫ਼ੀ ਮਾਤਰਾ 'ਚ ਮੌਜੂਦ ਹੁੰਦਾ ਹੈ। ਡਾਕਟਰਾਂ ਅਨੁਸਾਰ 100ਗ੍ਰਾਮ ਕੀਵੀ 'ਚ 61 ਕੈਲੋਰੀ, 14.66 ਗ੍ਰਾਮ ਕਾਰਬੋਹਾਈਡ੍ਰੇਟਸ, 1 ਗ੍ਰਾਮ ਪ੍ਰੋਟੀਨ, 3 ਗ੍ਰਾਮ ਫਾਇਬਰ, 25ਗ੍ਰਾਮ ਮਾਈਕ੍ਰੋ ਫੋਲਿਕ ਐਸਿਡ ਅਤੇ ਹੋਰ ਸਰੀਰ ਲਈ ਲੋੜੀਂਦੇ ਤੱਤ ਮੌਜੂਦ ਹੁੰਦੇ ਹਨ। ਜਦੋਂ ਸਰੀਰ 'ਚ ਖ਼ੂਨ ਤੇ ਸੈੱਲਜ਼ ਦੀ ਘਾਟ ਹੋ ਜਾਵੇ ਤਾਂ ਪੂਰਤੀ ਲਈ ਡਾਕਟਰ ਕੀਵੀ ਫਲ ਖਾਣ ਦੀ ਸਲਾਹ ਦਿੰਦੇ ਹਨ। ਹੋਰ ਵੀ ਮਾਨਸਿਕ ਪਰੇਸ਼ਾਨੀਆਂ ਅਤੇ ਸਰੀਰਕ ਵਿਕਾਸ ਲਈ ਇਹ ਫਲ ਫਾਇਦੇਮੰਦ ਹੈ।



### ਅੱਖਾਂ ਲਈ ਲਾਭਦਾਇਕ

ਪੌਸ਼ਟਿਕ ਤੱਤਾਂ ਨਾਲ ਭਰਪੂਰ ਫਲ ਕੀਵੀ ਅੱਖਾਂ ਲਈ ਬਹੁਤ ਹੀ ਲਾਭਦਾਇਕ ਹੈ। ਇਸ 'ਚ ਲਿਊਟਿਨ ਦੀ ਮਾਤਰਾ ਕਾਫ਼ੀ ਮੌਜੂਦਗੀ ਚਮੜੀ ਅਤੇ ਟਿਸ਼ੂ ਨੂੰ ਸਿਹਤਯਾਬ ਰੱਖਣ 'ਚ ਮਦਦ ਕਰਦਾ ਹੈ। ਅੱਖਾਂ ਦੀਆਂ ਜ਼ਿਆਦਾਤਰ ਬਿਮਾਰੀਆਂ ਲਿਊਟਨ ਦੇ ਨਸ਼ਟ ਹੋਣ ਕਾਰਨ ਪੈਦਾ ਹੁੰਦੀਆਂ ਹਨ ਪਰ ਇਸ ਵਿਚ ਲਿਊਟਨ ਭਰਪੂਰ ਮਾਤਰਾ 'ਚ ਪਾਇਆ ਜਾਂਦਾ ਹੈ। ਇਸ 'ਚ ਵਿਟਾਮਿਨ ਏ ਦੀ ਚੰਗੀ ਮਾਤਰਾ ਅੱਖਾਂ ਦੀ ਰੋਸ਼ਨੀ ਲਈ ਫਾਇਦੇਮੰਦ ਹੈ। ਇਸ ਫਲ ਦੀ ਵਰਤੋਂ ਨਾਲ ਅੱਖਾਂ ਦੀਆਂ ਸਮੱਸਿਆਵਾਂ ਤੋਂ ਰਾਹਤ ਮਿਲਦੀ ਹੈ।

### ਬਲੱਡ ਕਲਾਟਿੰਗ ਰੋਕੇ

ਕੀਵੀ ਦੀ ਭਰਪੂਰ ਵਰਤੋਂ ਕਰਨ ਨਾਲ ਇਸ 'ਚ ਮੌਜੂਦ ਤੱਤ ਨਾੜੀਆਂ 'ਚ ਖ਼ੂਨ ਨੂੰ ਜੰਮਣ ਤੋਂ ਰੋਕਦੇ ਹਨ ਅਤੇ ਕੈਂਸਰ ਵਰਗੀਆਂ ਬਿਮਾਰੀਆਂ ਤੋਂ ਬਚਾਅ ਹੁੰਦਾ ਹੈ।

### ਦਿਲ ਰਹੇ ਤੰਦਰੁਸਤ

ਕੀਵੀ 'ਚ ਫਾਇਬਰ ਕਾਫ਼ੀ ਮਾਤਰਾ 'ਚ ਮਿਲਣ ਕਾਰਨ ਦਿਲ ਦੀਆਂ ਬਿਮਾਰੀਆਂ ਦਾ ਖਤਰਾ ਟਲਿਆ ਰਹਿੰਦਾ ਹੈ। ਇਹ ਦਿਲ ਨੂੰ ਸਿਹਤਯਾਬ ਰੱਖ ਕੇ ਦਿਲ ਦੀਆਂ ਬਿਮਾਰੀਆਂ ਲਿਵਰ, ਹਰਟ ਅਟੈਕ, ਸਟ੍ਰੋਕ, ਕਾਰਡਿਅਕ ਅਰੈਸਟ ਅਤੇ ਹੋਰ ਗੰਭੀਰ ਰੋਗਾਂ ਤੋਂ ਬਚਾਉਣ 'ਚ ਮਦਦ ਕਰਦਾ ਹੈ।

### ਖ਼ੂਨ ਦਾ ਦਬਾਅ

ਇਸ 'ਚ ਪੋਟਾਸ਼ੀਅਮ ਤੱਤ ਕਾਫ਼ੀ 'ਚ ਮੌਜੂਦ ਹੈ ਜਿਸ ਨਾਲ ਬਲੱਡ ਪ੍ਰੈਸ਼ਰ ਕੰਟਰੋਲ 'ਚ ਰਹਿੰਦਾ ਹੈ। ਇਸਦੀ ਵਰਤੋਂ ਨਾਲ ਸਰੀਰ 'ਚ ਸੋਡੀਅਮ ਦਾ ਲੈਵਲ ਘੱਟ ਹੁੰਦਾ ਹੈ ਤੇ ਹੋਰ ਵੀ ਕਈ ਰੋਗਾਂ ਤੋਂ ਬਚਾਉਂਦਾ ਹੈ।

### ਚੰਗੀ ਨੀਂਦ ਲਈ ਮਦਦਗਾਰ

ਜੇ ਤੁਸੀ ਚੰਗੀ ਨੀਂਦ ਨਾ ਆਉਣ ਦੀ ਸਮੱਸਿਆ ਤੋਂ ਪੀੜਤ ਹੋ ਤਾਂ ਕੀਵੀ ਦਾ ਇਸਤੇਮਾਲ ਜ਼ਰੂਰ ਕਰੋ। ਇਸ ਨਾਲ ਮਨ ਸ਼ਾਂਤ ਰਹੇਗਾ ਅਤੇ ਇਸ ਨਾਲ ਭਰਪੂਰ ਨੀਂਦ ਆਉਂਦੀ ਹੈ।



### ਸੋਜ ਨਾਸ਼ਕ ਗੁਣ

ਇਸ ਤੋਂ ਇਲਾਵਾ ਕੀਵੀ 'ਚ ਐਂਟੀ ਇੰਫਲਾਮੇਟਰੀ ਗੁਣ ਹੁੰਦੇ ਹਨ ਜੋ ਸੋਜ ਦੀ ਸਮੱਸਿਆ ਤੋਂ ਬਚਾਉਂਦੇ ਹਨ। ਜੇ ਸਰੀਰ 'ਤੇ ਸੱਟ ਲਗਣ ਨਾਲ ਅੰਦਰ ਸੋਜ ਆ ਜਾਵੇ ਤਾਂ ਕੀਵੀ ਦੀ ਭਰਪੂਰ ਵਰਤੋਂ ਕਰੋ ਇਸ ਦੇ ਸੇਵਨ ਨਾਲ ਸੋਜ ਘੱਟ ਹੋ ਜਾਵੇਗੀ।

### ਕਬਜ਼ ਤੋਂ ਛੁਟਕਾਰਾ

ਕੀਵੀ 'ਚ ਫਾਈਬਰ ਤੱਤ ਕਾਫ਼ੀ ਮਾਤਰਾ 'ਚ ਹੁੰਦੇ ਹਨ ਜੋ ਪਾਚਨ ਕਿਰਿਆ ਨੂੰ ਸਿਹਤਮੰਦ ਰੱਖਣ 'ਚ ਮਦਦ ਕਰਦਾ ਹੈ। ਗਰਭਵਤੀ ਔਰਤਾਂ ਨੂੰ ਹਰ ਰੋਜ਼ 400-600 ਮਿਲੀਗ੍ਰਾਮ ਫੋਲਿਕ ਐਸਿਡ ਦੀ ਜ਼ਰੂਰਤ ਹੁੰਦੀ ਹੈ ਜੋ ਕੀਵੀ ਹੀ ਪ੍ਰਦਾਨ ਕਰ ਸਕਦੀ ਹੈ। ਇਹ ਫਲ ਮਨੁੱਖੀ ਬਿਮਾਰੀਆਂ ਤੋਂ ਬਚਾਅ ਲਈ ਰਾਮਬਾਣ ਦਾ ਕੰਮ ਕਰਦਾ ਹੈ। ਇਹ ਸਾਡੇ ਸਰੀਰ ਨੂੰ ਚੁਸਤ ਅਤੇ ਦਰੁਸਤ ਰੱਖਣ 'ਚ ਸਹਾਈ ਹੁੰਦਾ ਹੈ। •
9779708257

# ਮਾਨਸਿਕ ਰੋਗੀਆਂ ਦੀ ਸੰਭਾਲ

ਹਰਦੀਪ ਸਿੰਘ

**ਅਜਿਹੀ ਹਾਲਤ 'ਚ ਵਿਅਕਤੀ ਨੂੰ ਹਰ ਚੀਜ਼ ਤੋਂ ਨਫ਼ਰਤ ਹੋ ਜਾਂਦੀ ਹੈ ਤੇ ਇਸ ਨਾਲ ਸੁਭਾਅ 'ਚ ਚਿੜਚਿੜਾਪਨ ਆਉਂਲਾ ਵੀ ਸੁਭਾਵਿਕ ਹੈ, ਮਾਨਸਿਕ ਥਕਾਵਟ ਅਤੇ ਸਰੀਰਕ ਕਮਜ਼ੋਰੀ ਦੇ ਨਾਲ ਸਰੀਰਕ ਢਾਂਚਾ ਵੀ ਪ੍ਰਭਾਵਿਤ ਹੁੰਦਾ ਹੈ...**

ਕੁਦਰਤ ਦੀਆਂ ਸਾਜੀਆਂ ਹੈਰਤ-ਅੰਗੇਜ਼ ਕਾਰੀਗਰੀਆਂ 'ਚ ਸਿਰਫ਼ ਮਨੁੱਖ ਹੀ ਅਜਿਹਾ ਪ੍ਰਾਣੀ ਹੈ ਜਿਸ ਨੂੰ ਸਭ ਤੋਂ ਉੱਤਮ ਸਥਾਨ ਪ੍ਰਾਪਤ ਹੈ। ਅਜੋਕਾ ਮਨੁੱਖ ਆਪਣੀ ਸਰੀਰਕ ਤੇ ਮਾਨਸਿਕ ਸ਼ਕਤੀ ਦੇ ਦੁਆਰਾ ਵਿਗਿਆਨ ਦੀਆਂ ਨਵੀਆਂ-ਨਵੀਆਂ ਤਕਨੀਕਾਂ ਨਾਲ ਸੰਸਾਰਿਕ ਪੱਧਰ 'ਤੇ ਉੱਨਤੀ ਕਰ ਕੇ ਬਹੁਤ ਲੰਮੇ ਰਾਹਾਂ ਦਾ ਪਾਂਧੀ ਬਣ ਗਿਆ ਹੈ। ਇਸ ਤਰ੍ਹਾਂ ਆਪਣੀਆਂ ਖੋਜਾਂ ਦੇ ਦੁਆਰਾ ਭਾਵੇਂ ਮਨੁੱਖ ਨੇ ਬਹੁਤ ਤਰੱਕੀ ਹਾਸਲ ਕਰ ਲਈ ਹੈ ਪਰ ਆਪਣੇ ਸਮਾਜਿਕ ਫਰਜ਼ਾਂ ਤੇ ਮਨੁੱਖੀ ਕਦਰਾਂ-ਕੀਮਤਾਂ ਦੇ ਪੱਖੋਂ ਕਾਫ਼ੀ ਤੰਗਦਿਲੀ ਰੱਖਦਾ ਹੈ। ਸਮਾਜਿਕ ਕੰਮਾਂ ਦੇ ਨਾਲ-ਨਾਲ ਭਾਵੇਂ ਮਨੁੱਖ ਧਾਰਮਿਕ ਕੰਮਾਂ 'ਚ ਰੁੱਚੀ ਵੀ ਰੱਖਦਾ ਹੈ ਪਰ ਅਜੋਕੇ ਸਮਾਜਿਕ ਖਿੱਤੇ ਅੰਦਰ ਇਨਸਾਨੀਅਤ ਦੀ ਲਗਾਤਾਰ ਘਾਟ ਆ ਰਹੀ ਹੈ ਅਤੇ ਲੋਕ ਇਨਸਾਨੀਅਤ ਨਾਲੋਂ ਜ਼ਿਆਦਾ ਧਰਮ ਨੂੰ ਅਹਿਮੀਅਤ ਦੇ ਰਹੇ ਹਨ। ਉਹ ਵਾਕਈ ਕਾਫ਼ੀ ਗੰਭੀਰ ਮਸਲਾ ਹੈ ਮੈਂ ਗੱਲ ਕਰ ਰਿਹਾ ਹਾਂ ਸਾਡੇ ਸਮਾਜ ਦੇ 'ਚ ਮਾਨਸਿਕ ਪਰੇਸ਼ਾਨੀਆਂ ਨਾਲ ਜੂਝ ਰਹੇ ਉਨ੍ਹਾਂ ਸਾਥੀਆਂ ਦੀ ਜੋ ਕਿਸੇ ਕਾਰਨ ਮਾਨਸਿਕ ਪਰੇਸ਼ਾਨੀ ਦਾ ਸ਼ਿਕਾਰ ਹੋ ਗਏ ਹਨ।

ਪਿਛਲੇ ਕੁੱਝ ਸਾਲਾਂ ਤੋਂ ਹੁਣ ਤਕ ਵਿਸ਼ਵ ਦਾ ਕਾਫ਼ੀ ਹਿੱਸਾ ਅਜਿਹੇ ਮਾਨਸਿਕ ਰੋਗਾਂ ਤੋਂ ਪ੍ਰਭਾਵਿਤ ਹੋ ਰਿਹਾ ਹੈ ਜੋ ਕਿ ਕਾਫ਼ੀ ਚਿੰਤਾਂ ਦਾ ਵਿਸ਼ਾ ਹੈ ਸਾਡੇ ਦੇਸ਼ 'ਚ ਵੀ ਇਹ ਪ੍ਰਭਾਵ ਹੱਦੋਂ ਵੱਧ ਨਜ਼ਰ ਆ ਰਿਹਾ ਹੈ। ਇਸ ਪ੍ਰਕਾਰ ਦੇਸ਼ ਅਤੇ ਦੁਨੀਆ 'ਚ ਸਮੂਹਿਕ ਨਾਗਰਿਕਤਾ ਨੂੰ ਇਸ ਵਿਸ਼ੇ 'ਤੇ ਜਾਗਰੂਕ ਹੋਣ ਦੇ ਨਾਲ ਹੀ ਇਕ ਦੂਸਰੇ ਪ੍ਰਤੀ ਹਮਦਰਦੀ ਰੱਖਣ ਦੀ ਲੋੜ ਹੈ ਕਿਉਂਕਿ ਸਾਡੇ ਸਮਾਜ ਦਾ ਵਰਤਾਰਾ ਬਹੁਤ ਗਤੀਸ਼ੀਲ ਹੋ ਚੁੱਕਾ ਹੈ ਤੇ ਕੰਪੀਟਿਸ਼ਨ ਦੇ ਦੋਰ 'ਚ ਹਰ ਕੋਈ ਇਕ-ਦੂਸਰੇ ਤੋਂ ਅੱਗੇ ਲੰਘਣਾ ਚਾਹੁੰਦਾ ਹੈ ਤੇ ਇਸ ਪ੍ਰਕਾਰ ਅਜੋਕਾ ਮਨੁੱਖ ਇਕ ਮਸ਼ੀਨ ਵਾਂਗ ਹਰ ਕੋਈ ਕੰਮ ਜਾਂ ਆਪਣਾ ਟੀਚਾ ਪੂਰਾ ਕਰਨਾ ਚਾਹੁੰਦਾ ਹੈ ਅਤੇ ਇਸ ਲਈ ਉਹ ਕਈ ਵਾਰੀ ਆਪਣੀ ਮਾਨਸਿਕ ਸ਼ਕਤੀ 'ਤੇ ਏਨਾ ਦਬਾਅ ਪਾ ਲੈਂਦਾ ਹੈ ਜੋ ਕਿ ਉਸ ਦੀ ਸਿਹਤ ਲਈ ਨੁਕਸਾਨਦਾਇਕ ਹੁੰਦਾ ਹੈ।

ਇਸ ਤਰ੍ਹਾਂ ਉਸ ਕੰਮ 'ਚ ਜੇ ਉਹ ਸਫ਼ਲ ਜਾਂ ਅਸਫ਼ਲ ਹੋ ਜਾਂਦਾ ਹੈ ਤਾਂ ਉਹ ਜਾਂ ਤਾਂ ਬਹੁਤ ਖ਼ੁਸ਼ ਜਾਂ ਫੇਰ ਬਹੁਤ ਨਿਰਾਸ਼ ਹੋ ਜਾਂਦਾ ਹੈ ਤੇ ਨਿਰਾਸ਼ਤਾ ਦੀ ਸਥਿਤੀ 'ਚ ਉਹ ਇੱਕਲੇਪਣ ਦਾ ਸ਼ਿਕਾਰ ਹੋ ਕੇ ਮਾਨਸਿਕ ਪਰੇਸ਼ਾਨੀਆਂ 'ਚ ਘੇਰੇ ਜਾਂਦੇ ਹਨ। ਅਜਿਹੀ ਹਾਲਤ 'ਚ ਮਾਨਸਿਕ ਤੌਰ 'ਤੇ ਪਰੇਸ਼ਾਨ ਵਿਅਕਤੀ ਦੀ ਜੋ ਹਾਲਤ ਹੁੰਦੀ ਹੈ ਤੇ ਜੋ ਉਸਦੀ ਮਾਨਸਿਕਤਾ ਹੁੰਦੀ ਹੈ ਅਤੇ ਜਿਸ ਤਰ੍ਹਾਂ ਦੇ ਖਿਆਲ ਖੁਦ ਬਾ ਖੁਦ ਉਸਦੇ ਦਿਮਗ਼ ਅੰਦਰ ਚੱਲਦੇ ਰਹਿੰਦੇ ਹਨ ਉਹ ਉਸਨੂੰ ਹੋਰ ਪਰੇਸ਼ਾਨ ਕਰਦੇ ਰਹਿੰਦੇ ਹਨ। ਕੁੱਝ ਗੱਲਾਂ ਜੋ ਆਮ ਜੀਵਨ 'ਚ ਸਿਰਫ਼ ਹਾਸੇ ਮਜਾਕ ਦਾ ਹਿੱਸਾ ਹੁੰਦੀਆ ਹਨ ਅਤੇ ਇਹੀ ਗੱਲਾਂ ਮਾਨਸਿਕ ਤੌਰ 'ਤੇ ਪਰੇਸ਼ਾਨ ਚੱਲ ਰਹੇ ਵਿਅਕਤੀ ਦੇ ਲਈ ਆਪਣੀ ਮਾਨਸਿਕ ਸ਼ਕਤੀ ਅਨੁਸਾਰ



ਉਸਨੂੰ ਸਭ ਕੁੱਝ ਬੇਅਰਥ ਅਤੇ ਫਾਲਤੂ ਪ੍ਰਤੀਤ ਹੋਣ ਲੱਗ ਪੈਂਦੀਆਂ ਹਨ। ਇਸ ਤੋਂ ਇਲਾਵਾ ਹਰ ਇਕ ਗੱਲਬਾਤ ਭਾਵੇ ਉਹ ਕਿਸੇ ਵੀ ਵਿਸ਼ੇ ਦੀ ਕਿਉਂ ਨਾ ਹੋਵੇ ਤੇ ਆਪਣੀ ਸੀਮਤ ਮਾਨਸਿਕ ਸ਼ਕਤੀ ਕਾਰਨ ਆਪਣੀ ਜ਼ਿੰਦਗੀ ਨਾਲ ਜੁੜੀ ਹੋਈ ਪ੍ਰਤੀਤ ਹੁੰਦੀ ਹੈ ਅਤੇ ਹਰ ਛੋਟੀ ਜਾਂ ਵੱਡੀ ਘਟਨਾ ਦੀ ਤੁਲਨਾ ਆਪਣੀ ਜੀਵਨ ਸ਼ੈਲੀ ਨਾਲ ਕਰਨ 'ਤੇ ਉਹ ਹੋਰ ਨਿਰਾਸ਼ ਹੋ ਜਾਂਦੇ ਹਨ ਤੇ ਇਹੀ ਨਿਰਾਸ਼ਾ ਹੌਲੀ-ਹੌਲੀ ਸਾਡੀਆਂ ਚਮਕਦੀਆਂ ਆਸ਼ਾਵਾਂ ਨੂੰ ਹਨੇਰੀ ਗੁਫਾ ਅੰਦਰ ਲੈ ਜਾਂਦੀ ਹੈ ਤੇ ਇਸ ਪ੍ਰਕਾਰ ਮਾਨਸਿਕ ਤੌਰ 'ਤੇ ਪਰੇਸ਼ਾਨ ਚੱਲ ਰਹੇ ਵਿਅਕਤੀ ਲਈ ਆਪਣੀ ਜ਼ਿੰਦਗੀ ਇਕ ਭਾਰ ਬਣ ਜਾਂਦੀ ਹੈ। ਉਹ ਹਰ ਪਲ ਇੱਕਲਾ ਤੇ ਬਿਲਕੁਲ ਸ਼ਾਂਤ ਰਹਿਣਾ ਪਸੰਦ ਕਰਦਾ ਤੇ ਕਿਸੇ ਨਾਲ ਬੋਲਣਾ ਉਸਨੂੰ ਬਿਲਕੁਲ ਵੀ ਚੰਗਾ ਨਹੀਂ ਲੱਗਦਾ। ਹਰ ਚੀਜ਼ ਤੋਂ ਜਲਦੀ ਘਬਰਾ ਕੇ ਕਈ ਵਾਰ ਆਪਣਾ ਆਪਾ ਖੋ ਬੈਠਦਾ ਹੈ ਤੇ ਕੁੱਝ ਚਿਰ ਬਾਅਦ ਬਿਲਕੁਲ ਸ਼ਾਂਤ ਹੋ ਜਾਂਦਾ ਹੈ। ਉਸਨੂੰ ਜਦੋਂ ਆਪਣੀ ਮਾਨਸਿਕ ਹਾਲਤ ਦੇ ਦੌਰਾਨ ਕੀਤੀਆਂ ਗ਼ਲਤੀਆਂ ਬਾਰੇ ਪਤਾ ਲੱਗਦਾ ਹੈ ਤਾਂ ਉਹ ਹੋਰ ਪਰੇਸ਼ਾਨ ਹੋ ਜਾਂਦਾ ਹੈ ਇਸ ਪ੍ਰਕਾਰ ਅਜਿਹੀ ਹਾਲਤ 'ਚ ਉਸ ਨੂੰ ਹਰ ਚੀਜ਼ ਤੋਂ ਨਫ਼ਰਤ ਜਿਹੀ ਹੋ ਜਾਂਦੀ ਹੈ ਤੇ ਇਸ ਨਾਲ ਸੁਭਾਅ 'ਚ ਚਿੜਚਿੜਾਪਨ ਆਉਂਦਾ ਵੀ ਸੁਭਾਵਿਕ ਹੈ। ਅਜਿਹੀ ਹਾਲਤ 'ਚ ਮਾਨਸਿਕ ਥਕਾਵਟ ਅਤੇ ਸਰੀਰਕ ਕਮਜ਼ੋਰੀ ਦੇ ਨਾਲ ਸਰੀਰਕ ਢਾਂਚਾ ਵੀ ਪ੍ਰਭਾਵਿਤ ਹੁੰਦਾ ਹੈ। ਇਕ ਮਾਨਸਿਕ ਤੌਰ 'ਤੇ ਪਰੇਸ਼ਾਨ ਕਿਸੇ ਵੀ ਮਰੀਜ਼ ਦਾ ਦੁੱਖ ਬਹੁਤ ਡੂੰਘਾ ਦਰਦ ਬੈਠਾ ਹੁੰਦਾ ਹੈ। ਜੇ ਕੋਈ ਆਮ ਵਿਅਕਤੀ ਇਸ ਵਿਸ਼ੇ 'ਤੇ ਗੱਲ ਕਰਦਾ ਹੈ ਤਾਂ ਉਹ ਮਾਨਸਿਕ ਰੋਗੀ ਦੇ ਦਰਦ ਨੂੰ ਸਮਝਣ ਤੋਂ ਕੋਹਾਂ ਦੂਰ ਹੁੰਦਾ ਹੈ ਕਿਉਂਕਿ ਮਾਨਸਿਕ ਪਰੇਸ਼ਾਨੀ ਦਾ ਕਾਰਨ ਸਮਝਣਾ ਤੇ ਮਾਨਸਿਕ ਪਰੇਸ਼ਾਨ ਮਰੀਜ਼ ਦੇ ਦਿਮਗ਼ ਦੀ ਗੱਲ ਬੁੱਝਣੀ ਕੋਈ ਸੌਖੀ ਗੱਲ ਨਹੀਂ ਹੁੰਦੀ। ਮਾਨਸਿਕ ਰੋਗ ਡੂੰਘੇ ਸਮੁੰਦਰਾਂ ਦੀਆਂ ਤਾਰੀਆਂ ਸਮਾਨ ਹੁੰਦੇ ਹਨ। ਜਿਸਦਾ ਸਫ਼ਰ ਅਣਜਾਣ ਗੋਤਾਖੋਰ ਕਰਦੇ ਹਨ। ਅਜਿਹੀ ਹਾਲਤ 'ਚ ਤੁਸੀ ਗੋਤਾਖੋਰਾਂ ਦੀਆਂ ਕਠਿਨਾਈਆਂ ਅਤੇ ਸਮੁੰਦਰਾਂ ਦੇ ਖਤਰਨਾਕ ਹਾਲਾਤਾਂ ਦਾ ਅੰਦਾਜ਼ਾ ਲਾ ਸਕਦੇ ਹੋ। ਮਾਨਸਿਕ ਰੋਗਾਂ ਦਾ ਆਮ ਤੌਰ 'ਤੇ ਮੁੱਖ ਕਾਰਨ ਸਾਡੇ ਸਮਾਜ ਦਾ ਗਤੀਸ਼ੀਲ ਵਰਤਾਰਾ ਹੈ। ਜਿਸ 'ਚ ਇਕ ਦੂਸਰੇ ਨਾਲ ਈਰਖਾ ਹੀਣ ਭਾਵਨਾ ਆਪਣੇ ਰਿਸ਼ਤੇਦਾਰਾਂ, ਪਰਿਵਾਰਿਕ ਪਰੇਸ਼ਾਨੀਆਂ ਤੇ ਕੁੱਝ ਜ਼ਿੰਦਗੀ ਦੀਆਂ ਉਲਝਣਾਂ ਹੁੰਦੀਆਂ ਹਨ ਅਤੇ ਅਜਿਹੀਆਂ ਹਾਲਤਾਂ ਦੇ 'ਚ ਚਿੰਤਾਂ 'ਤੇ ਪਰੇਸ਼ਾਨੀ ਹੋਣੀ ਸੁਭਾਵਿਕ ਹੈ ਪਰ ਇਸਦੇ ਨਾਲ ਇਹ ਗੱਲ ਸੋਚਣੀ ਵੀ ਜ਼ਰੂਰੀ ਹੈ ਕਿ ਸਾਡੇ ਚਿੰਤਾਂ ਕਰਨ ਨਾਲ ਕਿ ਉਸ ਸਮੱਸਿਆ ਦਾ ਹੱਲ ਨਿਕਲ ਜਾਵੇਗਾ ਜਾਂ ਕਿ



ਸਾਡੇ ਚਿੰਤਾਂ ਕਰਨ ਨਾਲ ਸਾਡੇ ਜੀਵਨ ਦੇ ਉਲਟ ਚੱਲਦੀਆਂ ਪ੍ਰਸਥਿਤੀਆਂ ਸਹੀ ਹੋ ਜਾਣਗੀਆਂ ਤੇ ਬਸ ਹਮੇਸ਼ਾ ਇਹੀ ਸੋਚ ਕੇ ਚੱਲੋ ਕਿ ਜ਼ਿੰਦਗੀ ਇਕ ਸੰਘਰਸ਼ ਹੈ ਅਤੇ ਅਸੀਂ ਆਪਣੇ ਜੀਵਨ ਦੇ ਰੂਪ 'ਚ ਜ਼ਿੰਦਗੀ ਦੀ ਸਟੇਜ ਦੇ ਬਹੁਤ ਪਰਪੱਕ ਅਦਾਕਾਰ ਹਾਂ ਅਤੇ ਜੀਵਨ ਦੇ ਵੱਖ-ਵੱਖ ਹਾਲਾਤਾਂ 'ਚ ਵੀ ਅਸੀਂ ਆਪਣੀ ਅਦਾਕਾਰੀ ਦੇ ਰਹੇ ਹਾਂ।

ਆਪਣੇ ਜੀਵਨ ਦੇ ਇਕੱਲੇਪਣ ਨੂੰ ਤਿਆਗ ਕੇ ਹਮੇਸ਼ਾ ਖ਼ੁਸ਼ ਰਹਿਣ ਦਾ ਯਤਨ ਕਰੋ। ਆਪਣੇ ਹਾਲਾਤਾਂ ਦੇ ਅਨੁਸਾਰ ਵਾਤਾਵਰਨ 'ਚ ਢਲਣਾ ਸਿੱਖੋ ਕਿਉਂਕਿ ਜ਼ਿੰਦਗੀ 'ਚ ਉਤਰਾਅ-ਚੜ੍ਹਾਅ ਆਉਂਦੇ ਹੀ ਰਹਿਣੇ ਨੇ ਤੇ ਬਸ ਪ੍ਰਸਥਿਤੀਆਂ ਦੇ ਨਾਲ ਟਕਰਾਉਂਦੇ ਹੋਏ ਸ਼ਾਂਤ ਸੁਭਾਅ ਦੇ ਨਾਲ ਆਪਣੀਆਂ ਜ਼ਰੂਰਤਾਂ ਨੂੰ ਸੀਮਤ ਰੱਖ ਕੇ ਜ਼ਿੰਦਗੀ ਗੁਜਾਰੋ ਅਤੇ ਫੇਰ ਵੇਖੋ ਇਹੀ ਜ਼ਿੰਦਗੀ ਕਿੰਨੀ ਸੁਹਾਵਣੀ ਪ੍ਰਤੀਤ ਹੁੰਦੀ ਹੈ। ਇਕੱਲੇਪਣ ਦਾ ਮੁੱਖ ਕਾਰਨ ਵਿਹਲਾ ਸਮਾਂ ਹੁੰਦਾ ਹੈ ਤਾਂ ਆਪਣੀ ਇਕੱਲਤਾ ਦੂਰ ਕਰਨ ਲਈ ਆਪਣੀ ਮਾਨਸਿਕ ਸਥਿਤੀ ਦੇ ਅਨੁਰੂਪ ਕਿਤਾਬਾਂ, ਮੈਗਜ਼ੀਨ ਅਤੇ ਹੋਰ ਤੁਹਾਡੀ ਮਾਨਸਿਕ ਸੋਚ ਨੂੰ ਉਸਾਰੂ ਬਣਾਉਣ ਵਾਲਾ ਸਾਹਿਤ ਪੜੋ ਤੇ ਇਸ ਪ੍ਰਕਾਰ ਅਜਿਹੀਆਂ ਹੀ ਹੋਰ ਕਈ ਵਿਧੀਆਂ ਜਿਵੇਂ ਕਿ ਟੈਲੀਵਿਜਨ ਤੇ ਕੁੱਝ ਉਸਾਰੂ ਸੋਚ ਦੇ ਪ੍ਰੋਗਰਾਮ ਦੇਖਣੇ, ਚੰਗਾ ਸੰਗੀਤ ਸੁਣਨਾ, ਮੈਡੀਟੇਸ਼ਨ ਕਰਨਾ, ਯੋਗਾ ਕਰਨਾ, ਆਪਣੇ ਦੋਸਤਾਂ ਨਾਲ ਕੁੱਝ ਸਮਾਂ ਵਾਰਤਾਲਾਪ ਕਰਨਾ ਵੀ ਤੁਹਾਡੀ ਮਾਨਸਿਕ ਸਥਿਤੀ ਨੂੰ ਕਾਫ਼ੀ ਸਕੂਨ ਦਿੰਦਾ ਹੈ ਤੇ ਇਸ ਤਰ੍ਹਾਂ ਵੀ ਤੁਸੀ ਇਕੱਲੇਪਣ ਤੋਂ ਵੀ ਬਚ ਜਾਂਦੇ ਹੋ।

ਕਿਸੇ ਚੰਗੇ ਸਪੈਸ਼ਲਿਸਟ ਡਾਕਟਰਾਂ ਦੀ ਸਲਾਹ ਲੈ ਕੇ ਦਵਾਈ ਲਈ ਜਾਵੇ ਤਾਂ ਜਲਦੀ ਹੀ ਅਜਿਹੇ ਰੋਗਾਂ ਨੂੰ ਠੀਕ ਕੀਤਾ ਜਾ ਸਕਦਾ ਹੈ ਤੇ ਇਹੀ ਮਰੀਜ਼ ਮਾਨਸਿਕ ਰੋਗਾਂ ਦੇ ਠੀਕ ਹੋਣ ਤੋਂ ਬਾਅਦ ਉਹ ਆਪਣੀ ਉਸਾਰੂ ਸੋਚ ਦੇ ਨਾਲ ਬਹੁਤ ਹੀ ਵਿਲੱਖਣ ਹੋ ਜਾਂਦੇ ਹਨ। ਉਨ੍ਹਾਂ ਕੋਲ ਹਰ ਕਿਸੇ ਲਈ ਹਮਦਰਦੀ ਅਤੇ ਬਾਕੀ ਦੇ ਸਮਾਜਿਕ ਲੋਕਾਂ ਨਾਲੋ ਜ਼ਿੰਦਗੀ ਦਾ ਵੱਖਰਾ ਤਜ਼ੁਰਬਾ ਉਨ੍ਹਾਂ ਕੋਲ ਹੁੰਦਾ ਹੈ। ਜੋ ਹਰ ਕਿਸੇ ਕੋਲ ਨਹੀ ਹੁੰਦਾ। ਇਸ ਤੋਂ ਬਗੈਰ ਸਾਡੀ ਸਮਾਜਿਕ ਭਾਈਚਾਰਕ ਸਾਂਝ ਨੂੰ ਵੀ ਚਾਹੀਦਾ ਹੈ ਕਿ ਜੇ ਸਾਡੇ ਆਲੇ-ਦੁਆਲੇ ਸਮਾਜ 'ਚ ਕੋਈ ਸਾਥੀ ਅਜਿਹੀਆਂ ਹੀ ਮਾਨਸਿਕ ਪਰੇਸ਼ਾਨੀਆਂ ਨਾਲ ਜੂਝ ਰਿਹਾ ਹੈ ਤਾਂ ਉਸ ਨਾਲ ਹਮਦਰਦੀ ਰੱਖੀ ਜਾਵੇ।

ਜੇ ਉਸਦੀ ਕੋਈ ਸਮੱਸਿਆ ਹੈ ਜਾਂ ਉਸ ਨੂੰ ਕਿਸੇ ਕਾਰਨ ਮਾਨਸਿਕ ਤਣਾਅ ਜਾਂ ਪਰੇਸ਼ਾਨੀ ਹੈ ਤਾਂ ਹਾਲਾਤਾਂ ਦੇ ਅਨੁਸਾਰ ਜਾਂ ਗੁਪਤ ਤਰੀਕੇ ਨਾਲ ਉਸਦੀ ਪਰੇਸ਼ਾਨੀ ਦਾ ਹੱਲ ਕੀਤਾ ਜਾਵੇ। •

## ਸੰਪਾਦਕੀ

# ਕੇਂਦਰ ਸਰਕਾਰ ਦੇ ਬਜਟ 'ਚ ਬਿਹਾਰ ਦਾ ਸਥਾਨ ਕੇਂਦਰੀ

ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਵੱਲੋਂ ਬਜਟ ਦੇ ਦਿਨ ਪਹਿਨੀ ਗਈ ਸਾੜ੍ਹੀ, ਜਿਸ 'ਤੇ ਮਧੂਬਨੀ ਕਲਾ ਦੀ ਗਹਿਰੀ ਛਾਪ ਸੀ- ਨੇ ਇਸ ਗੱਲ 'ਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਛੱਡੀ ਕਿ ਕੇਂਦਰ ਸਰਕਾਰ ਦੇ ਇਸ ਵਿਆਪਕ ਬਜਟ 'ਚ ਬਿਹਾਰ ਦਾ ਸਥਾਨ ਕੇਂਦਰੀ ਹੈ। ਅਸਲ 'ਚ ਵਿੱਤ ਮੰਤਰੀ ਸੀਤਾਰਾਮਨ ਨੇ ਉਸ ਰਾਜ ਲਈ ਕਈ ਪ੍ਰਸਤਾਵ ਰੱਖੇ ਹਨ ਜਿਹੜਾ ਇਸ ਸਾਲ ਚੋਣ ਪ੍ਰਕਿਰਿਆ 'ਚੋਂ ਲੰਘੇਗਾ। ਉਤਪਾਦਨ, ਪ੍ਰੋਸੈਸਿੰਗ, ਕੀਮਤਾਂ ਤੇ ਮੰਡੀਕਰਨ ਨੂੰ ਹੁਲਾਰਾ ਦੇਣ ਲਈ ਉੱਥੇ ਮਖਾਣਾ ਬੋਰਡ ਦੇ ਗਠਨ; ਪੱਛਮੀ ਕੋਸੀ ਨਹਿਰ ਪ੍ਰੋਜੈਕਟ ਲਈ ਵਿੱਤੀ ਸਹਾਇਤਾ; ਤੇ ਖ਼ੁਰਾਕ ਤਕਨੀਕ, ਕਾਰੋਬਾਰ ਅਤੇ ਮੈਨੇਜਮੈਂਟ ਦੀ ਰਾਸ਼ਟਰੀ ਪੱਧਰ ਦੀ ਇੱਕ ਸੰਸਥਾ ਬਣਾਉਣ ਦੀ ਤਜਵੀਜ਼ ਰੱਖੀ ਗਈ ਹੈ। ਹੈਰਾਨੀ ਦੀ ਗੱਲ ਨਹੀਂ ਕਿ ਮੁੱਖ ਮੰਤਰੀ ਵਜੋਂ ਬਿਹਾਰ 'ਤੇ ਸਭ ਤੋਂ ਲੰਮੇ ਸਮੇਂ ਤੋਂ ਸ਼ਾਸਨ ਕਰ ਰਹੇ ਨਿਤੀਸ਼ ਕੁਮਾਰ ਨੇ ਆਪਣੇ ਰਾਜ ਨਾਲ ਵਿਸ਼ੇਸ਼ ਸਲੂਕ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਦੀ ਸ਼ਲਾਘਾ ਕੀਤੀ ਹੈ। ਇਕ ਦਹਾਕਾ ਲੋਕ ਸਭਾ 'ਚ ਪੂਰੀ ਤਰ੍ਹਾਂ ਸਮਰੱਥ ਰਹੀ ਭਾਜਪਾ ਹੁਣ ਆਪਣੀ ਸਰਕਾਰ ਦੀ ਹੋਂਦ ਬਚਾਉਣ ਲਈ ਨਿਤੀਸ਼ ਦੇ ਜਨਤਾ ਦਲ (ਯੂਨਾਈਟਿਡ) ਅਤੇ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਦੀ ਪਾਰਟੀ ਤੇਲਗੂ ਦੇਸਮ ਪਾਰਟੀ (ਟੀਡੀਪੀ) ਉੱਤੇ ਨਿਰਭਰ ਹੈ। ਭਗਵਾਂ ਪਾਰਟੀ ਨੇ ਵਿੱਤੀ ਸਾਲ 2025-26 ਦੇ ਕੇਂਦਰੀ ਬਜਟ 'ਚ ਰਣਨੀਤਕ ਢੰਗ ਨਾਲ ਆਂਧਰਾ ਤੋਂ ਵੱਧ ਬਿਹਾਰ ਨੂੰ ਤਰਜੀਹ ਦਿੱਤੀ ਹੈ-ਅਗਲੇ ਸਾਲ ਆਂਧਰਾ ਦਾ ਨੰਬਰ ਵੀ ਆ ਸਕਦਾ ਹੈ। ਦੋਵਾਂ ਮਹੱਤਵਪੂਰਨ ਸਹਿਯੋਗੀਆਂ ਨੂੰ ਸਮੇਂ ਦੀ ਮੰਗ ਮੁਤਾਬਿਕ ਗੱਠਜੋੜ ਦੇ ਅਕੀਦੇ ਤਹਿਤ ਫ਼ਾਇਦਾ ਪਹੁੰਚਾ ਕੇ ਨਾਲ ਜੋੜ ਕੇ ਰੱਖਿਆ ਜਾ ਸਕਦਾ ਹੈ।ਵਿਰੋਧੀ ਧਿਰਾਂ ਦੀਆਂ ਸਰਕਾਰਾਂ ਵਾਲੇ ਰਾਜਾਂ ਕੋਲ ਬਜਟ ਦੀਆਂ ਤਜਵੀਜ਼ਾਂ ਤੋਂ ਨਿਰਾਸ਼ ਹੋਣ ਦਾ ਹਰ ਜਾਇਜ਼ ਕਾਰਨ ਹੈ। ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਵਾਲੇ ਪੰਜਾਬ, ਜੋ ਪਹਿਲਾਂ ਤਿੰਨ ਖੇਤੀ ਕਾਨੂੰਨਾਂ ਤੇ ਹੁਣ ਐੱਮਐੱਸਪੀ ਦੀ ਕਾਨੂੰਨੀ ਗਾਰੰਟੀ ਲਈ ਕਿਸਾਨ ਅੰਦੋਲਨ ਦਾ ਕੇਂਦਰ ਬਣਿਆ ਰਿਹਾ, ਨੂੰ ਆਪਣੇ ਹਾਲ 'ਤੇ ਛੱਡ ਦਿੱਤਾ ਗਿਆ ਹੈ। ਵਿਅੰਗਾਤਮਕ ਹੈ ਕਿ ਕਰਜ਼ਾ ਮੁਆਫੀ ਦੀ ਬਜਾਏ, ਕੇਂਦਰ ਨੇ ਕਿਸਾਨ ਕਰੈਡਿਟ ਕਾਰਡ ਲੋਨ ਦੀ ਸੀਮਾ ਵਧਾ ਦਿੱਤੀ ਦਿੱਤੀ ਹੈ। ਇਸ ਨਾਲ ਕਿਸਾਨ ਕੇਵਲ ਹੋਰ ਕਰਜ਼ਾਈ ਹੀ ਹੋਣਗੇ, ਇਸ ਦਾ ਕੋਈ ਲਾਹਾ ਨਹੀਂ ਮਿਲੇਗਾ। ਇਸੇ ਤਰ੍ਹਾਂ ਕਾਂਗਰਸ ਦੀ ਸੱਤਾ ਵਾਲੇ ਹਿਮਾਚਲ ਪ੍ਰਦੇਸ਼ ਨੂੰ ਵੀ ਨਜ਼ਰਅੰਦਾਜ਼ ਕੀਤਾ ਗਿਆ ਹੈ, ਜਦੋਂਕਿ ਜੰਮੂ ਕਸ਼ਮੀਰ ਲਈ ਬਜਟ ਵੀ ਹੈਰਾਨੀਜਨਕ ਢੰਗ ਨਾਲ ਘਟਾ ਦਿੱਤਾ ਗਿਆ ਹੈ।

ਜਾਪਦਾ ਹੈ ਕਿ ਪ੍ਰਧਾਨ ਮੰਤਰੀ ਵੱਲੋਂ ਅਕਸਰ ਦਿੱਤਾ ਜਾਂਦਾ ਨਾਅਰਾ, "ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ", ਸਿਆਸੀ ਤਰਜੀਹਾਂ ਥੱਲੇ ਦੱਬਿਆ ਗਿਆ ਹੈ। ਬਜਟ ਦੀਆਂ ਤਜਵੀਜ਼ਾਂ ਵੀ ਇਸੇ ਪਾਸੇ ਸੰਕੇਤ ਕਰ ਰਹੀਆਂ ਹਨ। ਕਈ ਫ਼ੈਸਲੇ ਸਿਆਸੀ ਮਜਬੂਰੀਆਂ ਵਿੱਚੋਂ ਲਏ ਜਾਪਦੇ ਹਨ ਤੇ ਤਰਕਸੰਗਤ ਨਹੀਂ ਜਾਪਦੇ। ਜੇ ਕੇਂਦਰ ਨਿਰੰਤਰ ਇਸੇ ਤਰ੍ਹਾਂ ਮਰਜ਼ੀ ਮੁਤਾਬਿਕ ਚੋਣ ਕਰ ਕੇ ਸਿਆਸੀ ਤਰਜੀਹਾਂ ਨਾਲ ਬਜਟ ਦੇ ਗੱਫੇ ਵੰਡਦਾ ਰਿਹਾ ਤਾਂ ਸਾਲ 2047 ਤੱਕ ਵਿਕਸਿਤ ਮੁਲਕ ਬਣਨ ਦਾ ਇਸ ਦਾ ਸ਼ਾਨਦਾਰ ਸੁਪਨਾ-ਸੁਪਨਾ ਹੀ ਬਣ ਕੇ ਰਹਿ ਜਾਵੇਗਾ।

# ਵਧਦੀ ਮਹਿੰਗਾਈ ਤੇ ਆਮਦਨੀ 'ਚ ਖੜੋਤ ਅਤੇ ਟੈਕਸ ਦਾ ਬੋਝ

ਸਾਲਾਂ ਤੋਂ ਭਾਰਤ ਦਾ ਮੱਧਵਰਗ ਆਰਥਿਕ ਦਬਾਅ ਹੇਠ ਹੈ। ਵਧਦੀ ਮਹਿੰਗਾਈ ਤੇ ਆਮਦਨੀ 'ਚ ਖੜੋਤ ਅਤੇ ਉੱਤੋਂ ਟੈਕਸ ਦਾ ਬੋਝ, ਕਦੇ ਵੀ ਵਾਜਿਬ ਨਹੀਂ ਜਾਪੇ। ਕੇਂਦਰੀ ਬਜਟ 2025 ਦੇ ਨਾਲ, ਮੋਦੀ ਸਰਕਾਰ ਨੇ ਆਖ਼ਿਰ ਛੋਟ ਦੀ ਸੀਮਾ ਵਧਾ ਕੇ ਤੇ ਟੈਕਸ ਦਰਾਂ ਘਟਾ ਕੇ ਠੋਸ ਰਾਹਤ ਦੇਣ ਵੱਲ ਪਹਿਲਕਦਮੀ ਕੀਤੀ ਹੈ। ਹੁਣ 12 ਲੱਖ ਤੱਕ ਦੀ ਕਮਾਈ ਕਰ ਰਹੇ ਵਿਅਕਤੀਆਂ ਨੂੰ ਕੋਈ ਟੈਕਸ ਨਹੀਂ ਦੇਣਾ ਪਏਗਾ। ਸੋਧੇ ਗਏ ਢਾਂਚੇ ਨਾਲ ਖ਼ਰਚੀ ਜਾ ਸਕਣ ਵਾਲੀ ਆਮਦਨ ਪਹਿਲਾਂ ਨਾਲੋਂ ਵੱਧ ਗਈ ਹੈ, ਜਿਸ ਨਾਲ ਉਪਭੋਗਤਾ ਦੀ ਖ਼ਰਚਣ ਦੀ ਸਮਰੱਥਾ ਵਧੇਗੀ ਤੇ ਨਾਲ ਮਹਿੰਗਾਈ ਨੂੰ ਠੱਲ੍ਹ ਪਏਗੀ। ਖ਼ਪਤ 'ਚ ਸੰਭਾਵੀ ਵਾਧਾ, ਘਟਣ ਵਾਲੇ ਟੈਕਸ ਮਾਲੀਏ ਦਾ ਸੰਤੁਲਨ ਬਿਠਾ ਸਕਦਾ ਹੈ। ਤਨਖਾਹਸ਼ੁਦਾ ਮੁਲਾਜ਼ਮਾਂ ਨੂੰ ਟੈਕਸ ਢਾਂਚੇ ਦੇ ਸਰਲੀਕਰਨ ਨਾਲ ਫ਼ਾਇਦਾ ਹੋਵੇਗਾ ਕਿਉਂਕਿ ਉਨ੍ਹਾਂ ਨੂੰ ਕਟੌਤੀਆਂ ਤੇ ਨਿਯਮਾਂ ਦੀ ਉਲਝਣ ਤੋਂ ਨਿਜਾਤ ਮਿਲੇਗੀ। ਟੈਕਸ ਕਟੌਤੀ ਦੀ ਹੱਦ ਵੱਧ ਕੇ ਦੁੱਗਣੀ ਹੋਣ ਨਾਲ ਸੀਨੀਅਰ ਨਾਗਰਿਕਾਂ ਨੂੰ ਲਾਹਾ ਮਿਲੇਗਾ। ਇਨ੍ਹਾਂ ਲਈ ਟੈਕਸ ਛੋਟ ਦੀ ਸੀਮਾ ਇੱਕ ਲੱਖ ਰੁਪਏ ਕਰ ਦਿੱਤੀ ਜਾਵੇਗੀ ਜੋ ਪਹਿਲਾਂ 50,000 ਰੁਪਏ ਸੀ। ਇਸ ਨਾਲ ਸੇਵਾਮੁਕਤ ਨਾਗਰਿਕਾਂ ਨੂੰ ਅਰਥਪੂਰਨ ਰਾਹਤ ਮਿਲੇਗੀ ਜਿਹੜੇ ਨਿਸ਼ਚਿਤ-ਆਮਦਨੀ ਦੇ ਸਰੋਤਾਂ 'ਤੇ ਨਿਰਭਰ ਹਨ। ਤੇ ਜਿਹੜੇ ਕਿਰਾਏ ਤੋਂ ਹੋਣ ਵਾਲੀ ਆਮਦਨੀ 'ਤੇ ਨਿਰਭਰ ਹਨ, ਨੂੰ ਟੀਡੀਐੱਸ ਦੀ ਸੀਮਾ ਵਧਣ ਦਾ ਲਾਹਾ ਮਿਲੇਗਾ, ਜਿਹੜੀ ਹੁਣ ਸਾਲਾਨਾ 6 ਲੱਖ ਰੁਪਏ ਕਰ ਦਿੱਤੀ ਗਈ ਹੈ। ਇਸ ਤਰ੍ਹਾਂ ਵੱਧ ਵਿੱਤੀ ਲਚਕਤਾ ਰੱਖੀ ਗਈ ਹੈ। ਬਜਟ ਵਿੱਚ ਸਾਲ 2025-26 ਲਈ 28.37 ਲੱਖ ਕਰੋੜ ਰੁਪਏ ਸਿੱਧੇ ਜਾਂ ਅਸਿੱਧੇ ਕਰਾਂ ਤੋਂ, 5.83 ਲੱਖ ਕਰੋੜ ਰੁਪਏ ਗੈਰ ਕਰਾਂ ਤੋਂ ਅਤੇ 15.68 ਲੱਖ ਕਰੋੜ ਰੁਪਏ ਕਰਜ਼ਿਆਂ ਤੋਂ ਇਕੱਠੇ ਹੋਣ ਦੀ ਤਜਵੀਜ਼ ਹੈ। ਹਾਲਾਂਕਿ ਬਜਟ ਸਬੰਧੀ ਕੁਝ ਖ਼ਦਸ਼ੇ ਵੀ ਹਨ ਕਿਉਂਕਿ ਤਬਦੀਲੀ ਕੁਝ ਸਮਝੌਤਿਆਂ ਦੇ ਨਾਲ ਆਈ ਹੈ। ਹਾਲਾਂਕਿ ਘੱਟ ਦਰਾਂ ਲਾਭਕਾਰੀ ਲੱਗ ਰਹੀਆਂ ਹਨ, ਪਰ ਈਪੀਐੱਫ, ਪੀਪੀਐੱਫ, ਬੀਮੇ ਤੇ ਮਕਾਨ ਕਰਜ਼ਿਆਂ 'ਤੇ ਪ੍ਰਮੁੱਖ ਕਟੌਤੀਆਂ ਦਾ ਖ਼ਤਮ ਹੋਣਾ- ਆਮ ਆਦਮੀ ਦੀ ਅਸਲ ਬੱਚਤ ਨੂੰ ਖ਼ੋਰਾ ਲਾ ਸਕਦਾ ਹੈ। ਲੰਮੇ ਸਮੇਂ ਦੀ ਬੱਚਤ 'ਚ ਗਿਰਾਵਟ ਆਉਣ ਦੀ ਸੰਭਾਵਨਾ ਗਹਿਰੀ ਚਿੰਤਾ ਦਾ ਵਿਸ਼ਾ ਹੈ। ਨਵੀਂ ਟੈਕਸ ਪ੍ਰਣਾਲੀ ਪੀਐੱਫ ਤੇ ਹੋਰਨਾਂ ਸਮਾਜਿਕ ਸੁਰੱਖਿਆ ਸਕੀਮਾਂ 'ਚ ਨਿਵੇਸ਼ ਕਰਨ ਵਾਲਿਆਂ ਨੂੰ ਹਤਾਸ਼ ਕਰਦੀ ਹੈ। ਭਾਵੇਂ ਕਰਦਾਤਾਵਾਂ ਨੂੰ ਵੱਧ ਲਚਕਤਾ ਮਿਲੀ ਹੈ, ਪਰ ਲਾਜ਼ਮੀ ਬੱਚਤ ਦੀ ਗ਼ੈਰ-ਮੌਜੂਦਗੀ ਲੰਮੀ ਮਿਆਦ ਲਈ ਉਨ੍ਹਾਂ ਦੀ ਵਿੱਤੀ ਸੁਰੱਖਿਆ ਨੂੰ ਕਮਜ਼ੋਰ ਕਰ ਸਕਦੀ ਹੈ। ਇਸ ਤੋਂ ਇਲਾਵਾ ਆਗਾਮੀ ਤਨਖਾਹ ਕਮਿਸ਼ਨ ਸਰਕਾਰੀ ਕਰਮਚਾਰੀਆਂ ਦੀਆਂ ਤਨਖਾਹਾਂ ਵਧਾ ਸਕਦਾ ਹੈ, ਜਿਸ ਨਾਲ ਮੁਲਾਜ਼ਮ ਉੱਚੀ ਟੈਕਸ ਹੱਦ ਦੇ ਦਾਇਰੇ ਵਿੱਚ ਆ ਜਾਣਗੇ ਤੇ ਰਾਹਤ ਦਾ ਲਾਹਾ ਲੈਣ ਤੋਂ ਵਾਂਝੇ ਹੋ ਜਾਣਗੇ। ਫਿਲਹਾਲ, ਮੱਧਵਰਗੀ ਕਰਦਾਤਾ ਸੌਖਾ ਸਾਹ ਲੈ ਸਕਦਾ ਹੈ। ਪਰ ਅਸਲ ਆਰਥਿਕ ਰਾਹਤ ਲਈ ਟੈਕਸ ਕਟੌਤੀਆਂ ਤੋਂ ਕਿਤੇ ਵੱਧ ਉੱਦਮ ਕਰਨ ਦੀ ਲੋੜ ਪਏਗੀ- ਆਮਦਨੀ 'ਚ ਲਗਾਤਾਰ ਵਾਧਾ, ਮਹਿੰਗਾਈ 'ਤੇ ਕਾਬੂ ਅਤੇ ਟੈਕਸ ਆਧਾਰ ਦਾ ਵਿਸਤਾਰ ਇਸ ਦੇ ਜ਼ਰੂਰੀ ਪਹਿਲੂ ਹਨ। ਇਸ ਤੋਂ ਇਲਾਵਾ ਸੇਵਾਮੁਕਤ ਕਰਮਚਾਰੀਆਂ ਲਈ ਇੱਕ ਸਮਾਜਿਕ ਸੁਰੱਖਿਆ ਘੇਰਾ ਵੀ ਲੋੜੀਂਦਾ ਹੈ-ਵਰਤਮਾਨ 'ਚ, ਪ੍ਰਾਈਵੇਟ ਸੈਕਟਰ ਲਈ ਇਹ ਲਗਭਗ ਸਿਫ਼ਰ ਹੈ। ਇਨ੍ਹਾਂ ਤੋਂ ਬਿਨਾਂ ਆਰਜ਼ੀ ਰਾਹਤ ਦੇ ਬਾਵਜੂਦ ਵਿੱਤੀ ਦਬਾਅ ਬਣੇ ਰਹਿਣਗੇ।

# ਐਮ.ਐਮ.ਡੀ. ਡੀ ਏ ਵੀ ਕਾਲਜ ਗਿੱਦੜਬਾਹਾ ਵਿਖੇ ਬਸੰਤ ਪੰਚਮੀ ਨੂੰ ਸਮਰਪਿਤ ਸਭਿਆਚਾਰਕ ਪ੍ਰੋਗਰਾਮ ਕੀਤਾ ਗਿਆ

**ਗਿੱਦੜਬਾਹਾ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਐਮ, ਐਮ ਡੀ, ਡੀ, ਏ ਵੀ ਕਾਲਜ ਗਿੱਦੜਬਾਹਾ ਵਿਖੇ ਬਸੰਤ ਪੰਚਮੀ ਨੂੰ ਸਮਰਪਿਤ ਸਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਦੀ ਸ਼ੁਰੂਆਤ ਸੰਗੀਤ ਵਿਭਾਗ ਵਿਖੇ ਸਥਾਪਿਤ ਮਾਤਾ ਸਰਸਵਤੀ ਦੀ ਪੂਜਾ ਵੰਦਨਾ ਕਰਕੇ ਕੀਤੀ ਗਈ। ਸਮੁੱਚੇ ਸਮਾਗਮ ਦੀ ਅਗਵਾਈ ਕਰਦਿਆਂ ਪੰਜਾਬੀ ਵਿਭਾਗ ਮੁਖੀ ਸਰੋਜ਼ ਅਰੋੜਾ ਨੇ ਵਿਦਿਆਰਥੀਆਂ ਨੂੰ ਬਸੰਤ ਪੰਚਮੀ ਦੇ ਇਤਿਹਾਸਿਕ ਪਰਿਪੇਖ ਸੰਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਵਿਦਿਆਰਥੀਆਂ ਵੱਲੋਂ ਗੀਤ, ਬੋਲੀਆਂ, ਟੱਪੇ,ਨਾਚ ਅਤੇ ਭੰਡ ਆਦਿ ਰੰਗਾਰੰਗ ਤੇ ਸਭਿਆਚਾਰਕ ਪ੍ਰੋਗਰਾਮ ਦੀ ਪੇਸ਼ਕਾਰੀ ਕੀਤੀ ਗਈ, ਜਿਸ ਦੌਰਾਨ ਆਪਣੀ ਕਲਾਂ ਦਾ ਪ੍ਰਦਰਸ਼ਨ ਕਰ ਰਿਤਿਕਾ, ਕਾਲਜ, ਅੰਜਲੀ, ਜਸਪ੍ਰੀਤ, ਸਿਮਰਨ, ਮੁਸਕਾਨ , ਸੁਖਪ੍ਰੀਤ ਅਤੇ ਰਾਹੁਲ ਆਦਿ ਨੇ ਆਪਣੀ ਪ੍ਰਤਿਭਾ ਦੇ ਜੋਹਰ ਵਿਖਾਏ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ ਸਰੋਜ਼ ਅਰੋੜਾ ਅਤੇ ਲੋਕਲ ਕਮੇਟੀ ਦੇ ਪ੍ਰਧਾਨ ਰਘਬੀਰ ਸਿੰਘ ਨੇ ਆਪਣੇ ਸੁਨੇਹੇ ਵਿੱਚ ਵਿਦਿਆਰਥੀਆਂ ਨੂੰ ਬਸੰਤ ਪੰਚਮੀ ਦੇ ਸ਼ੁਭ ਦਿਹਾੜੇ ਦੀਆਂ ਸ਼ੁਭਕਾਮਨਾਵਾਂ ਭੇਂਟ ਕੀਤੀਆਂ। ਪ੍ਰੋਗਰਾਮ ਨੂੰ ਸਫ਼ਲ ਬਣਾਉਣ ਵਿੱਚ ਰਿੰਕੂ ਆਦੀਵਾਲ,ਪ੍ਰੋ, ਨੇਹਾ ਅਤੇ ਜਸਵਿੰਦਰ ਸਿੰਘ ਦਾ ਵਿਸ਼ੇਸ਼ ਸਹਿਯੋਗ ਰਿਹਾ ਜਦੋਂਕਿ ਮੰਚ ਸੰਚਾਲਨ ਦੀ ਭੂਮਿਕਾ ਅਰਸ਼ਦੀਪ ਕੌਰ ਵੱਲੋਂ ਨਿਭਾਈ ਗਈ।

ਸਮਾਗਮ ਦੇ ਅੰਤ ਵਿੱਚ ਧੰਨਵਾਦ ਦੀ ਰਸਮ ਅਦਾ ਕਰਦੇ ਡਾ ਚੰਦਨ ਪ੍ਰਕਾਸ਼ ਨੇ ਬਸੰਤ ਰੁੱਤ ਦੇ ਆਗਮਨ ਤੇ ਵਿਚਾਰਾ ਦੀ ਤਬਦੀਲੀ ਨੂੰ ਅਹਿਮ ਦੱਸਿਆ । ਇਸ ਮੌਕੇ ਜਸਵਿੰਦਰ ਬਾਘਲਾ, ਪ੍ਰੋ ਰਾਮ ਸ਼ਰਨ, ਪ੍ਰੋ ਅੰਜਲੀ, ਪ੍ਰੋ ਸੰਦੀਪ, ਪ੍ਰੋ ਗੁਰਿੰਦਰ,ਮਿਸ ਮਨੀਸ਼ਾ, ਪ੍ਰੋ ਕੁਲਦੀਪ, ਪ੍ਰੋ ਸਰਿਤਾ ਅਤੇ ਮਮਤਾ ਆਦਿ ਹਾਜ਼ਰ ਸਨ।

# ਸਰਕਾਰੀ ਸਕੂਲਾਂ ਚ ਪੜ੍ਹਦੇ ਵਿਦਿਆਰਥੀਆਂ ਨੂੰ ਨਹੀਂ ਆਵੇਗੀ ਕੋਈ ਮੁਸ਼ਕਿਲ : ਉਪ ਜਿਲਾ ਸਿੱਖਿਆ ਅਫਸਰ

**ਫ਼ਤਹਿਗੜ੍ਹ ਸਾਹਿਬ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲਾ ਸਿੱਖਿਆ ਵਿਭਾਗ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਬੱਚਿਆਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਵਚਨਬੱਧ ਹੈ ਅਤੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਕੋਈ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਉਪ ਜਿਲਾ ਸਿੱਖਿਆ ਅਫਸਰ (ਸੈਕੰਡਰੀ) ਦੀਦਾਰ ਸਿੰਘ ਮਾਂਗਟ ਨੇ ਕੀਤਾ। ਉਹਨਾਂ ਦੱਸਿਆ ਕਿ ਮੰਡੀ ਗੋਬਿੰਦਗੜ੍ਹ ਦੇ ਖਾਲਸਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਦੀ ਇਮਾਰਤ ਦਾ ਗੇਟ ਲੇਟ ਖੋਲਣ ਸਬੰਧੀ ਮਾਮਲਾ ਧਿਆਨ ਵਿੱਚ ਆਉਣ ਤੇ ਸਕੂਲ ਦੇ ਕੈਂਪਸ ਮੈਨੇਜਰ ਨੂੰ ਬੁਲਾ ਕੇ ਹਦਾਇਤ ਕੀਤੀ ਗਈ ਹੈ ਕਿ ਸਕੂਲ ਦੇ ਗੇਟ ਸਮੇਂ ਤੋਂ ਪਹਿਲਾਂ ਖੋਲੇ ਜਾਣ ਤਾਂ ਜੋ ਵਿਦਿਆਰਥੀ ਬਾਹਰ ਸੜਕਾਂ ਤੇ ਨਾ ਖੜੇ ਹੋਣ।

ਉਹਨਾਂ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਦੇ ਖੇਤਰ ਨੂੰ ਤਰਜੀਹੀ ਖੇਤਰ ਮੰਨਦੇ ਹੋਏ ਬੇਮਿਸਾਲ ਵਿਕਾਸ ਕਰਵਾ ਰਹੀ ਹੈ ਅਤੇ ਜਿਲੇ ਦੇ ਸਰਕਾਰੀ ਸਕੂਲਾਂ ਵਿੱਚ ਪੜ ਰਹੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਮੁਹਈਆ ਕਰਵਾਈ ਜਾ ਰਹੀ ਹੈ। ਉਹਨਾਂ ਦੱਸਿਆ ਕਿ ਸਰਕਾਰ ਵੱਲੋਂ ਪ੍ਰਾਈਵੇਟ ਸਕੂਲਾਂ ਦੀ ਤਰਜ ਤੇ ਜਿੱਥੇ ਸਕੂਲ ਆਫ ਐਮੀਨੈਂਸ ਖੋਲੇ ਗਏ ਹਨ ਉਥੇ ਹੀ ਛੇਤੀ ਹੀ ਸਰਕਾਰ ਵੱਲੋਂ ਸਕੂਲ ਆਫ ਹੈਪੀਨੈਸ ਵੀ ਬਣਾਏ ਜਾ ਰਹੇ ਹਨ ਜਿੱਥੇ ਕਿ ਵਿਦਿਆਰਥੀਆਂ ਨੂੰ ਆਧੁਨਿਕ ਤਰੀਕਿਆਂ ਨਾਲ ਮਿਆਰੀ ਸਿੱਖਿਆ ਹਾਸਲ ਹੋਵੇਗੀ।

ਉਪ ਜਿਲ੍ਹਾ ਸਿੱਖਿਆ ਅਫਸਰ ਨੇ ਕਿਹਾ ਕਿ ਸਕੂਲਾਂ ਵਿੱਚ ਵਿਦਿਆ ਦੇ ਮਿਆਰ ਚ ਹੋਏ ਬੇਮਿਸਾਲ ਸੁਧਾਰ ਕਰਨ ਜਿਲ੍ਹੇ ਦੇ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਕਾਫੀ ਵਧੀ ਹੈ ਅਤੇ ਜਿਲੇ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਵੱਖ ਵੱਖ ਖੇਤਰਾਂ ਵਿੱਚ ਵੱਡੀਆਂ ਮੱਲਾਂ ਮਾਰ ਰਹੇ ਹਨ।

# ਪੰਜਾਬ ਵਿਧਾਨ ਸਭਾ ਦੀ ਪ੍ਰੈਸ ਗੈਲਰੀ ਕਮੇਟੀ ਨੇ ਦਿੱਲੀ ਪੁਲਿਸ ਵੱਲੋਂ ਪੰਜਾਬ ਦੇ ਪੱਤਰਕਾਰਾਂ ਦੀ ਗੈਰ-ਕਾਨੂੰਨੀ ਹਿਰਾਸਤ ਦੀ ਕੀਤੀ ਨਿੰਦਾ

**ਚੰਡੀਗੜ੍ਹ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੀ ਪ੍ਰੈਸ ਗੈਲਰੀ ਕਮੇਟੀ ਨੇ ਬੀਤੇ ਕੱਲ੍ਹ ਨਵੀਂ ਦਿੱਲੀ ਵਿੱਚ ਵਾਪਰੀ ਸ਼ਰਮਨਾਕ ਘਟਨਾ ਦਾ ਸਖ਼ਤ ਨੋਟਿਸ ਲਿਆ ਹੈ, ਜਿੱਥੇ ਦਿੱਲੀ ਵਿਧਾਨ ਸਭਾ ਚੋਣਾਂ ਦੀ ਕਵਰੇਜ ਕਰ ਰਹੇ ਪੰਜਾਬ ਦੇ ਪੱਤਰਕਾਰਾਂ ਨੂੰ ਦਿੱਲੀ ਪੁਲਿਸ ਵੱਲੋਂ ਤੁਗਲਕ ਰੋਡ ਪੁਲਿਸ ਥਾਣੇ ਵਿੱਚ ਗੈਰ-ਕਾਨੂੰਨੀ ਤੌਰ 'ਤੇ 8 ਘੰਟੇ ਲਈ ਰੱਖਿਆ ਗਿਆ ।

ਇਸ ਮੰਦਭਾਗੀ ਘਟਨਾ ਨੂੰ ਜਮਹੂਰੀ ਨਿਯਮਾਂ ਦੇ ਨਾਮ 'ਤੇ ਧੱਬਾ ਦੱਸਦਿਆਂ ਅਤੇ ਚੋਣਾਂ ਦੀ ਕਵਰੇਜ ਕਰ ਰਹੇ ਪੱਤਰਕਾਰਾਂ ਲਈ ਪੁਖਤਾ ਸੁਰੱਖਿਆ ਦੀ ਮੰਗ ਕਰਦੇ ਹੋਏ, ਪੰਜਾਬ ਵਿਧਾਨ ਸਭਾ ਦੀ ਪ੍ਰੈਸ ਗੈਲਰੀ ਕਮੇਟੀ ਦੇ ਚੇਅਰਮੈਨ ਅਸ਼ਵਨੀ ਚਾਵਲਾ ਨੇ ਕਿਹਾ ਕਿ ਕਮੇਟੀ ਨੇ ਮੁੱਖ ਚੋਣ ਕਮਿਸ਼ਨਰ, ਨਵੀਂ ਦਿੱਲੀ ਕੋਲ ਲਿਖਤੀ ਸ਼ਿਕਾਇਤ ਦਰਜ ਕਰਵਾਈ ਹੈ।

ਚਾਵਲਾ ਨੇ ਅੱਗੇ ਕਿਹਾ ਕਿ ਪੰਜਾਬ ਦੇ ਪੱਤਰਕਾਰਾਂ ਨੂੰ ਦਿੱਲੀ ਵਿਧਾਨ ਸਭਾ ਚੋਣਾਂ ਦੀ ਕਵਰੇਜ ਕਰਨ ਸਮੇਂ ਪਤਾ ਲੱਗਾ ਕਿ ਇੱਕ ਰਾਜਨੀਤਿਕ ਸੰਗਠਨ ਦੇ ਮੈਂਬਰਾਂ ਵੱਲੋਂ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਸ਼ਰਾਬ ਅਤੇ ਹੋਰ ਸਮੱਗਰੀ ਵੰਡੀ ਜਾ ਰਹੀ ਸੀ, ਜੋ ਆਦਰਸ਼ ਚੋਣ ਜ਼ਾਬਤੇ ਦੀ ਪੂਰੀ ਤਰ੍ਹਾਂ ਉਲੰਘਣਾ ਹੈ। ਆਪਣੀ ਪੱਤਰਕਾਰੀ ਡਿਊਟੀ ਦੇ ਹਿੱਸੇ ਵਜੋਂ, ਪੱਤਰਕਾਰਾਂ ਨੇ ਜਦੋਂ ਉਕਤ ਘਟਨਾ ਨੂੰ ਕਵਰ ਕਰਨਾ ਸ਼ੁਰੂ ਕੀਤਾ ਤਾਂ ਸ਼ਰਾਰਤੀ ਤੱਤਾਂ ਨੇ ਇਤਰਾਜ਼ ਜਤਾਇਆ, ਜੋ ਪੰਜਾਬ ਦੇ ਪੱਤਰਕਾਰਾਂ ਨਾਲ ਸਰਾਸਰ ਧੱਕਾ ਹੈ।

ਪੰਜਾਬ ਦੇ ਪੱਤਰਕਾਰਾਂ ਨੇ ਇਨਸਾਫ਼ ਦੀ ਉਮੀਦ ਨਾਲ ਦਿੱਲੀ ਪੁਲਿਸ ਨੂੰ ਸੂਚਿਤ ਕੀਤਾ, ਪਰ ਅਫਸੋਸ ਕਿ ਦਿੱਲੀ ਪੁਲਿਸ ਨੇ ਮੌਕੇ 'ਤੇ ਪਹੁੰਚਣ ਦੀ ਬਜਾਏ ਪੰਜਾਬ ਦੇ ਪੱਤਰਕਾਰਾਂ ਨਾਲ ਦੁਰਵਿਵਹਾਰ ਕੀਤਾ ਅਤੇ ਸਾਰੇ ਨਿਯਮਾਂ ਨੂੰ ਛਿੱਕੇ ਟੰਗਦਿਆਂ ਉਨ੍ਹਾਂ ਨੂੰ ਹਿਰਾਸਤ ਵਿੱਚ ਵੀ ਲੈ ਲਿਆ। ਹਿਰਾਸਤ ਵਿੱਚ ਲਏ ਗਏ ਪੱਤਰਕਾਰਾਂ ਵਿੱਚ ਪੰਜਾਬ ਵਿਧਾਨ ਸਭਾ ਪ੍ਰੈਸ ਗੈਲਰੀ ਕਮੇਟੀ ਦਾ ਇੱਕ ਮੈਂਬਰ ਵੀ ਸ਼ਾਮਲ ਸੀ।

ਇਹ ਜਾਣਦਿਆਂ ਕਿ ਸਾਰੇ ਪੱਤਰਕਾਰ ਆਪਣੇ ਪਛਾਣ ਪੱਤਰ ਲੈ ਕੇ ਜਾ ਰਹੇ ਸਨ ਅਜਿਹਾ ਗੈਰ-ਸੱਭਿਅਕ ਵਤੀਰਾ ਕੀਤਾ ਗਿਆ।

ਉਨ੍ਹਾਂ ਨੂੰ 8 ਘੰਟਿਆਂ ਤੋਂ ਵੱਧ ਸਮੇਂ ਲਈ ਪੁਲਿਸ ਥਾਣੇ ਵਿੱਚ ਰੱਖਿਆ ਗਿਆ ਅਤੇ ਉਦੋਂ ਛੱਡਿਆ ਗਿਆ ਜਦੋਂ ਮੀਡੀਆ ਗਲਿਆਰਿਆਂ ਵਿੱਚ ਇਹ ਖ਼ਬਰ ਫੈਲ ਗਈ।ਇਸ ਲਈ, ਮੁੱਖ ਚੋਣ ਕਮਿਸ਼ਨਰ ਨੂੰ ਬੇਨਤੀ ਕੀਤੀ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਅਜਿਹੀਆਂ ਸ਼ਰਮਨਾਕ ਘਟਨਾਵਾਂ ਦੁਬਾਰਾ ਨਾ ਵਾਪਰਨ। ਅਸ਼ਵਨੀ ਚਾਵਲਾ ਨੇ ਕਿਹਾ ਕਿ ਇਸ ਘਟਨਾ ਲਈ ਜ਼ਿੰਮੇਵਾਰ ਪੁਲਿਸ ਮੁਲਾਜ਼ਮਾਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ ਗਈ ਹੈ।ਚਾਵਲਾ ਨੇ ਇਹ ਵੀ ਕਿਹਾ ਕਿ ਮੀਡੀਆ ਨੂੰ ਲੋਕਤੰਤਰ ਦਾ ਚੌਥਾ ਥੰਮ੍ਹ ਕਿਹਾ ਜਾਂਦਾ ਹੈ ਅਤੇ ਮੀਡੀਆਕਰਮੀਆਂ ਨੂੰ ਜ਼ਬਰਨ ਉਨ੍ਹਾਂ ਦੀ ਜਾਇਜ਼ ਡਿਊਟੀ ਨਿਭਾਉਣ ਤੋਂ ਰੋਕਣਾ ਗੈਰ-ਵਾਜਿਬ ਤੇ ਧੱਕਾ ਹੈ।

ਜ਼ਿਕਰਯੋਗ ਹੈ ਕਿ ਚੰਡੀਗੜ੍ਹ ਪ੍ਰੈਸ ਕਲੱਬ ਨੇ ਵੀ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।

# ਗਿੱਦੜਬਾਹਾ ਦੇ ਕਾਂਗਰਸੀ ਅਤੇ ਆਪ ਆਗੂ ਵੱਲੋਂ ਨਗਰ ਕੌਂਸਲ ਪ੍ਰਧਾਨ ਤੇ ਵਿਕਾਸ ਕਾਰਜਾਂ ਦੇ ਕਾਗਜ਼ਾਤਾਂ ਦੇ ਹਸਤਾਖਰ ਨਾ ਕਰਨ ਦੇ ਦੋਸ਼

**ਗਿੱਦੜਬਾਹਾ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਗਿੱਦੜਬਾਹਾ ਦੇ ਆਮ ਆਦਮੀ ਪਾਰਟੀ ਦੇ ਆਗੂ ਐਡਵੋਕੇਟ ਗੌਰਵ ਜੈਨ ਚੀਨੂੰ ਨੇ ਨਗਰ ਕੌਂਸਲ ਪ੍ਰਧਾਨ ਤੇ ਵਿਕਾਸ ਕਾਰਜਾਂ ਸੰਬੰਧੀ ਕਾਗਜ਼ਾਤਾਂ ਤੇ ਹਸਤਾਖ਼ਰ ਨਾ ਕਰਨ ਦੇ ਦੋਸ਼ ਲਗਾਏ ਹਨ। ਗਿੱਦੜਬਾਹਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਐਡਵੋਕੇਟ ਗੋਰਵ ਜੈਨ ਨੇ ਕਿਹਾ ਕਿ ਗਿੱਦੜਬਾਹਾ ਜ਼ਿਮਨੀ ਚੋਣ ਤੋਂ ਪਹਿਲਾਂ ਨਗਰ ਕੌਸਲ ਦੇ ਪ੍ਰਧਾਨ ਨਰਿੰਦਰ ਮੁੰਜਾਲ ਬਿੰਟਾ ਅਰੋੜਾ ਵੱਲੋਂ ਇਕ ਪ੍ਰੈਸ ਕਾਨਫਰੰਸ ਦੌਰਾਨ ਮੌਜੂਦਾ ਆਪ ਸਰਕਾਰ ਤੇ ਗਿੱਦੜਬਾਹਾ ਦੇ ਵਿਕਾਸ ਲਈ ਕੋਈ ਵੀ ਫੰਡ ਜਾਰੀ ਨਾ ਕੀਤੇ ਦੇ ਦੋਸ ਲਗਾਏ ਹਨ।

ਇਸ ਤੋਂ ਇਲਾਵਾ ਉਨ੍ਹਾਂ ਗਿੱਦੜਬਾਹਾ ਦੇ ਵਿਕਾਸ ਲਈ ਕੁਝ ਵੀ ਕਰਨ ਦੀ ਗੱਲ ਕੀਤੀ ਸੀ । ਪਰੰਤੂ ਹੁਣ ਜਦੋਂ ਆਪ ਸਰਕਾਰ ਵੱਲੋਂ ਸ਼ਹਿਰ ਦੇ ਸੀਵਰੇਜ, ਵਾਟਰ ਸਪਲਾਈ ਅਤੇ ਸੜਕਾਂ ਆਦਿ ਲਈ ਕਰੋੜਾਂ ਰੁਪਏ ਦੇ ਫੰਡ ਜਾਰੀ ਕੀਤੇ ਜਾ ਚੁੱਕੇ ਹਨ ,ਤਾਂ ਪ੍ਰਧਾਨ ਬਿੰਟਾ ਅਰੋੜਾ ਵੱਲੋਂ ਕਾਗਜ਼ਾਤਾਂ ਦੇ ਹਸਤਾਖ਼ਰ ਨਹੀਂ ਕੀਤੇ ਜਾ ਰਹੇ ਜਿਸ ਕਾਰਨ ਸ਼ਹਿਰ ਦੇ ਉਕਤ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹਨ ਵਿੱਚ ਪ੍ਰਸ਼ਾਸਨ ਨੂੰ ਵੱਡੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਉਨ੍ਹਾਂ ਦੱਸਿਆ ਕਿ ਕਰੀਬ 16 ਕਰੋੜ ਰੁਪਏ ਲਾਗਤ ਨਾਲ ਲਾਲ ਕੋਠੀ ਡਿਸਪੋਜ਼ਲ ਤੋਂ ਨਵੀਂ ਪਾਈ ਜਾ ਰਹੀ ਪਾਈਪ ਲਾਈਨ ਦਾ ਕੰਮ ਕਰੀਬ 50 ਫੀਸਦੀ ਮੁਕੰਮਲ ਹੋ ਚੁੱਕਾ ਹੈ ਅਤੇ ਇਹ ਕੰਮ 30 ਅਪ੍ਰੈਲ 2025 ਤੱਕ ਪੂਰਾ ਹੋ ਜਾਵੇਗਾ ਅਤੇ ਇਸ ਤੋਂ ਬਾਅਦ ਸ਼ਹਿਰ ਦੇ ਕਿਸੇ ਵੀ ਹਿੱਸੇ ਵਿਚ ਸੀਵਰੇਜ ਓਵਰਫਲੋ ਦੀ ਸਮੱਸਿਆਂ ਨਹੀਂ ਆਵੇਗੀ ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਵਾਟਰ ਸਪਲਾਈ ਲਈ 12 ਕਰੋੜ ਰੁਪਏ ਅਤੇ ਸੜਕਾਂ ਆਦਿ ਲਈ ਵੀ ਕਰੀਬ 4 ਕਰੋੜ ਰੁਪਏ ਦੇ ਫੰਡਜ ਜਾਰੀ ਕੀਤੇ ਹਨ, ਜਿੰਨਾਂ ਵਿਚੋਂ ਕਰੀਬ ਡੇਢ ਮਹੀਨਾ ਪਹਿਲਾਂ ਨਗਰ ਕੌਂਸਲ ਪਾਸ ਕਰੀਬ 70 ਲੱਖ ਰੁਪਏ ਦੀ ਪਹਿਲੀ ਕਿਸ਼ਤ ਆ ਚੁੱਕੀ ਹੈ ਪਰੰਤੂ ਇਸ ਫੰਡ ਨਾਲ ਕੌਂਸਲ ਪ੍ਰਧਾਨ ਦੇ ਹਸਤਾਖਰ ਨਾ ਕੀਤੇ ਜਾਣ ਕਾਰਨ ਕੰਮ ਸ਼ੁਰੂ ਨਹੀਂ ਹੋ ਪਾ ਰਿਹਾ।

ਉਨ੍ਹਾਂ ਕਿਹਾ ਕਿ ਜੇਕਰ ਨਗਰ ਕੌਂਸਲ ਪ੍ਰਧਾਨ ਵੱਲੋਂ ਜਲਦੀ ਹੀ ਸੰਬੰਧਤ ਹਸਤਾਖਰ ਨਾ ਕੀਤੇ ਗਏ ਤਾਂ ਉਹ ਉਨ੍ਹਾਂ ਖਿਲਾਫ ਧਰਨਾ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਣਗੇ।

ਉੱਧਰ ਜਦੋਂ ਇਸ ਮਾਮਲੇ ਸਬੰਧੀ ਨਗਰ ਕੌਂਸਲ ਦੇ ਪ੍ਰਧਾਨ ਨਰਿੰਦਰ ਮੁੰਜਾਲ ਬਿੰਟਾ ਅਰੋੜਾ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਉਹ ਸ਼ਹਿਰ ਦੇ ਵਿਕਾਸ ਲਈ ਹਮੇਸ਼ਾ ਤਤੱਪਰ ਹਨ। ਜਿਸ ਦੇ ਚੱਲਦਿਆਂ ਉਨ੍ਹਾਂ ਲੋਕ ਸਭਾ ਚੋਣਾਂ ਅਤੇ ਜ਼ਿਮਨੀ ਚੋਣਾਂ ਦੇ ਦਰਮਿਆਨ ਨਗਰ ਕੌਂਸਲ ਦੇ ਹਾਊਸ ਵੱਲੋਂ ਸੀਵਰੇਜ ਲਈ ਕਰੀਬ 15 ਕਰੋੜ ਰੁਪਏ ਅਤੇ ਵਾਟਰ ਸਪਲਾਈ ਲਈ 12 ਕਰੋੜ ਰੁਪਏ ਦੇ ਕੰਮਾਂ ਦੇ ਮਤੇ ਪਾਸ ਕੀਤੇ ਸਨ। ਜਿੱਥੋਂ ਤੱਕ ਸਾਢੇ 4 ਕਰੋੜ ਰੁਪਏ ਦੇ ਵਿਕਾਸ ਕੰਮਾਂ ਦੇ ਫੰਡਜ ਤੇ ਮੇਰੇ ਵੱਲੋਂ ਹਸਤਾਖਰ ਨਾ ਕੀਤੇ ਜਾਣ ਦਾ ਪ੍ਰਸਨ ਹੈ ਉਸ ਸੰਬੰਧੀ ਨਗਰ ਕੌਂਸਲ ਦੇ ਹਾਊਸ ਵੱਲੋਂ ਕੋਈ ਵੀ ਮਤਾਂ ਪਾਸ਼ ਨਹੀਂ ਕੀਤਾ ਗਿਆ। ਇੱਥੋਂ ਤੱਕ ਕਿ ਜਿਸ ਖ਼ਾਤੇ ਨੂੰ ਪ੍ਰਧਾਨ ਅਤੇ ਕਾਰਜਸਾਧਕ ਅਫ਼ਸਰ ਦੋਵੇਂ ਮਿਲ ਕੇ ਓਪਰੇਟ ਕਰਦੇ ਹਨ ,ਉਹ ਖ਼ਾਤਾ ਵੀ ਇਕੱਲੇ ਕਾਰਜਸਾਧਕ ਅਫ਼ਸਰ ਵੱਲੋਂ ਆਪਣੇ ਪੱਧਰ ਤੇ ਓਪਰੇਟ ਕਰਦੇ ਹੋਏ ਉਸ ਵਿਚ ਕਰੀਬ 70 ਲੱਖ ਰੁਪਏ ਆਏ ਹਨ।

ਉਨ੍ਹਾਂ ਕਿਹਾ ਕਿ ਜਦੋਂ ਕਾਰਜਸਾਧਕ ਅਫ਼ਸਰ ਬਿਨਾਂ ਹਾਊਸ ਦੀ ਮੰਜ਼ੂਰੀ ਦੇ ਜਾ ਮਤਾਂ ਪਾਸ਼ ਕੀਤੇ ਬਿਨਾਂ ਸਾਢੇ 4 ਕਰੋੜ ਰੁਪਏ ਟੈਂਡਰ ਲਗਾ ਸਕਦੇ ਹਨ ਤਾਂ ਉਹ ਠੇਕੇਦਾਰ ਨੂੰ ਮੇਰੇ ਹਸਤਾਖਰਾਂ ਬਿਨਾਂ ਅਦਾਇਗੀ ਵੀ ਕਰ ਸਕਦੇ ਹਨ। ਉੱਧਰ ਜਦੋਂ ਇਸ ਸਬੰਧੀ ਕਾਰਜਸਾਧਕ ਅਫ਼ਸਰ ਸੁਨੀਲ ਦੱਤ ਵਰਮਾ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨਾਲ ਸੰਪਰਕ ਨਹੀਂ ਹੋ ਸਕਿਆ, ਜਿਨ੍ਹਾਂ ਬਾਰੇ ਪਤਾ ਲੱਗਾ ਕਿ ਉਹ 6 ਫਰਵਰੀ ਤੱਕ ਛੁੱਟੀ ਤੇ ਹਨ।

# ਮਲੋਟ ਦੇ ਪ੍ਰਧਾਨ ਪਾਲੀ ਮੱਕੜ ਵੱਲੋਂ ਸਿਵਲ ਹਸਪਤਾਲ ਨੂੰ 80 ਕੰਬਲ ਭੇਟ ਕੀਤੇ

**ਮਲੋਟ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਲੋਟ ਦੇ ਜਨਰਲ ਮਰਚੈਂਟਸ ਐਂਡ ਰੇਡੀਮੇਡ ਗਾਰਮੈਂਟਸ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਪਾਲੀ ਮੱਕੜ ਵੱਲੋਂ ਆਪਣੇ ਜਨਮਦਿਨ ਮੌਕੇ ਸਰਕਾਰੀ ਹਸਪਤਾਲ ਮਲੋਟ ਨੂੰ ਮਰੀਜ਼ਾਂ ਵਾਸਤੇ ਅਸੀਂ ਕੰਬਲ ਭੇਟ ਕੀਤੇ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕੋ-ਆਰਡੀਨੇਟਰ ਮਨੋਜ ਅਸੀਜਾ ਨੇ ਦੱਸਿਆ ਕਿ ਪ੍ਰਧਾਨ ਪਾਲੀ ਮੱਕੜ ਵੱਲੋਂ ਸਮਾਜ ਸੇਵਾ ਦੇ ਕੰਮਾਂ ਨੂੰ ਜਾਰੀ ਰੱਖਦੇ ਹੋਏ ਸਰਕਾਰੀ ਹਸਪਤਾਲ ਵਿਖੇ ਮਰੀਜ਼ਾਂ ਦੀ ਜਰੂਰਤ ਬਾਰੇ ਪਤਾ ਲੱਗਣ ਤੇ ਇਹ ਸੇਵਾ ਨਿਭਾਈ ਗਈ। ਇਸ ਮੌਕੇ ਪਾਰਿਵਾਰਿਕ ਮੈਂਬਰ ਮਾਤਾ ਸਰਦਾਰਨੀ ਬਲਵੰਤ ਕੌਰ ਅਤੇ ਪਤਨੀ ਸਰਦਾਰਨੀ ਇੰਦਰਪ੍ਰੀਤ ਕੌਰ ਵੱਲੋਂ ਵਿਸ਼ੇਸ਼ ਤੌਰ ਤੇ ਹਾਜ਼ਰ ਹੋ ਕੇ ਇਹ ਸੇਵਾ ਨਿਭਾਈ ਗਈ । ਮੱਕੜ ਪਰਿਵਾਰ ਵੱਲੋਂ ਇਸ ਮੌਕੇ ਤੇ ਸਿਵਲ ਹਸਪਤਾਲ ਵਿਖੇ ਚਾਹ ਤੇ ਬਿਸਕੁਟਾਂ ਦਾ ਲੰਗਰ ਵੀ ਲਗਾਇਆ ਗਿਆ। ਇਸ ਮੌਕੇ ਤੇ ਮੌਜੂਦ ਖੱਤਰੀ ਸਭਾ ਦੇ ਪ੍ਰਧਾਨ ਸਮਾਜ ਸੇਵੀ ਰਾਜੀਵ ਬਾਵਾ, ਕ੍ਰਿਸ਼ਨਾ ਸੇਵਾ ਦਲ ਦੇ ਪ੍ਰਧਾਨ ਰਾਮ ਗੋਦਾਰਾ, ਪਲੇਅ ਹਾਊਸ ਦੇ ਡਾਇਰੈਕਟਰ ਗੋਰਵ ਭਟੇਜਾ, ਬਲਦੇਵ ਕਾਲੜਾ,ਮਿਲੂ ਮੋਗਾ ਵੱਲੋਂ ਮੱਕੜ ਪਰਿਵਾਰ ਦੀ ਇਸ ਸੇਵਾ ਦੀ ਭਰਪੂਰ ਸ਼ਲਾਘਾ ਕੀਤੀ ਗਈ। ਇਸ ਮੌਕੇ ਮੌਜੂਦ ਸੀਨੀਅਰ ਮੈਡੀਕਲ ਅਫ਼ਸਰ ਡਾ ਸੁਨੀਲ ਬਾਂਸਲ ਵੱਲੋਂ ਮੱਕੜ ਪਰਿਵਾਰ ਦਾ ਇਸ ਪਰੋਪਕਾਰੀ ਸੇਵਾ ਲਈ ਹਾਰਦਿਕ ਧੰਨਵਾਦ ਕੀਤਾ ਗਿਆ

# ਗ੍ਰੀਨਵੇਜ ਸਕੂਲ ਰੁੜਕੀ ਹੀਰਾਂ ਵਿਖੇ ਬਸੰਤ ਪੰਚਮੀ ਦਾ ਤਿਉਹਾਰ ਮਨਾਇਆ ਗਿਆ

**ਚਮਕੌਰ ਸਾਹਿਬ 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਗ੍ਰੀਨਵੇਜ ਸਕੂਲ ਰੁੜਕੀ ਹੀਰਾਂ ਵਿਖੇ ਬਸੰਤ ਪੰਚਮੀ ਦਾ ਤਿਉਹਾਰ ਮਨਾਇਆ ਗਿਆ ਜਿਸ ਵਿੱਚ ਤੀਜੀ ਕਲਾਸ ਦੇ ਬੱਚਿਆਂ ਵੱਲੋਂ ਸਵੇਰ ਦੀ ਸਭਾ ਦੌਰਾਨ ਬਸੰਤ ਰੁੱਤ ਦਾ ਸ਼ਬਦ 'ਬਸੰਤ ਚੜ੍ਹਿਆ ਫੂਲੀ ਬਨਰਾਇ' ਦਾ ਗਾਇਨ ਕੀਤਾ ਗਿਆ। ਬੱਚਿਆਂ ਵੱਲੋਂ ਸਰਸਵਤੀ ਵੰਦਨਾ ਕੀਤੀ ਗਈ, ਜਿਸ ਨਾਲ ਸਾਰਾ ਆਲਾ -ਦੁਆਲਾ ਝੂਮ ਉਠਿਆ। ਨੌਵੀਂ ਕਲਾਸ ਦੀ ਵਿਦਿਆਰਥਣ ਵਿਪਨਦੀਪ ਨੇ ਬਸੰਤ ਰੁੱਤ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਇਸ ਦਿਨ ਵਿਦਿਆਰਥੀਆਂ ਨੂੰ ਆਪਣੀ ਕਿਤਾਬਾਂ ਦੀ ਪੂਜਾ ਕਰਨੀ ਚਾਹੀਦੀ ਹੈ, ਇਸ ਨਾਲ ਉਨ੍ਹਾਂ ਨੂੰ ਵਿਦਿਆ ਦਾ ਦਾਨ ਪ੍ਰਾਪਤ ਹੁੰਦਾ ਹੈ।

ਨਰਸਰੀ ਤੋਂ ਯੂ.ਕੇ.ਜੀ ਦੇ ਬੱਚਿਆਂ ਦਾ ਯੈਲੋ ਡ੍ਰੈੱਸ ਮੁਕਾਬਲਾ, ਪਹਿਲੀ ਤੋਂ ਪੰਜਵੀਂ ਤੱਕ ਦਾ ਕਾਈਟ ਮੇਕਿੰਗ ਮੁਕਾਬਲਾ, ਛੇਵੀਂ ਤੋਂ ਨੌਵੀਂ ਤੱਕ ਲੇਖ ਰਚਨਾ, ਭਾਸ਼ਣ ਅਤੇ ਸੀਗਿੰਗ ਦਾ ਮੁਕਾਬਲਾ ਕਰਵਾਇਆ ਗਿਆ। ਜਿਸ ਵਿੱਚ ਬੱਚਿਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਸਮੇਂ ਪ੍ਰਿੰਸੀਪਲ ਸ਼੍ਰੀ ਮੁਕੇਸ਼ ਕੁਮਾਰ ਅਗਰਵਾਲ ਜੀ ਬੱਚਿਆਂ ਦੀ ਪ੍ਰਸ਼ੰਸਾ ਕੀਤੀ।

# ਜਵੱਦੀ ਟਕਸਾਲ ਵਿਖੇ ਮਾਘ ਮਹੀਨੇ ਹਫਤਾਵਾਰੀ ਨਾਮ ਸਿਮਰਨ ਸਮਾਗਮ



**ਲੁਧਿਆਣਾ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰਸ਼ਬਦ ਸੰਗੀਤ ਅਕੈਡਮੀ ਜਵੱਦੀ ਟਕਸਾਲ ਦੇ ਹੋਣਹਾਰ ਵਿਦਿਆਰਥੀਆਂ ਨੇ ਬਸੰਤ ਰਾਗ ਅਧਾਰਿਤ ਸ਼ਬਦ ਕੀਰਤਨ ਕੀਤੇ। ਮਾਘ ਦੇ ਮਹੀਨੇ ਹਫਤਾਵਾਰੀ ਨਾਮ ਸਿਮਰਨ ਸਮਾਗਮ ਦੌਰਾਨ ਜੁੜੀਆਂ ਸੰਗਤਾਂ ਨੂੰ ਗੁਰਮਤਿ ਵਿਚਾਰਾਂ ਦੁਆਰਾ ÷ਨਾਮ-ਸਿਮਰਨ÷ ਦੀਆਂ ਜੁਗਤਾਂ ਸਮਝਾਉਂਦਿਆਂ ਸੰਤ ਬਾਬਾ ਅਮੀਰ ਸਿੰਘ ਜੀ ਮੁਖੀ ÷ਜਵੱਦੀ ਟਕਸਾਲ÷ ਨੇ ਆਪਣੇ ਪ੍ਰਵਚਨਾਂ 'ਚ ਇਕ-ਇਕ ਪੱਖ ਤੇ ਗੁਰਬਾਣੀ ਦੇ ਹਵਾਲਿਆਂ ਨਾਲ ਜੋਰ ਰੱਖਦਿਆਂ ਸਪੱਸ਼ਟ ਕੀਤਾ ਕਿ ਜੇਕਰ ਅਸੀਂ ਫੋਕਟ ਕਰਮਾਂ-ਧਰਮਾਂ ਨੂੰ ਛੱਡਕੇ, ਇਕ-ਚਿੱਤ, ਹੋ ਕੇ ਉਸ ਅਕਾਲ ਪੁਰਖ, ਪ੍ਰਿਤਪਾਲਕ, ÷ਵਾਹਿਗੁਰੂ÷ ਜੀ, ਜੋ ਕਿ ਕਿਰਪਾ ਦੇ ਖਜਾਨੇ ਹਨ, ਨਾਲ ਨਹੀਂ ਜੁੜਦੇ ਤਾਂ ਅਸੀਂ ਇਸ ਭਵਸਾਗਰ ਤੋਂ ਤਰ ਨਹੀਂ ਸਕਾਂਗੇ ਅਤੇ ਮੁੜ ਮੁੜ ਸਰੀਰ ਧਾਰਦੇ ਰਹਾਂਗੇ, ਮੁਕਤੀ ਨਹੀਂ ਹੋਵੇਗੀ। ਮਹਾਂਪੁਰਸ਼ਾਂ ਨੇ ਗੁਰਬਾਣੀ ਸ਼ਬਦਾਂ ਦੇ ਹਵਾਲੇ ਨਾਲ ਸਮਝਾਇਆ ਕਿ ਜੇਕਰ ਅਸੀਂ ਅਕਾਲ ਪੁਰਖ ਵਾਹਿਗੁਰੂ ਜੀ ਦੀ ਬੰਦਗੀ ਨਹੀਂ ਕਰਦੇ ਤਾਂ ਉਸ ਦੀ ਦਰਗਾਹ ਵਿਚ ਕਬੂਲ ਵੀ ਨਹੀਂ ਹੋਵੇਗਾ। ਉਨ੍ਹਾਂ ਗੁਰਬਾਣੀ ਨਾਮ ਸਿਮਰਨ ਦੀਆਂ ਜੁਗਤਾਂ ਸਮਝਾਉਂਦਿਆਂ ਸਪੱਸ਼ਟ ਕੀਤਾ ਕਿ ਗੁਰੂ ਉਪਦੇਸ਼ ਦਾ ਗਿਆਨ ਲਈਏ ਅਤੇ ਉਸੇ ਦੇ ਨਾਮ ਦਾ ਸਿਮਰਨ ਕਰੀਏ। ਮਹਾਂਪੁਰਸ਼ਾਂ ਨੇ ਗੁਰਬਾਣੀ ਦੀ ਰੋਸ਼ਨੀ 'ਚ ਨਾਮ ਜਪਣ, ਗੁਰਬਾਣੀ ਸੁਣਨ ਅਤੇ ਗੁਰਬਾਣੀ ਸ਼ਬਦ ਰੂਪੀ ਨਾਮ ਦੀ ਭਿੱਖਿਆ ਮੰਗਣ ਤੇ ਜੋਰ ਦਿੱਤਾ ਅਤੇ ਸਮਝਾਇਆ ਕਿ ਇਸ ਨਾਲ ਅੰਤਰ-ਆਤਮਾਂ 'ਚ ਅਨੰਦਮਈ ਰੱਬੀ ਸੰਗੀਤ ਪੈਦਾ ਹੋਵੇਗਾ ਅਤੇ ਨਾਮ ਰਸ ਝੜੇਗਾ। ਉਨ੍ਹਾਂ ਸੁਚੇਤ ਕਰਦਿਆਂ ਕਿਹਾ ਕਿ ਇਹ ਤਦ ਹੀ ਸੰਭਵ ਹੋਵੇਗਾ, ਜੇਕਰ ਅਸੀਂ ਹਰ ਤਰ੍ਹਾਂ ਦਾ ਸੰਜਮ ਰੱਖਾਂਗੇ, ਗੁਰਬਾਣੀ ਸ਼ਬਦ ਦੇ ਨਾਮ ਦਾ ਅਖੰਡ ਜਾਪ ਜਪਾਂਵੇ। ਇਸ ਤਰ੍ਹਾਂ ਸਾਨੂੰ ਸਦੀਵੀ ਖ਼ੁਸ਼ੀਆਂ ਵੀ ਨਸੀਬ ਹੋਣਗੀਆਂ। ਉਨ੍ਹਾਂ ਮੁੜ ਸੁਚੇਤ ਕੀਤਾ ਕਿ ਜਦੋਂ ਤੱਕ ਸਾਡੇ ਮਨ ਦਾ ਇਕ ਅਕਾਲ ਪੁਰਖ ਵਾਹਿਗੁਰੂ ਜੀ ਪ੍ਰਤੀ ਪ੍ਰੇਮ ਨਹੀਂ ਤਾਂ ਕੀਤੇ ਗਏ ਫੋਕਟ ਧਰਮ-ਕਰਮ, ਭਾਵੇਂ ਅੱਖਾਂ ਮੀਟ ਕੇ ਕਿਨ੍ਹੀਆਂ ਵੀ ਸਮਾਧੀਆਂ ਲਾਈਏ, ਭਾਵੇਂ ਸੱਤਾਂ ਸਮੁੰਦਰਾਂ ਦਾ ਤੀਰਥ ਭ੍ਰਮਣ ਕਰਕੇ ਇਸ਼ਨਾਨ ਕਰਦੇ ਰਹੀਏ। ਮਹਾਂਪੁਰਸ਼ ਨੇ ਗੁਰਬਾਣੀ ਸ਼ਬਦਾਂ ਦੇ ਹਵਾਲਿਆਂ ਨਾਲ ਸਪੱਸ਼ਟ ਕੀਤਾ ਕਿ ਵਾਹਿਗੁਰੂ ਜੀ ਨਾਲ ਪ੍ਰੇਮ ਕਰੀਏ। ਪ੍ਰੇਮਾ ਭਗਤੀ ਨਾਲ ਉਸਨੂੰ ਪਾਇਆ ਜਾ ਸਕਦਾ ਹੈ। ਜਿਕਰਕਰਨਯੋਗ ਹੈ ਕਿ ਜਵੱਦੀ ਟਕਸਾਲ ਵਿਖੇ ਹਰ ਸਾਲ ਮਾਘ ਦੇ ਮਹੀਨੇ ਤੋਂ ਫੱਗਣ ਮਹੀਨੇ ਦੀ ਸੰਗਰਾਂਦ ਤੋਂ ਇਕ ਦਿਨ ਪਹਿਲਾਂ ਤੱਕ ਰੋਜ਼ਾਨਾ ਸਾਮ 7:15 ਵਜੇ ਤੋਂ 8:15 ਵਜੇ ਤੱਕ ਸੰਗਤਾਂ ਰੋਜਾਨਾਂ ਨਾਮ ਸਿਮਰਨ ਸਮਾਗਮ 'ਚ ਵੀ ਸੰਗਤਾਂ ਜੁੜਦੀਆਂ ਹਨ।

# ਕੇਂਦਰੀ ਵਿੱਤ ਮੰਤਰੀ ਸ਼੍ਰੀਮਤੀ ਨਿਰਮਲਾ ਸੀਤਾਰਮਨ ਵੱਲੋਂ ਪੇਸ਼ ਕੀਤਾ ਬਜਟ ਇੱਕ ਇਤਿਹਾਸਕ ਅਤੇ ਲੋਕ ਪੱਖੀ ਬਜਟ : ਅਮਨਦੀਪ ਸਿੰਘ ਸੰਧੂ

**ਮਲੋਟ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਭਾਰਤੀ ਜਨਤਾ ਪਾਰਟੀ ਦੇ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਵਾਈਸ ਪ੍ਰਧਾਨ ਅਮਨਦੀਪ ਸਿੰਘ ਸੰਧੂ ਨੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਦੀ ਯੋਗ ਅਗਵਾਈ ਵਿੱਚ ਕੇਂਦਰੀ ਵਿੱਤ ਮੰਤਰੀ ਸ੍ਰੀ ਮਤੀ ਨਿਰਮਲਾ ਸੀਤਾਰਮਨ ਵੱਲੋਂ ਪੇਸ਼ ਕੀਤੇ ਬਜਟ ਨੂੰ ਇਤਿਹਾਸਕ ਬਜਟ ਦਸਦੇ ਹੋਏ ਕਿਹਾ ਹੈ ਕਿ ਇਹ ਬਜਟ ਗਰੀਬਾ, ਅਮੀਰਾਂ, ਮਹਿਲਾਵਾਂ, ਨੌਜਵਾਨਾਂ ਅਤੇ ਸਮਾਜ ਦੇ ਹਰ ਵਰਗ ਦਾ ਬਜਟ ਹੈ।

ਇਕ ਇਤਿਹਾਸਕ ਫੈਸਲਾ ਲੈਂਦੇ ਹੋਏ ਦੇਸ਼ ਅੰਦਰ 12 ਲੱਖ ਤੱਕ ਦੀ ਆਮਦਨ ਨੂੰ ਆਮਦਨ ਟੈਕਸ ਦੇ ਘੇਰੇ ਵਿਚੋਂ ਬਾਹਰ ਰੱਖਿਆ ਗਿਆ ਹੈ ਜਿਸ ਕਾਰਨ ਦੇਸ਼ ਦੇ ਮੱਧ ਵਰਗੀ ਪਰਿਵਾਰਾਂ ਨੂੰ ਇੱਕ ਵੱਡੀ ਰਾਹਤ ਮਿਲੇਗੀ ਅਤੇ ਨਾਲ ਹੀ ਨੌਕਰੀ ਪੇਸ਼ਾ ਵਰਗ ਨੂੰ 12 ਲੱਖ 75 ਹਜ਼ਾਰ ਰੁਪਏ ਤੱਕ ਦੀ ਕਮਾਈ ਤੇ ਆਮਦਨ ਟੈਕਸ ਨਹੀ ਦੇਣਾ ਪਵੇਗਾ।

ਇਸ ਬਜਟ ਵਿੱਚ ਜਿੱਥੇ ਟੈਕਸ ਵਿੱਚ ਵੱਡੀ ਰਾਹਤ ਦਿੱਤੀ ਗਈ ਹੈ ਉਸ ਦੇ ਨਾਲ ਹੀ ਕਸਟਮ ਡਿਊਟੀ ਵਿੱਚ ਰਾਹਤ ਮਿਲਣ ਕਾਰਨ ਕੈਂਸਰ ਵਰਗੇ ਭਿਆਨਕ ਰੋਗਾ ਲਈ ਵਰਤੀਆ ਜਾਣ ਵਾਲੀ ਆ 36 ਦੇ ਲਗਭਗ ਦਵਾਈਆਂ ਬਹੁਤ ਸਸਤੀਆ ਹੋ ਜਾਣ ਗੀਆ। ਦੇਸ਼ ਦੇ ਕਿਸਾਨਾ ਨੂੰ ਰਾਹਤ ਪ੍ਰਦਾਨ ਕਰਦੇ ਹੋਏ ਕਿਸਾਨ ਕ੍ਰੈਡਿਟ ਕਾਰਡ ਦੀ ਲਿਮਟ ਹੁਣ 3 ਲੱਖ ਦੀ ਬਜਾਏ 5 ਲੱਖ ਹੋਵੇਗੀ । ਇਹ ਬਜਟ ਕ੍ਰਿਸ਼ੀ ਖੇਤਰ ਅਤੇ ਸਮੁੱਚੀ ਗ੍ਰਾਮੀਣ ਅਰਥਵਿਵਸਥਾ ਵਿੱਚ ਨਵੀਂ ਕ੍ਰਾਂਤੀ ਦਾ ਅਧਾਰ ਬਣੇਗਾ। ਪੀਐੱਮ ਧਨ-ਧਾਨਯ ਕ੍ਰਿਸ਼ੀ ਯੋਜਨਾ ਦੇ ਤਹਿਤ 100 ਜਿਲ੍ਹਿਆਂ ਵਿੱਚ ਸਿੰਚਾਈ ਅਤੇ ਇਨਫ੍ਰਾਸਟ੍ਰਕਚਰ ਦਾ ਵਿਕਾਸ ਹੋਵੇਗਾ, ਦੇਸ਼ ਅੰਦਰ ਰੁਜ਼ਗਾਰ ਦੇ ਹੋਰ ਮੌਕੇ ਪੈਦਾ ਕਰਨ ਅਤੇ ਦੇਸ਼ ਨੂੰ ਆਰਥਿਕ ਮਹਾਂਸ਼ਕਤੀ ਬਣਾਉਣ ਦੇ ਲਈ ਉਦਯੋਗਿਕ ਵਿਕਾਸ ਤੇ ਜੋਰ ਦਿਤਾ ਗਿਆ ਹੈ ਜਿਸ ਤਹਿਤ ਮਾਈਕਰੋ ਅਤੇ ਸਮਾਲ ਸਕੇਲ ਉਦਯੋਗਿਕ ਇਕਾਈਆਂ ਦੇ ਲਈ ਮਿਲਣ ਵਾਲੇ ਕ੍ਰੈਡਿਟ ਗਰੰਟੀ ਕਵਰ ਲੋਨ ਨੂੰ 5 ਕਰੋੜ ਤੋਂ ਵਧਾ ਕੇ 10 ਕਰੋੜ ਕਰ ਦਿਤਾ ਗਿਆ ਹੈ ।

ਨਵੇਂ ਸਟਾਰਟ ਅਪ ਲੋਨ ਦੀ ਸੀਮਾ 10 ਕਰੋੜ ਤੋ ਵਧਾ ਕੇ 20 ਕਰੋੜ ਕਰ ਦਿੱਤੀ ਗਈ ਹੈ। ਦੇਸ਼ ਦੇ SC, ST ਅਤੇ ਮਹਿਲਾ ਉੱਦਮੀ, ਜੋ ਨਵੇਂ ਉੱਦਮੀ ਬਣਨਾ ਚਾਹੁੰਦੇ ਹਨ, ਉਨ੍ਹਾਂ ਨੂੰ 2 ਕਰੋੜ ਰੁਪਏ ਤੱਕ ਦੇ ਲੋਨ ਦੀ ਯੋਜਨਾ ਭੀ ਲਿਆਂਦੀ ਗਈ ਹੈ ਅਤੇ ਉਹ ਭੀ ਬਿਨਾ ਗਰੰਟੀ।

# ਰੀਅਲ ਅਸਟੇਟ ਨਾਲ ਸਬੰਧੀ ਕਲੀਅਰੈਂਸ ਸਰਟੀਫਿਕੇਟ ਦੇਣ ਲਈ ਜਲਦ ਲਗਾਇਆ ਜਾਵੇਗਾ ਤੀਜਾ ਵਿਸ਼ੇਸ਼ ਕੈਂਪ: ਮੁੰਡੀਆ

**ਚੰਡੀਗੜ੍ਹ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸਰਕਾਰ ਸ਼ਹਿਰਾਂ ਦੇ ਯੋਜਨਾਬੱਧ ਵਿਕਾਸ ਲਈ ਵਚਨਬੱਧ ਹੈ। ਸੂਬਾ ਵਾਸੀਆਂ ਨੂੰ ਪਾਰਦਰਸ਼ੀ, ਨਿਰਵਿਘਨ, ਭ੍ਰਿਸ਼ਟਾਚਾਰ ਮੁਕਤ ਤੇ ਸੁਖਾਲੀਆਂ ਸੇਵਾਵਾਂ ਦੇਣ ਦੀ ਵਚਨਬੱਧਤਾ ਉਤੇ ਚੱਲਦਿਆਂ ਰੀਅਲ ਅਸਟੇਟ ਨਾਲ ਸਬੰਧੀ ਕਲੀਅਰੈਂਸ ਸਰਟੀਫਿਕੇਟ ਦੇਣ ਲਈ ਜਲਦ ਹੀ ਤੀਜਾ ਵਿਸ਼ੇਸ਼ ਕੈਂਪ ਲਗਾਇਆ ਜਾ ਰਿਹਾ ਹੈ। ਇਹ ਜਾਣਕਾਰੀ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਅੱਜ ਇੱਥੇ ਜਾਰੀ ਪ੍ਰੈਸ ਬਿਆਨ ਰਾਹੀਂ ਦਿੱਤੀ।

ਸ. ਮੁੰਡੀਆਂ ਨੇ ਕਿਹਾ ਕਿ ਸੂਬਾ ਸਰਕਾਰ ਸੂਬੇ ਵਿੱਚ ਨਿਵੇਸ਼ ਦੇ ਮੌਕੇ ਵਧਾਉਣ ਲਈ ਯਤਨਸ਼ੀਲ ਹੈ ਜਿਸ ਤਹਿਤ ਪ੍ਰੋਮੋਟਰਾਂ/ਡਿਵੈਲਪਰਾਂ ਦੇ ਕੰਮਾਂ ਦਾ ਪਹਿਲ ਦੇ ਅਧਾਰ 'ਤੇ ਨਿਪਟਾਰਾ ਕਰਨ ਲਈ ਕੈਂਪ ਲਗਾ ਕੇ ਮੌਕੇ ਉਤੇ ਕਲੀਅਰੈਂਸ ਸਰਟੀਫਿਕੇਟ ਦੇਣ ਦੀ ਸ਼ੁਰੂਆਤ ਕੀਤੀ ਹੈ। ਹੁਣ ਤੱਕ ਲਗਾਏ ਦੋ ਕੈਂਪਾਂ ਵਿੱਚ 178 ਪ੍ਰਮੋਟਰਾਂ/ਬਿਲਡਰਾਂ ਨੂੰ ਕਲੀਅਰੈਂਸ ਸਰਟੀਫਿਕੇਟ ਸੌਂਪੇ ਗਏ ਹਨ। ਹੁਣ ਤੀਜਾ ਕੈਂਪ ਲਗਾ ਕੇ ਹੋਰ ਸਰਟੀਫਿਕੇਟ ਦਿੱਤੇ ਜਾਣਗੇ ਜਿਸ ਲਈ ਵਿਭਾਗ ਵੱਲੋਂ ਜ਼ਮੀਨੀ ਪੱਧਰ ਉਤੇ ਕੰਮ ਕੀਤਾ ਜਾ ਰਿਹਾ ਹੈ।

ਸ. ਮੁੰਡੀਆ ਨੇ ਕਿਹਾ ਕਿ ਕੈਂਪ ਵਿੱਚ ਵੱਖ-ਵੱਖ ਵਿਕਾਸ ਅਥਾਰਟੀਆਂ ਨਾਲ ਸਬੰਧਤ ਕਲੋਨੀਆਂ ਦੇ ਲਾਇਸੈਂਸ, ਕੰਪਲੀਸ਼ਨ ਸਰਟੀਫਿਕੇਟ ਪਾਰਸ਼ੀਅਲ ਕੰਪਲੀਸ਼ਨ ਸਰਟੀਫਿਕੇਟ, ਲੈਟਰ ਆਫ ਇਟੈਂਟ, ਜ਼ੋਨਿੰਗ ਪਲੈਨ, ਬਿਲਡਿੰਗ ਪਲਾਨ, ਪ੍ਰਮੋਟਰ ਰਜਿਸਟ੍ਰੇਸ਼ਨ ਸਰਟੀਫਿਕੇਟ ਅਤੇ ਲੇ-ਆਊਟ ਪਲਾਨ ਆਦਿ ਦੇ ਸਰਟੀਫਿਕੇਟ ਸੌਂਪੇ ਜਾਂਦੇ ਜਨ।

# ਐਲ.ਈ.ਡੀ. ਲਾਇਟਾਂ ਨਾਲ ਰੁਸ਼ਨਾਏਗਾ ਮੰਡੀ ਗੋਬਿੰਦਗੜ੍ਹ: ਗੀਤਿਕਾ ਸਿੰਘ

**ਫਤਹਿਗੜ੍ਹ ਸਾਹਿਬ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਸੂਬੇ ਦੀਆਂ ਸਭ ਤੋਂ ਵੱਧ ਆਮਦਨ ਵਾਲੀਆਂ ਨਗਰ ਕੌਂਸਲਾਂ ਵਿੱਚੋਂ ਇੱਕ ਨਗਰ ਕੌਂਸਲ ਮੰਡੀ ਗੋਬਿੰਦਗੜ੍ਹ ਵੱਲੋਂ ਸ਼ਹਿਰ ਦੇ ਵੱਖ-ਵੱਖ ਖੇਤਰਾਂ ਵਿੱਚ ਐਲ.ਈ.ਡੀ. ਲਾਇਟਾਂ ਲਗਾ ਕੇ ਸ਼ਹਿਰ ਦੀ ਸੁੰਦਰਤਾ ਨੂੰ ਹੋਰ ਨਿਖਾਰਨ ਦਾ ਕੰਮ ਕਰਕੇ ਇੱਕ ਅਜਿਹਾ ਮੀਲ ਪੱਥਰ ਸਾਬਤ ਕੀਤਾ ਹੈ ਜਿਸ ਨਾਲ ਜਿਥੇ ਐਲ.ਈ.ਡੀ. ਲਾਇਟਾਂ ਨਾਲ ਸ਼ਹਿਰ ਦੀ ਸੁੰਦਰਤਾ ਹੋਰ ਨਿਖੱਰ ਕੇ ਸਾਹਮਣੇ ਆਵੇਗੀ ਉਥੇ ਹੀ ਨਗਰ ਕੌਂਸਲ ਨੂੰ ਇਨ੍ਹਾਂ ਐਲ.ਈ.ਡੀ. ਲਾਇਟਾਂ ਨਾਲ ਪੰਜ ਸਾਲਾਂ ਵਿੱਚ 9.16 ਕਰੋੜ ਰੁਪਏ ਦਾ ਲਾਭ ਵੀ ਹੋਵੇਗਾ ਜਿਸ ਨਾਲ ਮੰਡੀ ਗੋਬਿੰਦਗੜ੍ਹ ਦਾ ਸਰਵਪੱਖੀ ਵਿਕਾਸ ਕਰਵਾਇਆ ਜਾਵੇਗਾ।

ਇਹ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਗੀਤਿਕਾ ਸਿੰਘ ਨੇ ਦੱਸਿਆ ਕਿ ਪਹਿਲਾਂ ਲੱਗੀਆਂ ਲਾਇਟਾਂ ਖਰਾਬ ਹੋਣ ਕਾਰਨ ਲੋਕਾਂ ਨੂੰ ਪ੍ਰੇਸ਼ਾਨੀ ਪੇਸ਼ ਆਉਂਦੀ ਸੀ ਅਤੇ ਸੜ੍ਹਕਾਂ ਤੇ ਹਨੇਰਾ ਹੋਣ ਕਾਰਨ ਦੁਰਘਟਨਾਵਾਂ ਹੋਣ ਦਾ ਖਦਸਾ ਬਣਿਆਂ ਰਹਿੰਦਾ ਸੀ। ਨਗਰ ਕੌਂਸਲ ਨੇ 1.20 ਕਰੋੜ ਦੀ ਲਾਗਤ ਨਾਲ 5852 ਐਲ.ਈ.ਡੀ. ਲਾਇਟਾਂ ਲਗਾ ਕੇ ਚੰਗਾ ਉਪਰਾਲਾ ਕੀਤਾ ਹੈ, ਜਿਸ ਦੇ ਨਾਲ ਸ਼ਹਿਰ ਦੀ ਦਿੱਖ ਬਦਲੇਗੀ ਅਤੇ ਸ਼ਹਿਰ ਵਾਸੀਆਂ ਨੂੰ ਪੇਸ਼ ਆਉਣ ਵਾਲੀਆਂ ਮੁਸ਼ਕਲਾਂ ਤੋਂ ਨਿਜਾਤ ਮਿਲੇਗੀ। ਵਧੀਕ ਡਿਪਟੀ ਕਮਿਸ਼ਨਰ ਗੀਤਿਕਾ ਸਿੰਘ ਨੇ ਦੱਸਿਆ ਕਿ ਐਲ.ਈ.ਡੀ. ਲਾਇਟਾਂ ਲਗਾਉਣ ਨਾਲ ਨਗਰ ਕੌਂਸਲ ਨੂੰ ਹਰੇਕ ਮਹੀਨੇ 15 ਲੱਖ ਰੁਪਏ ਦੀ ਬੱਚਤ ਹੋਵੇਗੀ। ਜਿਸ ਵਿੱਚ 11 ਲੱਖ ਰੁਪਏ ਬਿਜਲੀ ਦੇ ਬਿਲ ਵਿੱਚੋਂ ਬਚਣਗੇ ਅਤੇ ਮੁਰੰਮਤ ਤੇ ਖਰਚ ਹੋਣ ਵਾਲੇ 04 ਲੱਖ ਰੁਪਏ ਦੀ ਬੱਚਤ ਵੀ ਹੋਵੇਗੀ। ਉਨ੍ਹਾਂ ਦੱਸਿਆ ਕਿ ਨਗਰ ਕੌਂਸਲ ਵੱਲੋਂ ਸ਼ਹਿਰ ਵਿੱਚ ਲਗਾਏ ਗਏ ਬਿਜਲੀ ਦੇ ਖੰਭਿਆਂ ਦੀ ਨੰਬਰਿੰਗ ਵੀ ਕੀਤੀ ਗਈ ਹੈ ਜਿਸ ਨਾਲ ਖੰਭਿਆਂ ਬਾਰੇ ਸਾਰੀ ਜਾਣਕਾਰੀ ਨਗਰ ਕੌਂਸਲ ਦੇ ਸਬੰਧਤ ਵਿਭਾਗ ਕੋਲ ਹੋਵੇਗੀ ਅਤੇ ਕਿਸੇ ਵੀ ਤਰ੍ਹਾਂ ਦੀ ਖਰਾਬੀ ਦੀ ਸੂਰਤ ਵਿੱਚ ਕੌਂਸਲ ਦੀ ਤਕਨੀਕੀ ਟੀਮ ਤੁਰੰਤ ਪਹੁੰਚ ਕੇ ਸਮੱਸਿਆ ਦਾ ਹੱਲ ਕਰ ਦੇਵੇਗੀ। ਜਿਸ ਨਾਲ ਸ਼ਹਿਰ ਵਾਸੀਆਂ ਨੂੰ ਰਾਹਤ ਮਿਲੇਗੀ।

# ਦਲਿਤ ਅਤੇ ਕਮਜ਼ੋਰ ਵਰਗ ਨੂੰ ਹਰ ਸੰਸਥਾ 'ਚ ਲੀਡਰਸ਼ਿਪ ਦਾ ਅਹੁਦਾ ਸੰਭਾਲਦੇ ਦੇਖਣਾ ਚਾਹੁੰਦਾ ਹਾਂ : ਰਾਹੁਲ ਗਾਂਧੀ

**ਪਟਨਾ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਬੁੱਧਵਾਰ ਨੂੰ ਕਿਹਾ ਕਿ ਉਹ ਉਸ ਦਿਨ ਦਾ ਇੰਤਜ਼ਾਰ ਕਰ ਰਹੇ ਹਨ ਜਦੋਂ ਦਲਿਤ ਅਤੇ ਕਮਜ਼ੋਰ ਵਰਗ ਭਾਰਤ ਦੇ ਹਰੇਕ ਅਦਾਰੇ ਵਿੱਚ ਲੀਡਰਸ਼ਿਪ ਅਹੁਦਾ ਸੰਭਾਲਣਗੇ। ਇਸ ਦੌਰਾਨ ਉਨ੍ਹਾਂ ਨੇ ਦੇਸ਼ ਵਿਆਪੀ ਜਾਤੀ ਜਨਗਣਨਾ ਦੀ ਲੋੜ ਨੂੰ ਦੁਹਰਾਇਆ। ਗਾਂਧੀ ਨੇ ਇੱਥੇ ਸੁਤੰਤਰਤਾ ਸੈਨਾਨੀ ਜਗਲਾਲ ਚੌਧਰੀ ਦੇ ਜਨਮ ਦਿਨ ਸਮਾਗਮ ਨੂੰ ਸੰਬੋਧਨ ਕਰਦਿਆਂ ਦੋਸ਼ ਲਾਇਆ ਕਿ ਭਾਜਪਾ ਅਤੇ ਆਰਐਸਐਸ ਸੰਵਿਧਾਨ ਦੇ ਵਿਰੁੱਧ ਹਨ, ਕਿਉਂਕਿ ਇਹ ਦਲਿਤਾਂ ਅਤੇ ਦੱਬੇ-ਕੁਚਲੇ ਲੋਕਾਂ ਦੇ ਅਧਿਕਾਰਾਂ ਦੀ ਗਾਰੰਟੀ ਦਿੰਦਾ ਹੈ।

ਉਨ੍ਹਾਂ ਕਿਹਾ ਕਿ "ਦੇਸ਼ ਦੇ ਮੌਜੂਦਾ ਸੱਤਾ ਢਾਂਚੇ ਅਤੇ ਸੰਸਥਾਵਾਂ ਵਿੱਚ ਦਲਿਤਾਂ ਅਤੇ ਦੱਬੇ-ਕੁਚਲੇ ਲੋਕਾਂ ਦੀ ਕੋਈ ਭਾਗੀਦਾਰੀ ਨਹੀਂ ਹੈ ਦਲਿਤਾਂ, ਘੱਟ ਗਿਣਤੀਆਂ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਦੀ ਸਹੀ ਗਿਣਤੀ ਦੀ ਪਛਾਣ ਕਰਨ ਲਈ ਪੂਰੇ ਭਾਰਤ ਵਿੱਚ ਜਾਤੀ ਜਨਗਣਨਾ ਦੀ ਲੋੜ ਹੈ।" ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਆਪਣੀ ਵੋਟ ਪਾਉਣ ਤੋਂ ਬਾਅਦ ਬੁੱਧਵਾਰ ਸਵੇਰੇ ਪਟਨਾ ਪਹੁੰਚੇ। ਗਾਂਧੀ ਨੇ ਜ਼ੋਰ ਦੇ ਕੇ ਕਿਹਾ, ਮੈਂ ਉਸ ਦਿਨ ਦਾ ਇੰਤਜ਼ਾਰ ਕਰ ਰਿਹਾ ਹਾਂ ਜਦੋਂ ਦਲਿਤ ਅਤੇ ਕਮਜ਼ੋਰ ਵਰਗ ਦੇਸ਼ ਦੇ ਹਰ ਅਦਾਰੇ ਵਿੱਚ ਲੀਡਰਸ਼ਿਪ ਦੇ ਅਹੁਦੇ 'ਤੇ ਹੋਣਗੇ ਅਤੇ ਮੈਂ ਦੱਬੇ-ਕੁਚਲੇ ਲੋਕਾਂ ਦੇ ਕਾਰਨਾਂ ਲਈ ਆਪਣੀ ਲੜਾਈ ਜਾਰੀ ਰੱਖਾਂਗਾ।

# ਦਿੱਲੀ ਅਸੈਂਬਲੀ ਦੀਆਂ 70 ਸੀਟਾਂ ਲਈ ਹੋਈ 62 ਫ਼ੀਸਦੀ ਪੋਲਿੰਗ

## ਐਗਜ਼ਿਟ ਪੋਲ 'ਚ ਭਾਜਪਾ ਨੂੰ ਮਿਲਿਆ ਬਹੁਮਤ, ਆਪ ਪੱਛੜੀ

**ਨਵੀਂ ਦਿੱਲੀ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**







ਦਿੱਲੀ ਅਸੈਂਬਲੀ ਦੀਆਂ 70 ਸੀਟਾਂ ਲਈ ਹੋਈ ਪੋਲਿੰਗ 'ਚ ਕਰੀਬ 62 ਫ਼ੀਸਦੀ ਤੋਂ ਵੱਧ ਵੋਟ ਪਈ ਹੈ। ਇਸ ਵਾਰ ਲੋਕਾਂ ਨੇ ਸਵੇਰ ਤੋਂ ਹੀ ਲਾਈਨਾ ਲਗਾ ਕੇ ਵੋਟਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਕੁਝ ਛੁਟਪੁਟ ਘਟਨਾਵਾਂ ਨੂੰ ਛੱਡ ਕੇ ਪੋਲਿੰਗ ਸ਼ਾਂਤਪੂਰਨ ਢੰਗ ਨਾਲ ਹੋਈ। ਕਈ ਟੀ. ਵੀ. ਚੈਨਲਾਂ ਨੇ ਐਗਜ਼ਿਟ ਪੋਲ 'ਚ ਭਾਜਪਾ ਨੂੰ ਜਿੱਤਾ ਦਿੱਤਾ ਹੈ ਉਥੇ ਹੀ ਆਪ ਨੂੰ ਅੱਧੀਆਂ ਤੋਂ ਵੀ ਘੱਟ ਸੀਟਾਂ ਮਿਲਦੀਆਂ ਦਿਖਾਇਆ ਹੈ। ਕਾਂਗਰਸ ਨੂੰ ਸਿਰਫ਼ 1 ਸੀਟ 'ਤੇ ਜਿੱਤਦਾ ਦਿਖਾਇਆ ਹੈ। ਦਿੱਲੀ ਦੇ ਸਾਰੇ 70 ਹਲਕਿਆਂ 'ਚ ਵੋਟਾਂ ਸ਼ਾਮ 6 ਵਜੇ ਤੱਕ ਪਈਆਂ। ਚੋਣ ਕਮਿਸ਼ਨ (ਈਸੀ) ਦੇ ਅੰਕੜਿਆਂ ਅਨੁਸਾਰ ਸ਼ਾਮ 6 ਵਜੇ ਤੱਕ 62.5 ਫੀਸਦੀ ਵੋਟਰਾਂ ਨੇ ਆਪਣੀ ਵੋਟ ਪਾਈ। ਉੱਤਰ-ਪੂਰਬੀ ਜ਼ਿਲ੍ਹੇ ਵਿੱਚ ਸਭ ਤੋਂ ਵੱਧ 63.83 ਪ੍ਰਤੀਸ਼ਤ ਵੋਟਿੰਗ ਦਰਜ ਕੀਤੀ ਗਈ ਜਦੋਂ ਕਿ ਨਵੀਂ ਦਿੱਲੀ ਜ਼ਿਲ੍ਹੇ ਵਿੱਚ ਸਭ ਤੋਂ ਘੱਟ 54.37 ਫੀਸਦੀ ਵੋਟਾਂ ਪਈਆਂ। ਇਸ ਦੌਰਾਨ 'ਆਪ', ਭਾਜਪਾ ਤੇ ਕਾਂਗਰਸ ਵੱਲੋਂ ਆਪਣੀ ਆਪਣੀ ਜਿੱਤ ਦੇ ਦਾਅਵੇ ਕੀਤੇ ਜਾ ਰਹੇ ਹਨ।

ਇਨ੍ਹਾਂ ਚੋਣਾਂ ਵਿਚ ਮੁੱਖ ਮੁਕਾਬਲਾ ਆਮ ਆਦਮੀ ਪਾਰਟੀ, ਭਾਜਪਾ ਤੇ ਕਾਂਗਰਸ ਦਰਮਿਆਨ ਹੈ। 'ਆਪ' ਜਿੱਥੇ ਆਪਣੀਆਂ ਲੋਕ ਭਲਾਈ ਸਕੀਮਾਂ ਦੇ ਸਿਰ 'ਤੇ ਲਗਾਤਾਰ ਤੀਜੀ ਵਾਰ ਸੱਤਾ ਵਿਚ ਆਉਣ ਲਈ ਜ਼ੋਰ ਅਜ਼ਮਾਈ ਕਰ ਰਹੀ ਹੈ, ਉਥੇ ਭਾਜਪਾ ਤੇ ਕਾਂਗਰਸ ਮੁੜ ਉਭਾਰ ਦੀ ਤਲਾਸ਼ ਵਿੱਚ ਹਨ।

ਇਨ੍ਹਾਂ ਚੋਣਾਂ ਵਿਚ ਵੋਟਿੰਗ ਲਈ ਕਰੀਬ 1.56 ਕਰੋੜ ਵੋਟਰ ਯੋਗ ਹਨ, ਜੋ 699 ਉਮੀਦਵਾਰਾਂ ਦੀ ਸਿਆਸੀ ਕਿਸਮਤ ਦਾ ਫੈਸਲਾ ਕਰਨਗੇ। ਪੋਲਿੰਗ ਲਈ ਕੁਲ 13,766 ਪੋਲਿੰਗ ਬੂਥ ਬਣਾਏ ਗਏ ਸਨ।

ਰਾਸ਼ਟਰਪਤੀ ਦਰੋਪਦੀ ਮੁਰਮੂ, ਕਾਂਗਰਸੀ ਆਗੂ ਰਾਹੁਲ ਗਾਂਧੀ ਤੇ ਸੰਦੀਪ ਦੀਕਸ਼ਿਤ ਅਤੇ ਅਤੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਸਮੇਤ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ, ਆਪ ਦੇ ਮਨੀਸ਼ ਸਿਸੋਦੀਆ, ਥਲ ਸੈਨਾ ਮੁਖੀ ਜਨਰਲ ਉਪੇਂਦਰ ਦਿਵੇਦੀ ਨੇ ਅੱਜ ਸਵੇਰੇ ਹੀ ਚੋਣ ਬੂਥਾਂ 'ਤੇ ਜਾ ਕੇ ਵੋਟਾਂ ਪਾਈਆਂ। ਨਵੀਂ ਦਿੱਲੀ ਹਲਕੇ ਤੋਂ ਉਮੀਦਵਾਰ ਸੰਦੀਪ ਦੀਕਸ਼ਿਤ ਨੇ ਜੰਗਪੁਰਾ ਹਲਕੇ ਵਿਚ ਵੋਟ ਪਾਈ। ਦਿੱਲੀ ਦੀਆਂ 70 ਵਿਧਾਨ ਸਭਾ ਸੀਟਾਂ ਲਈ ਸਵੇਰੇ ਤੋਂ ਹੀ ਬੂਥਾਂ ਉੱਪਰ ਕਤਾਰਾਂ ਲੱਗ ਗਈਆਂ।

ਰਾਸ਼ਟਰਪਤੀ ਮੁਰਮੂ ਨੇ ਰਾਸ਼ਟਰਪਤੀ ਐਸਟੇਟ 'ਚ ਵੋਟ ਪਾਈ

ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਦਿੱਲੀ ਵਿਧਾਨ ਸਭਾ ਚੋਣਾਂ ਲਈ ਰਾਸ਼ਟਰਪਤੀ ਅਸਟੇਟ ਦੇ ਇਕ ਪੋਲਿੰਗ ਬੂਥ 'ਤੇ ਸਵੇਰੇ 9 ਵਜੇ ਦੇ ਕਰੀਬ ਵੋਟ ਪਾਈ।

**ਦਿੱਲੀ ਵਿੱਚ ਡਬਲ-ਇੰਜਨ ਸਰਕਾਰ ਬਣੇਗੀ: ਵੀਰੇਂਦਰ ਸਚਦੇਵਾ**

ਦਿੱਲੀ ਭਾਜਪਾ ਪ੍ਰਧਾਨ ਵੀਰੇਂਦਰ ਸਚਦੇਵਾ ਨੇ ਪੜਪੜਗੰਜ ਵਿਧਾਨ ਸਭਾ ਹਲਕੇ ਦੇ ਅਧੀਨ ਆਉਂਦੇ ਮਯੂਰ ਵਿਹਾਰ ਫੇਜ਼ 1 ਪੋਲਿੰਗ ਸਟੇਸ਼ਨ 'ਤੇ ਆਪਣੀ ਵੋਟ ਪਾਈ। ਉਨ੍ਹਾਂ ਨੇ ਚੋਣਾਂ ਵਿੱਚ ਭਾਜਪਾ ਦੀ ਜਿੱਤ 'ਤੇ ਭਰੋਸਾ ਜਤਾਉਂਦੇ ਹੋਏ ਕਿਹਾ ਕਿ ਦਿੱਲੀ ਵਿੱਚ ਡਬਲ-ਇੰਜਨ ਵਾਲੀ ਸਰਕਾਰ ਬਣੇਗੀ।

ਰਾਜੌਰੀ ਗਾਰਡਨ ਤੋਂ ਭਾਜਪਾ ਉਮੀਦਵਾਰ ਮਨਜਿੰਦਰ ਸਿੰਘ ਸਿਰਸਾ ਨੇ ਵੀ ਆਪਣੇ ਜਮਹੂਰੀ ਹੱਕ ਦਾ ਇਸਤੇਮਾਲ ਕੀਤਾ। ਆਮ ਆਦਮੀ ਪਾਰਟੀ ਦੇ ਆਗੂਆਂ ਅਤੇ ਉਮੀਦਵਾਰਾਂ ਨੇ ਵੀ ਪੋਲਿੰਗ ਬੂਥਾਂ 'ਤੇ ਜਾ ਕੇ ਵੋਟ ਪਾਈ।

**ਆਪ ਨੇ ਕਥਿਤ ਬੇਨੇਮੀਆਂ ਦਾ ਦੋਸ਼ ਲਾਇਆ**

'ਆਪ' ਨੇ ਦੋਸ਼ ਲਾਇਆ ਕਿ ਭਾਜਪਾ ਸ਼ਰੇਆਮ ਵੋਟਰਾਂ ਨੂੰ ਜੰਗਪੁਰਾ ਵਿੱਚ ਇੱਕ ਬੂਥ ਦੇ ਨਾਲ ਲੱਗਦੀ ਇਮਾਰਤ ਵਿੱਚ ਲਿਜਾ ਕੇ ਪੈਸੇ ਵੰਡ ਰਹੀ ਹੈ। ਪਾਰਟੀ ਨੇ ਦੋਸ਼ ਲਾਇਆ ਕਿ ਇਹ ਸਭ ਦਿੱਲੀ ਪੁਲੀਸ ਅਤੇ ਚੋਣ ਕਮਿਸ਼ਨ ਦੀ ਨਿਗਰਾਨੀ ਹੇਠ ਕੀਤਾ ਜਾ ਰਿਹਾ ਹੈ। ਇਕ ਵੀਡੀਓ ਵਿਚ ਪਾਰਟੀ ਵਰਕਰਾਂ ਨੂੰ ਪ੍ਰਦਰਸ਼ਨ ਕਰਦੇ ਹੋਏ ਅਤੇ ਨਾਅਰੇਬਾਜ਼ੀ ਕਰਦੇ ਦੇਖਿਆ ਜਾ ਸਕਦਾ ਹੈ। ਜ਼ਿਲ੍ਹਾ ਚੋਣ ਅਧਿਕਾਰੀ (ਦੱਖਣੀ-ਪੂਰਬੀ) ਨੇ ਦਿੱਲੀ ਪੁਲੀਸ ਅਤੇ ਫਲਾਇੰਗ ਸਕੁਐਡ ਟੀਮਾਂ ਨੂੰ ਤੁਰੰਤ ਘਟਨਾ ਸਥਾਨ 'ਤੇ ਪਹੁੰਚਣ ਅਤੇ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਹਨ।

ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਵੀਟ ਕਰਕੇ ਦਿੱਲੀ ਦੇ ਲੋਕਾਂ ਨੂੰ ਆਪਣੇ ਕੀਮਤ ਵੋਟ ਪਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਖਾਸ ਕਰਕੇ ਪਹਿਲੀ ਵਾਰ ਵੋਟ ਪਾਉਣ ਵਾਲੇ ਨੌਜਵਾਨ ਵੋਟਰਾਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਹ ਗੱਲ ਜ਼ਹਿਨ ਵਿਚ ਰੱਖਿਓ 'ਪਹਿਲੇ ਮਤਦਾਨ, ਫਿਰ ਜਲਪਾਨ'।

ਦਿੱਲੀ ਚੋਣਾਂ ਲਈ ਸਖ਼ਤ ਸੁਰੱਖਿਆ ਬੰਦੋਬਸਤ ਕੀਤੇ ਗਏ ਹਨ। ਚੋਣਾਂ ਦੇ ਅਮਲ ਨੂੰ ਅਮਨ ਅਮਾਨ ਨਾਲ ਨੇਪਰੇ ਚਾੜ੍ਹਨ ਲਈ ਪੁਲੀਸ ਦੇ 30,000 ਜਵਾਨ ਤੇ ਨੀਮ ਫੌਜੀ ਬਲਾਂ ਦੀਆਂ 220 ਕੰਪਨੀਆਂ ਕੌਮੀ ਰਾਜਧਾਨੀ ਵਿਚ ਤਾਇਨਾਤ ਕੀਤੀਆਂ ਗਈਆਂ ਹਨ।

**ਸਿਰਫ ਚੋਣ ਨਹੀਂ ਧਰਮ ਯੁੱਧ ਹੈ: ਆਤਿਸ਼ੀ**

ਦਿੱਲੀ ਦੀ ਮੁੱਖ ਮੰਤਰੀ ਅਤੇ ਕਾਲਕਾਜੀ ਹਲਕੇ ਤੋਂ 'ਆਪ' ਉਮੀਦਵਾਰ ਆਤਿਸ਼ੀ ਨੇ ਵੋਟਰਾਂ ਨੂੰ ਕੌਮੀ ਰਾਜਧਾਨੀ ਵਿੱਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਵਿੱਚ ਆਪਣੀ ਵੋਟ ਪਾਉਣ ਦੀ ਅਪੀਲ ਕੀਤੀ। ਆਤਿਸ਼ੀ ਨੇ ਐਕਸ 'ਤੇ ਇੱਕ ਪੋਸਟ ਵਿੱਚ ਜ਼ੋਰ ਦੇ ਕੇ ਕਿਹਾ ਕਿ ਦਿੱਲੀ ਚੋਣ ਸਿਰਫ਼ ਇੱਕ ਚੋਣ ਨਹੀਂ ਹੈ, ਸਗੋਂ ਇੱਕ ਧਰਮ ਯੁੱਧ ਹੈ।

ਉਧਰ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਟਵੀਟ ਕਰਕੇ ਦਿੱਲੀ ਵਾਸੀਆਂ ਨੂੰ ਲੋਕਤੰਤਰ ਦੇ ਇਸ ਮਹਾਨ ਤਿਓਹਾਰ ਵਿਚ ਸ਼ਾਮਲ ਹੋ ਕੇ ਵੋਟ ਪਾਉਣ ਦੀ ਅਪੀਲ ਕੀਤੀ ਹੈ। ਕੇਜਰੀਵਾਲ ਨੇ ਕਿਹਾ, "ਮੈਂ ਦਿੱਲੀ ਦੇ ਸਾਰੇ ਵੋਟਰਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਲੋਕਤੰਤਰ ਦੇ ਇਸ ਮਹਾਨ ਤਿਉਹਾਰ ਵਿੱਚ ਉਤਸ਼ਾਹ ਨਾਲ ਹਿੱਸਾ ਲੈਣ ਅਤੇ ਵੋਟ ਜ਼ਰੂਰ ਪਾਉਣ। ਵੋਟਿੰਗ ਹਰ ਨਾਗਰਿਕ ਦਾ ਅਧਿਕਾਰ ਹੈ ਅਤੇ ਲੋਕਤੰਤਰੀ ਪ੍ਰਣਾਲੀ ਨੂੰ ਮਜ਼ਬੂਤ ਕਰਨ ਦੀ ਜ਼ਿੰਮੇਵਾਰੀ ਵੀ ਹੈ। ਤੁਹਾਡੀ ਇੱਕ-ਇੱਕ ਵੋਟ ਸਾਡੇ ਬੱਚਿਆਂ ਦੇ ਚੰਗੇ ਭਵਿੱਖ ਨੂੰ ਸਮਰਪਿਤ ਹੋਵੇਗੀ। ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਕੇ ਦਿੱਲੀ ਦੀ ਤਰੱਕੀ ਵਿੱਚ ਯੋਗਦਾਨ ਪਾਓ।"

# ਮਹਾਰਾਸ਼ਟਰ 'ਚ ਡਾਕਟਰਾਂ ਨੇ ਤਿੰਨ ਦਿਨਾ ਬੱਚੇ ਦੇ ਪੇਟ 'ਚੋਂ ਜੋੜੇ ਭਰੂਣ ਕੱਢੇ



**ਅਮਰਾਵਤੀ/ਬੁਲਢਾਣਾ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਾਰਾਸ਼ਟਰ ਦੇ ਅਮਰਾਵਤੀ ਜ਼ਿਲ੍ਹੇ ਵਿਚ ਡਾਕਟਰ ਤਿੰਨ ਦਿਨਾਂ ਦੇ ਬੱਚੇ ਦੇ ਪੇਟ ਵਿਚੋਂ ਦੋ ਭਰੂਣ ਕੱਢਣ ਵਿਚ ਸਫ਼ਲ ਰਹੇ ਹਨ। ਬਾਹਰ ਕੱਢੇ ਗਏ ਜੌੜੇ ਭਰੂਣਾਂ ਦੇ ਹੱਥ ਤੇ ਪੈਰ ਬਣੇ ਹੋਏ ਸਨ। ਜਾਣਕਾਰੀ ਅਨੁਸਾਰ 32 ਸਾਲਾ ਮਹਿਲਾ ਵੱਲੋਂ ਪਿਛਲੇ ਮਹੀਨੇ ਨਿਯਮਤ ਸਿਹਤ ਜਾਂਚ ਦੌਰਾਨ ਕਰਵਾਈ ਸੋਨੋਗ੍ਰਾਫ਼ੀ ਮੌਕੇ ਡਾਕਟਰਾਂ ਨੂੰ 'ਭਰੂਣ ਦੇ ਅੰਦਰ ਭਰੂਣ' ਹੋਣ ਬਾਰੇ ਪਤਾ ਲੱਗਾ ਸੀ।

ਡਾਕਟਰਾਂ ਨੇ ਕਿਹਾ ਕਿ ਇਹ ਬਹੁਤ ਹੀ ਨਿਵੇਕਲੀ ਸਥਿਤੀ ਹੈ। ਇਸ ਮਹਿਲਾ ਨੇ 1 ਫਰਵਰੀ ਨੂੰ ਬੁਲਢਾਣਾ ਮਹਿਲਾ ਹਸਪਤਾਲ ਵਿਚ ਬੱਚੇ ਨੂੰ ਜਨਮ ਦਿੱਤਾ ਸੀ। ਉਪਰੰਤ ਜੱਚਾ-ਬੱਚਾ ਨੂੰ ਅਮਰਾਵਤੀ ਜ਼ਿਲ੍ਹੇ ਦੇ ਸੁਪਰ ਸਪੈਸ਼ਲਿਟੀ ਸਰਕਾਰੀ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ, ਜਿੱਥੇ ਡਾਕਟਰਾਂ ਨੇ ਨਵਜੰਮੇ ਬੱਚੇ ਦਾ ਅਪਰੇਸ਼ਨ ਕਰਕੇ ਉਸ ਦੇ ਪੇਟ ਵਿਚੋਂ ਦੋ ਭਰੂਣ ਕੱਢੇ। ਅਮਰਾਵਤੀ ਮੰਡਲ ਹਸਪਤਾਲ ਵਿਚ ਡਾ.ਊਸ਼ਾ ਗਜਭਿਏ ਦੀ ਨਿਗਰਾਨੀ ਵਿਚ ਬੱਚੇ ਦਾ ਅਪਰੇਸ਼ਨ ਕੀਤਾ ਗਿਆ। ਡਾਕਟਰ ਨੇ ਮਗਰੋਂ ਪੱਤਰਕਾਰਾਂ ਨੂੰ ਦੱਸਿਆ ਕਿ ਤਿੰਨ ਦਿਨਾਂ ਦੇ ਬੱਚੇ ਦੇ ਪੇਟ ਵਿਚ ਹੱਥ ਪੈਰ ਵਾਲੇ ਦੋ ਜੌੜੇ ਭਰੂਣ ਸਨ। ਉਨ੍ਹਾਂ ਕਿਹਾ ਕਿ ਦੋਵਾਂ ਭਰੂਣਾਂ ਨੂੰ ਸਫ਼ਲਤਾਪੂਰਵਕ ਬਾਹਰ ਕੱਢਿਆ ਗਿਆ ਅਤੇ ਜੱਚਾ-ਬੱਚਾ ਦੋਵੇਂ ਸਿਹਤਮੰਦ ਹਨ। ਬੁਲਢਾਣਾ ਹਸਪਤਾਲ ਵਿਚ ਗਾਇਨੀ ਤੇ ਮਹਿਲਾ ਰੋਗਾਂ ਦੀ ਮਾਹਿਰ ਡਾ.ਪ੍ਰਸਾਦ ਅਗਰਵਾਲ ਨੇ ਦੱਸਿਆ ਕਿ ਹੁਣ ਤੱਕ ਪੂਰੇ ਵਿਸ਼ਵ ਵਿਚ ਅਜਿਹੇ 200 ਮਾਮਲੇ ਹੀ ਸਾਹਮਣੇ ਆਏ ਹਨ, ਜਿਨ੍ਹਾਂ ਵਿਚ ਭਾਰਤ 'ਚੋਂ 10 ਤੋਂ 15 ਮਾਮਲੇ ਰਿਪੋਰਟ ਹੋਏ ਹਨ।

# ਪਦਮਜੀਤ ਮਹਿਤਾ ਬਣੇ ਬਠਿੰਡਾ ਨਗਰ ਨਿਗਮ ਦੇ ਨਵੇਂ ਮੇਅਰ



**ਬਠਿੰਡਾ, 6 ਫਰਵਰੀ**
**-ਇੰਦਰਜੀਤ ਕਾਲੜਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੱਛੇ ਜਿਹੇ 48 ਨੰਬਰ ਵਾਰਡ ਤੋ ਜਬਰਦਸਤ ਜਿੱਤ ਪ੍ਰਾਪਤ ਕਰਕੇ ਕੌਂਸਲਰ ਬਣੇ ਪਦਮਜੀਤ ਮਹਿਤਾ ਨੇ ਇਕ ਹੋਰ ਜਬਰਦਸਤ ਜਿੱਤ ਦਰਜ ਕਰਕੇ ਬਠਿੰਡਾ ਦੇ ਨਗਰ ਨਿਗਮ ਦੇ ਮੇਅਰ ਦੀ ਕੁਰਸੀ ਪ੍ਰਾਪਤ ਕਰ ਲਈ ਹੈ , ਅੱਜ ਬਠਿੰਡਾ ਦੇ ਨਗਰ ਨਿਗਮ ਦੇ ਮੇਅਰ ਦੀ ਚੋਣ ਡਵੀਜ਼ਨਲ ਕਮਿਸ਼ਨਰ ਫਰੀਦਕੋਟ ਮਨਜੀਤ ਸਿੰਘ ਬਰਾੜ ਅਤੇ ਡਿਪਟੀ ਕਮਿਸ਼ਨਰ ਬਠਿੰਡਾ ਸ਼ੌਕਤ ਅਹਿਮਦ ਪਰੇ ਦੀ ਮੌਜੂਦਗੀ ਵਿੱਚ ਚੋਣ ਕਰਵਾਈ ਗਈ ਜਿਸ ਵਿੱਚ ਪਦਮਜੀਤ ਮਹਿਤਾ ਨੂੰ 33 ਵੋਟਾਂ ਮਿਲੀਆਂ ਅਤੇ ਦੂਜੇ ਪਾਸੇ ਕਾਂਗਰਸ ਦੇ ਉਮੀਦਵਾਰ ਨੂੰ 15 ਵੋਟਾਂ ਪ੍ਰਾਪਤ ਹੋਈਆਂ ਸੋ ਇਸ ਪ੍ਰਕਾਰ ਪਦਮਜੀਤ ਮਹਿਤਾ ਨੂੰ ਚੰਗਾ ਬਹੁਮਤ ਮਿਲਿਆ ਸੋ ਇਸ ਪ੍ਰਕਾਰ ਬਠਿੰਡਾ ਨੂੰ ਇਕ ਪੜ੍ਹਿਆ ਲਿੱਖਿਆ ਮੇਅਰ ਅੱਜ ਮਿਲ ਗਿਆ ਹੈ ਇਸ ਮੌਕੇ ਤੇ ਕੈਬਿਨੇਟ ਮੰਤਰੀ ਅਤੇ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਸ਼੍ਰੀ ਅਮਨ ਅਰੋੜਾ ਨੇ ਇਸ ਜਿਤ ਦੀ ਸਾਰਿਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਬਠਿੰਡਾ ਦੇ ਮੇਅਰ ਪਦਮਜੀਤ ਮਹਿਤਾ ਦੀ ਅਗਵਾਈ ਹੇਠ ਆਉਣ ਵਾਲੇ ਸਮੇਂ ਵਿੱਚ ਜਬਰਦਸਤ ਕੰਮ ਕਰਵਾਏ ਜਾਣਗੇ।

# ਡਾ. ਸੁਖਵਿੰਦਰ ਸੁੱਖੀ ਨੇ ਪੰਜਾਬ ਸਟੇਟ ਕੰਟੇਨਰ ਐਂਡ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਚੇਅਰਪਰਸਨ ਵਜੋਂ ਅਹੁਦਾ ਸੰਭਾਲਿਆ



**ਚੰਡੀਗੜ੍ਹ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬੰਗਾ ਤੋਂ ਦੂਜੀ ਵਾਰ ਵਿਧਾਇਕ ਬਣੇ ਅਤੇ ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈ.ਐਮ.ਏ.) ਦੇ ਸਾਬਕਾ ਪ੍ਰਧਾਨ ਡਾ. ਸੁਖਵਿੰਦਰ ਕੁਮਾਰ ਸੁੱਖੀ ਨੇ ਅੱਜ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਦੀ ਮੌਜੂਦਗੀ ਵਿੱਚ ਪੰਜਾਬ ਸਟੇਟ ਕੰਟੇਨਰ ਐਂਡ ਵੇਅਰਹਾਊਸਿੰਗ ਕਾਰਪੋਰੇਸ਼ਨ (ਕਨਵੇਅਰ) ਦੇ ਚੇਅਰਪਰਸਨ ਵਜੋਂ ਅਹੁਦਾ ਸੰਭਾਲਿਆ। ਡਾ. ਸੁੱਖੀ ਆਪਣੇ ਪੁੱਤਰ ਡਾ. ਸਿਧਾਂਤ ਲੋਚਵ ਅਤੇ ਡਾ. ਨਿਸ਼ਾਂਤ ਲੋਚਵ ਸਮੇਤ ਹੋਰ ਪਰਿਵਾਰਕ ਮੈਂਬਰਾਂ ਅਤੇ ਸਮਰਥਕਾਂ ਨਾਲ ਇੱਥੇ ਸੈਕਟਰ-17 ਸਥਿਤ ਕਨਵੇਅਰ ਦਫ਼ਤਰ ਪਹੁੰਚੇ।

ਅਹੁਦਾ ਸੰਭਾਲਣ ਉਪਰੰਤ ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਉਨ੍ਹਾਂ ਉੱਤੇ ਭਰੋਸਾ ਜਤਾਉਣ ਲਈ ਧੰਨਵਾਦ ਕੀਤਾ। ਡਾ. ਸੁੱਖੀ ਨੇ ਉਨ੍ਹਾਂ ਨੂੰ ਸੌਂਪੀ ਗਈ ਇਸ ਜ਼ਿੰਮੇਵਾਰੀ 'ਤੇ ਖਰੇ ਉਤਰਨ ਦਾ ਅਹਿਦ ਲਿਆ ਅਤੇ ਆਪਣੀ ਡਿਊਟੀ ਨੂੰ ਪੂਰੀ ਇਮਾਨਦਾਰੀ, ਲਗਨ ਅਤੇ ਤਨਦੇਹੀ ਨਾਲ ਨਿਭਾਉਣ ਦਾ ਭਰੋਸਾ ਦਿੱਤਾ। ਉਨ੍ਹਾਂ ਨੇ ਕਾਰਪੋਰੇਸ਼ਨ ਦੇ ਕੰਮਕਾਜ ਵਿੱਚ ਹੋਰ ਪਾਰਦਰਸ਼ਤਾ ਅਤੇ ਕੁਸ਼ਲਤਾ ਲਿਆਉਣ ਨੂੰ ਤਰਜੀਹ ਦੇਣ 'ਤੇ ਵੀ ਜ਼ੋਰ ਦਿੱਤਾ।

ਡਾ. ਸੁੱਖੀ ਨੂੰ ਨਵੀਂ ਜ਼ਿੰਮੇਵਾਰੀ ਲਈ ਵਧਾਈ ਦਿੰਦਿਆਂ ਖੇਤੀਬਾੜੀ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਭਰੋਸਾ ਜਤਾਇਆ ਕਿ ਡਾ. ਸੁੱਖੀ ਦੀ ਅਗਵਾਈ ਹੇਠ ਕਾਰਪੋਰੇਸ਼ਨ ਨਵੀਆਂ ਬੁਲੰਦੀਆਂ ਨੂੰ ਛੂਹੇਗੀ। ਉਨ੍ਹਾਂ ਨੇ ਸੂਬਾ ਸਰਕਾਰ ਤਰਫੋਂ ਚੇਅਰਪਰਸਨ ਨੂੰ ਕਾਰਪੋਰੇਸ਼ਨ ਦੇ ਵਿਕਾਸ ਕਾਰਜਾਂ ਲਈ ਕੀਤੇ ਜਾਣ ਵਾਲੇ ਸਾਰੇ ਯਤਨਾਂ ਵਿੱਚ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਸ੍ਰੀ ਜੈ ਕਿਸ਼ਨ ਸਿੰਘ ਰੋੜੀ, ਵਿਧਾਇਕ ਨਛੱਤਰ ਪਾਲ, ਵਿਧਾਇਕ ਕੁਲਵੰਤ ਸਿੰਘ ਪੰਡੋਰੀ ਅਤੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ, ਨਗਰ ਸੁਧਾਰ ਟਰੱਸਟ ਐਸ.ਬੀ.ਐਸ. ਨਗਰ ਦੇ ਚੇਅਰਮੈਨ ਸਤਨਾਮ ਸਿੰਘ ਜਲਾਲਪੁਰ ਅਤੇ ਜਸਵੀਰ ਸਿੰਘ ਗੜ੍ਹੀ ਵੀ ਡਾ. ਸੁੱਖੀ ਨੂੰ ਵਧਾਈ ਦੇਣ ਲਈ ਪਹੁੰਚੇ ਸਨ।

ਇਸ ਮੌਕੇ ਕਨਵੇਅਰ ਦੇ ਉਪ ਚੇਅਰਮੈਨ ਸ੍ਰੀ ਇੰਦਰਪ੍ਰੀਤ ਸਿੰਘ ਸੰਧੂ ਅਤੇ ਮੈਨੇਜਿੰਗ ਡਾਇਰੈਕਟਰ ਕੰਵਲਪ੍ਰੀਤ ਬਰਾੜ ਅਤੇ ਡਾ. ਸੁੱਖੀ ਦੇ ਪਰਿਵਾਰਕ ਮੈਂਬਰ ਸਰਵਣ ਸਿੰਘ, ਡਾ. ਜਗਮੋਹਨ ਪੁਰੀ, ਨਸੀਬ ਚੰਦ, ਸੋਹਣ ਲਾਲ ਢਾਂਡਾ, ਬਲਬੀਰ ਸਿੰਘ, ਡਾ. ਕੁਲਵਿੰਦਰ ਮਾਨ, ਡਾ. ਪਰਮਜੀਤ ਮਾਨ ਅਤੇ ਸੁਖਵੀਰ ਰਾਣਾ ਵੀ ਹਾਜ਼ਰ ਸਨ।

# ਧੋਖਾਧੜੀ ਦੇ ਮਾਮਲੇ 'ਚ ਪਤਨੀ, ਸੱਸ ਤੇ ਸਾਲੇ ਖ਼ਿਲਾਫ਼ ਮਾਮਲਾ ਦਰਜ

**ਸਮਾਣਾ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਦਰ ਪੁਲਿਸ ਨੇ ਜਸਵਿੰਦਰ ਸਿੰਘ ਵਾਸੀ ਪਿੰਡ ਟੋਡਰਪੁਰ ਦੀ ਸ਼ਿਕਾਇਤ ਤੇ ਪਤਨੀ, ਸੱਸ ਤੇ ਸਾਲੇ ਖਿਲਾਫ ਲੱਖਾਂ ਰੁਪਏ ਦੀ ਧੋਖਾਧੜੀ ਕਰਨ ਦਾ ਮਾਮਲਾ ਦਰਜ ਕਰਕੇ ਸਸ ਮਲਕੀਤ ਕੌਰ ਨੂੰ ਗ੍ਰਿਫਤਾਰ ਕਰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਇੱਕ ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਹੈ। ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਸਦਰ ਪੁਲਸ ਮੁਖੀ ਅਵਤਾਰ ਸਿੰਘ ਨੇ ਦੱਸਿਆ ਕਿ ਜਸਵਿੰਦਰ ਸਿੰਘ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ ਉਸ ਦਾ ਵਿਆਹ 2012 ਵਿੱਚ ਹਰਪ੍ਰੀਤ ਕੌਰ ਵਾਸੀ ਪਿੰਡ ਚੁਨਾਗਰਾਂ ਨਾਲ ਹੋਇਆ ਸੀ। ਕਿ ਕੁਝ ਸਮਾਂ ਪਹਿਲਾਂ ਉਸ ਦੀ ਘਰਵਾਲੀ ਆਸਟ੍ਰੇਲੀਆ ਰਹਿੰਦੇ ਸਾਲੇ ਗੁਰਵਿੰਦਰ ਸਿੰਘ ਕਲੇਰ ਕੋਲ ਟੂਰਿਸਟ ਵੀਜ਼ਾ ਲਗਾਵਾ ਕੇ ਬੱਚੇ ਸਣੇ ਚਲੀ ਗਈ। ਕੁਝ ਮਹੀਨੇ ਬਾਅਦ ਪਤਨੀ ਨੇ ਉਸ ਦਾ ਮੋਬਾਇਲ ਫੋਨ ਬਲੋਕ ਵਿੱਚ ਪਾ ਕੇ ਗੱਲ ਕਰਨੀ ਬੰਦ ਕਰ ਦਿੱਤੀ, ਤੇ ਨਾਂ ਹੀ ਬੱਚੇ ਨਾਲ ਗੱਲ ਕਰਵਾਈ। ਦੁਖੀ ਹੋ ਕੇ ਸਾਲੇ ਗੁਰਵਿੰਦਰ ਨਾਲ ਫੋਨ 'ਤੇ ਜਦੋਂ ਆਸਟ੍ਰੇਲੀਆ ਗੱਲ ਕੀਤੀ ਤਾਂ ਉਸਨੇ ਕਿਹਾ ਕਿ ਵੱਡੇ ਭਰਾ ਨਾਲ ਗੱਲ ਕਰ ਲਓ।

ਉਸਨੇ ਅੱਗੇ ਦੱਸਿਆ ਕਿ ਜਦੋਂ ਵੱਡੇ ਭਰਾ ਸੁਖਜਿੰਦਰ ਨਾਲ ਗੱਲ ਕੀਤੀ ਤਾਂ ਉਸਨੇ ਕਿਹਾ ਤੇਰੀ ਗੱਲ ਉਦੋਂ ਹੀ ਹੋਵੇਗੀ, ਜਦੋਂ ਤੂੰ ਮੇਰੀ ਭੈਣ ਨੂੰ ਤਲਾਕ ਦੇਵੇਂਗਾ।

ਇਸ ਗੱਲ ਤੋਂ ਪਰੇਸ਼ਾਨ ਹੋ ਕੇ ਪੁਲਿਸ ਉੱਚ ਅਧਿਕਾਰੀਆਂ ਨੂੰ ਦਰਖਾਸਤ ਦੇ ਕੇਇਨਸਾਫ ਦੀ ਮੰਗ ਕਰਦਿਆਂ ਇਹ ਵੀ ਦੱਸਿਆ ਕਿ ਉਸ ਦੇ ਸੋਹਰਾ ਪਰਿਵਾਰ ਨੇ ਉਸ ਤੋਂ 14 ਲੱਖ 51218 ਰੁਪਏ ਨਗਦ, 5 ਲੱਖ ਰੁਪਏ ਆਰ.ਟੀ.ਜੀ.ਐਸ ਰਾਹੀਂ ਤੇ 13 ਤੋਲੇ ਸੋਨਾ ਜੋ ਉਸ ਦੀ ਘਰਵਾਲੀ ਲੈ ਗਈ ਸੀ । ਵਾਪਸ ਨਾ ਕਰਕੇ ਉਸ ਨਾਲ ਧੋਖਾਧੜੀ ਕੀਤੀ ਹੈ। ਉੱਚ ਅਧਿਕਾਰੀਆਂ ਅਨੁਸਾਰ ਸੱਸ ਮਲਕੀਤ ਕੌਰ, ਪਤਨੀ ਹਰਪ੍ਰੀਤ ਕੌਰ ਤੇ ਸਾਲੇ ਸੁਖਜਿੰਦਰ ਸਿੰਘ ਖਿਲਾਫ ਧੋਖਾਧੜੀ ਦਾ ਮਾਮਲਾ ਦਰਜ ਕਰਕੇ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ, ਜੋ ਵੀ ਤੱਥਾਂ ਦੇ ਆਧਾਰ 'ਤੇ ਦੋਸ਼ੀ ਪਾਇਆ ਗਿਆ ਉਸ ਖਿਲਾਫ ਕਾਰਵਾਈ ਕੀਤੀ ਜਾਵੇਗੀ।

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਗਮ 'ਤੇ ਲਾਈ ਆਸਥਾ ਦੀ ਡੁਬਕੀ

**ਮਹਾਕੁੰਭ ਨਗਰ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਨੂੰ ਮਹਾਕੁੰਭ ਮੇਲੇ ਦਾ ਦੌਰਾ ਕੀਤਾ ਅਤੇ ਤ੍ਰਿਵੇਣੀ ਸੰਗਮ ਵਿੱਚ ਪਵਿੱਤਰ ਇਸ਼ਨਾਨ ਕੀਤਾ। ਇਸ ਦੌਰਾਨ ਮੋਦੀ ਨੇ ਮੰਤਰਾਂ ਦੇ ਜਾਪ ਵਿਚਕਾਰ ਇਸ਼ਨਾਨ ਦੀ ਰਸਮ ਦੌਰਾਨ ਆਪਣੇ ਹੱਥਾਂ ਵਿੱਚ 'ਰੁਦਰਾਕਸ਼' ਮਣਕੇ ਫੜੇ ਹੋਏ ਸਨ। ਇਸ ਦੌਰਾਨ ਉਨ੍ਹਾਂ ਰੁਦਰਾਕਸ਼ ਦੀ ਮਾਲਾ ਪਾ ਕੇ ਸੂਰਜ ਅਤੇ ਗੰਗਾ ਨਦੀ ਦੀ ਪੂਜਾ ਕੀਤੀ।

ਮੋਦੀ ਨੇ ਅਰੈਲ ਘਾਟ ਤੋਂ ਗੰਗਾ, ਯਮੁਨਾ ਅਤੇ ਮਿਥਿਹਾਸਕ ਸਰਸਵਤੀ ਦੇ ਤ੍ਰਿਵੇਣੀ ਸੰਗਮ ਤੱਕ ਕਿਸ਼ਤੀ ਦੀ ਸਵਾਰੀ ਕੀਤੀ। ਉਨ੍ਹਾਂ ਦੇ ਨਾਲ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਵੀ ਸਨ। ਮੁੱਖ ਮੰਤਰੀ ਆਦਿਤਿਆਨਾਥ ਨੇ ਇਸ ਤੋਂ ਪਹਿਲਾਂ ਪ੍ਰਯਾਗਰਾਜ ਪਹੁੰਚਣ 'ਤੇ ਪ੍ਰਧਾਨ ਮੰਤਰੀ ਦਾ ਸਵਾਗਤ ਕੀਤਾ।

12 ਸਾਲਾਂ ਬਾਅਦ ਆਯੋਜਿਤ ਕੀਤਾ ਜਾ ਰਿਹਾ ਇਹ ਮਹਾਂਕੁੰਭ ??13 ਜਨਵਰੀ ਨੂੰ ਸ਼ੁਰੂ ਹੋਇਆ ਅਤੇ 26 ਫਰਵਰੀ ਤੱਕ ਜਾਰੀ ਰਹੇਗਾ। ਇਸ ਨੂੰ ਹਿੰਦੂਆਂ ਦੇ ਸਭ ਤੋਂ ਪਵਿੱਤਰ ਤੀਰਥ ਸਥਾਨਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਉੱਤਰ ਪ੍ਰਦੇਸ਼ ਸਰਕਾਰ ਦੇ ਅਨੁਸਾਰ, ਹੁਣ ਤੱਕ 38 ਕਰੋੜ ਤੋਂ ਵੱਧ ਸ਼ਰਧਾਲੂ ਮਹਾਂਕੁੰਭ ਦੇ ਦਰਸ਼ਨ ਕਰ ਚੁੱਕੇ ਹਨ।

# 'ਆਪ' ਉਮੀਦਵਾਰ ਅਮਾਨਤਉਲਾ ਖ਼ਾਨ ਵਿਰੁੱਧ ਐਫਆਈਆਰ ਦਰਜ

**ਨਵੀਂ ਦਿੱਲੀ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਉਮੀਦਵਾਰ ਅਮਾਨਤਉਲਾ ਖਾਨ ਵਿਰੁੱਧ ਐਫਆਈਆਰ ਦਰਜ ਕੀਤੇ ਜਾਣ ਤੋਂ ਬਾਅਦ ਦਿੱਲੀ ਪੁਲੀਸ ਨੇ ਜਾਣਕਾਰੀ ਦਿੰਦਿਆਂ ਬੁੱਧਵਾਰ ਨੂੰ ਕਿਹਾ ਕਿ ਉਹ ਚੋਣ ਪ੍ਰਚਾਰ ਕਰ ਰਹੇ ਸਨ ਅਤੇ ਕੌਮੀ ਰਾਜਧਾਨੀ ਵਿੱਚ ਵਿਧਾਨ ਸਭਾ ਚੋਣਾਂ ਲਈ ਲਾਗੂ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਕਰ ਰਹੇ ਸਨ। ਪੁਲੀਸ ਨੇ ਇੱਕ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਕਾਰਵਾਈ ਕੀਤੀ, ਜਿਸ ਵਿੱਚ 'ਆਪ' ਆਗੂ ਕਥਿਤ ਤੌਰ 'ਤੇ ਚੋਣ ਪ੍ਰਚਾਰ ਦੀ ਮਿਆਦ ਖਤਮ ਹੋਣ ਤੋਂ ਬਾਅਦ ਆਪਣੇ ਸਮਰਥਕਾਂ ਨਾਲ ਆਪਣੇ ਹਲਕੇ (ਓਖਲਾ) ਵਿੱਚ ਘੁੰਮਦੇ ਦਿਖਾਈ ਦਿੱਤੇ।

ਡੀਸੀਪੀ ਦੱਖਣ ਪੂਰਬੀ ਦਿੱਲੀ ਨੇ 'ਐਕਸ' 'ਤੇ ਪੋਸਟ ਕੀਤਾ ਕਿ ਇਸ ਮਾਮਲੇ ਵਿੱਚ ਐਮਸੀਸੀ ਦੀ ਉਲੰਘਣਾ ਕਰਨ ਲਈ ਪੁਲੀਸ ਸਟੇਸ਼ਨ ਜਾਮੀਆ ਨਗਰ ਵਿੱਚ ਅਮਾਨਤੁੱਲਾ ਵਿਰੁੱਧ ਧਾਰਾ 223/3/5 ਬੀਐਨਐਸ ਅਤੇ 126 ਆਰਪੀ ਐਕਟ ਦੇ ਤਹਿਤ ਐਫਆਈਆਰ ਨੰਬਰ 95/25 ਦਰਜ ਕੀਤੀ ਗਈ ਹੈ।

ਦੱਖਣੀ ਪੂਰਬੀ ਪੁਲੀਸ ਦੇ ਡਿਪਟੀ ਕਮਿਸ਼ਨਰ ਰਵੀ ਕੁਮਾਰ ਸਿੰਘ ਨੇ ਦੱਸਿਆ, ਸਾਨੂੰ ਸੂਚਨਾ ਮਿਲੀ ਸੀ ਕਿ ਚੋਣ ਪ੍ਰਚਾਰ ਚੱਲ ਰਿਹਾ ਸੀ ਅਤੇ ਚੋਣ ਜ਼ਾਬਤੇ ਦੀ ਉਲੰਘਣਾ ਕੀਤੀ ਜਾ ਰਹੀ ਸੀ। ਜਿਸ ਉਪਰੰਤ ਇਸ ਜਾਣਕਾਰੀ ਸਹੀ ਪਾਈ ਗਈ। ਇਸ ਵਿੱਚ ਸ਼ਾਮਲ ਸਾਰੇ ਲੋਕਾਂ ਦੇ ਖ਼ਿਲਾਫ਼ ਐਫਆਈਆਰ ਦਰਜ ਕੀਤੀ ਗਈ ਹੈ।

ਇਕ ਹੋਰ ਸ਼ਿਕਾਇਤ ਵਿਚ ਕਾਰਵਾਈ ਤੋਂ ਬਾਅਦ 5 ਲੱਖ ਰੁਪਏ ਜ਼ਬਤ

ਡੀਸੀਪੀ ਨੇ ਕਿਹਾ ਕਿ ਉਨ੍ਹਾਂ ਨੇ ਦੋ ਵਰਕਰਾਂ ਤੋਂ ਪੰਜ ਲੱਖ ਰੁਪਏ ਜ਼ਬਤ ਕੀਤੇ ਹਨ। ਉਨ੍ਹਾਂ ਦੱਸਿਆ ਕਿ ਬੀਤੇ ਦਿਨ ਇੱਕ ਵੱਖਰੀ ਸ਼ਿਕਾਇਤ ਮਿਲੀ ਸੀ ਜਿਸ ਦੌਰਾਨ ਦੋ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਅਤੇ ਫਲਾਇੰਗ ਸਕੁਐਡ ਟੀਮ (ਐਫਐਸਟੀ) ਦੇ ਹਵਾਲੇ ਕਰ ਦਿੱਤਾ ਗਿਆ ਸੀ। ਐਫਐਸਟੀ ਨੇ ਉਨ੍ਹਾਂ ਕੋਲੋਂ ਪੰਜ ਲੱਖ ਰੁਪਏ ਦੀ ਨਕਦੀ ਜ਼ਬਤ ਕੀਤੀ ਹੈ। ਇਹ ਦੋਵੇਂ ਦਿੱਲੀ ਸਰਕਾਰ ਵਿੱਚ ਮਲਟੀ-ਟਾਸਕਿੰਗ ਸਟਾਫ (ਐਮਟੀਐਸ) ਕਰਮਚਾਰੀ ਹਨ। ਹੋਰ ਜਾਂਚ ਕੀਤੀ ਜਾ ਰਹੀ ਸੀ।

# ਅਮਰੀਕੀ ਫੌਜੀ ਮਾਲਵਾਹਕ ਜਹਾਜ਼ ਅੰਮ੍ਰਿਤਸਰ ਹਵਾਈ ਅੱਡੇ 'ਤੇ ਉੱਤਰਿਆ

## ਜਹਾਜ਼ ਵਿਚ 205 ਭਾਰਤੀ ਸਵਾਰ; ਇਮੀਗ੍ਰੇਸ਼ਨ ਵਿਭਾਗ, ਖੁਫੀਆ ਤੰਤਰ ਵਿਭਾਗ, ਹਵਾਈ ਅੱਡਾ ਪ੍ਰਬੰਧਕ ਤੇ ਪੁਲਿਸ ਪ੍ਰਸ਼ਾਸਨ ਸਰਗਰਮ

**ਅੰਮ੍ਰਿਤਸਰ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**




ਅੰਮ੍ਰਿਤਸਰ ਦੇ ਕੌਮਾਂਤਰੀ ਹਵਾਈ ਅੱਡੇ 'ਤੇ ਪੁੱਜਾ ਅਮਰੀਕੀ ਫੌਜੀ ਮਾਲਵਾਹਕ ਜਹਾਜ਼।

ਗੈਰਕਾਨੂੰਨੀ ਭਾਰਤੀ ਪਰਵਾਸੀਆਂ ਨੂੰ ਲੈ ਕੇ ਪੁੱਜਾ ਅਮਰੀਕੀ ਫੌਜੀ ਮਾਲਵਾਹਕ ਜਹਾਜ਼ ਬਾਅਦ ਦੁਪਹਿਰ 1:55 ਵਜੇ ਅੰਮ੍ਰਿਤਸਰ ਦੇ ਕੌਮਾਂਤਰੀ ਹਵਾਈ ਅੱਡੇ 'ਤੇ ਉਤਰ ਗਿਆ ਹੈ। ਜਹਾਜ਼ ਵਿਚ ਕੁੱਲ 205 ਭਾਰਤੀ ਸਵਾਰ ਦੱਸੇ ਜਾਂਦੇ ਹਨ। ਸੂਤਰਾਂ ਮੁਤਾਬਕ ਇਨ੍ਹਾਂ ਵਿਚੋਂ 104 ਜਣਿਆਂ ਨੂੰ ਅੰਮ੍ਰਿਤਸਰ ਵਿਚ ਉਤਾਰੇ ਜਾਣ ਦੀਆਂ ਰਿਪੋਰਟਾਂ ਹਨ। ਇਨ੍ਹਾਂ 104 ਵਿਅਕਤੀਆਂ ਵਿਚ 30 ਪੰਜਾਬ, 33 ਹਰਿਆਣਾ, 33 ਗੁਜਰਾਤ, 2 ਯੂਪੀ, 3 ਮਹਾਰਾਸ਼ਟਰ ਤੇ ਦੋ ਚੰਡੀਗੜ੍ਹ ਨਾਲ ਸਬੰਧਤ ਹਨ।

ਇਨ੍ਹਾਂ ਸਾਰਿਆਂ ਨੂੰ ਟੈਕਸਸ ਦੇ ਸਾਂ ਐਨਟੋਨੀਓ ਤੋਂ ਸੀ-17 ਜਹਾਜ਼ ਰਾਹੀਂ ਭਾਰਤ ਡਿਪੋਰਟ ਕੀਤਾ ਗਿਆ ਸੀ। ਬਾਕੀ ਬਚਦੇ 101 ਗੈਰਕਾਨੂੰਨੀ ਪਰਵਾਸੀਆਂ ਦੀ ਸ਼ਨਾਖਤ ਨੂੰ ਲੈ ਕੇ ਭੰਬਲਭੂਸਾ ਬਰਕਰਾਰ ਹੈ। ਜਾਣਕਾਰੀ ਅਨੁਸਾਰ ਅੰਮ੍ਰਿਤਸਰ ਵਿਚ ਉਤਾਰੇ ਗਏ 104 ਭਾਰਤੀਆਂ ਦੇ ਪਹਿਲਾਂ ਦਸਤਾਵੇਜ਼ਾਂ ਦੀ ਜਾਂਚ ਕੀਤੀ ਜਾਵੇਗੀ। ਜੇ ਇਨ੍ਹਾਂ ਵਿਚੋਂ ਕਿਸੇ ਦਾ ਅਪਰਾਧਿਕ ਰਿਕਾਰਡ ਮਿਲਦਾ ਹੈ ਤਾਂ ਉਸ ਨੂੰ ਰੋਕ ਕੇ ਬਾਕੀਆਂ ਨੂੰ ਉਨ੍ਹਾਂ ਦੇ ਸਬੰਧਤ ਰਾਜਾਂ ਜਾਂ ਜ਼ਿਲ੍ਹਿਆਂ ਲਈ ਰਵਾਨਾ ਕਰ ਦਿੱਤਾ ਜਾਵੇਗਾ। ਪੰਜਾਬ ਨਾਲ ਸਬੰਧਤ ਪਰਵਾਸੀਆਂ ਨੂੰ ਉਨ੍ਹਾਂ ਦੀ ਮੰਜ਼ਿਲ ਤੱਕ ਭੇਜਣ ਲਈ ਸਬੰਧਤ ਜ਼ਿਲ੍ਹਿਆਂ ਤੋਂ ਵਾਹਨਾਂ ਦਾ ਵਿਸ਼ੇਸ਼ ਤੌਰ 'ਤੇ ਪ੍ਰਬੰਧ ਕੀਤਾ ਗਿਆ ਹੈ। ਡਿਪੋਰਟ ਕੀਤੇ 30 ਪੰਜਾਬੀ ਹੇਠ ਲਿਖੇ ਜ਼ਿਲ੍ਹਿਆਂ ਨਾਲ ਸਬੰਧਤ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਲੇ ਹਫ਼ਤੇ ਵਾਸ਼ਿੰਗਟਨ ਫੇਰੀ ਤੋਂ ਪਹਿਲਾਂ ਅਮਰੀਕਾ ਵੱਲੋਂ ਡਿਪੋਰਟ ਕੀਤਾ ਗੈਰਕਾਨੂੰਨੀ ਭਾਰਤੀ ਪਰਵਾਸੀਆਂ ਦਾ ਇਹ ਪਹਿਲਾ ਬੈਚ ਹੈ। ਚੇਤੇ ਰਹੇ ਕਿ ਭਾਰਤ ਦੇ ਵਿਦੇਸ਼ ਮੰਤਰੀ ਐਸ.ਜੈਸ਼ੰਕਰ ਨੇ ਪਿਛਲੇ ਹਫ਼ਤੇ ਕਿਹਾ ਸੀ ਕਿ ਨਵੀਂ ਦਿੱਲੀ ਅਮਰੀਕਾ ਸਣੇ ਹੋਰਨਾਂ ਮੁਲਕਾਂ ਵਿਚ ਗੈਰਕਾਨੂੰਨੀ ਤਰੀਕੇ ਨਾਲ ਰਹਿ ਰਹੇ ਭਾਰਤੀ ਨਾਗਰਿਕਾਂ ਨੂੰ ਵਾਪਸ ਭੇਜਣ ਦੇ ਵਿਚਾਰ ਦੀ ਵਕਾਲਤ ਕਰਦਾ ਹੈ। ਇਕ ਅੰਦਾਜ਼ੇ ਮੁਤਾਬਕ ਅਮਰੀਕਾ ਵਿਚ 7.25 ਲੱਖ ਗੈਰਕਾਨੂੰਨੀ ਭਾਰਤੀ ਪਰਵਾਸੀ ਰਹਿ ਰਹੇ ਹਨ। ਅਮਰੀਕਾ ਵਿਚ ਜਿਨ੍ਹਾਂ ਭਾਰਤੀਆਂ ਦੇ ਸਿਰ 'ਤੇ ਡਿਪੋਰਟੇਸ਼ਨ ਦੀ ਤਲਵਾਰ ਲਟਕ ਰਹੀ ਹੈ, ਉਨ੍ਹਾਂ ਵਿਚੋਂ ਬਹੁਤੇ 'ਡੰਕੀ ਰੂਟ' ਰਾਹੀਂ ਜਾਂ ਗੈਰਕਾਨੂੰਨੀ ਤਰੀਕੇ ਨਾਲ ਲੱਖਾਂ ਰੁਪਏ ਖਰਚ ਕੇ ਅਮਰੀਕਾ ਦਾਖ਼ਲ ਹੋਏ ਸਨ।ਜਾਣਕਾਰੀ ਅਨੁਸਾਰ ਹਵਾਈ ਜਹਾਜ਼ ਵਿਚ 200 ਤੋਂ ਵੱਧ ਭਾਰਤੀ ਸਵਾਰ ਹਨ। ਇਨ੍ਹਾਂ ਵਿਚ ਪੰਜਾਬ ਸਮੇਤ ਵੱਖ-ਵੱਖ ਸੂਬਿਆਂ ਦੇ ਅਜਿਹੇ ਭਾਰਤੀ ਸ਼ਾਮਿਲ ਹਨ ਜੋ ਅਮਰੀਕਾ ਵਿੱਚ ਗੈਰ ਕਾਨੂੰਨੀ ਢੰਗ ਨਾਲ ਰਹਿ ਰਹੇ ਸਨ ਜਾਂ ਉੱਥੇ ਗੈਰ ਕਾਨੂੰਨੀ ਢੰਗ ਨਾਲ ਪੁੱਜੇ ਸਨ ਅਤੇ ਉਨ੍ਹਾਂ ਕੋਲ ਲੋੜੀਦੇ ਦਸਤਾਵੇਜ਼ ਨਹੀਂ ਸਨ। ਇਨ੍ਹਾਂ ਦੀ ਆਮਦ ਨੂੰ ਲੈ ਕੇ ਇੱਥੇ ਪ੍ਰਸ਼ਾਸਨ ਵੱਲੋਂ ਢੁਕਵੇਂ ਪ੍ਰਬੰਧ ਕੀਤੇ ਗਏ ਹਨ। ਇਮੀਗ੍ਰੇਸ਼ਨ ਵਿਭਾਗ ,ਖੁਫੀਆ ਤੰਤਰ ਵਿਭਾਗ ,ਹਵਾਈ ਅੱਡਾ ਪ੍ਰਬੰਧਕ ਪੁਲੀਸ ਪ੍ਰਸ਼ਾਸਨ ਅੱਜ ਸਾਰੇ ਹੀ ਸਰਗਰਮ ਹਨ। ਅਮਰੀਕੀ ਹਵਾਈ ਜਹਾਜ਼ ਦੇ ਇੱਥੇ ਪਹੁੰਚਣ ਮਗਰੋਂ ਵਾਪਸ ਭੇਜੇ ਗਏ ਭਾਰਤੀਆਂ ਦੀ ਦਸਤਾਵੇਜ਼ਾਂ ਦੀ ਜਾਂਚ ਹੋਵੇਗੀ, ਸ਼ਨਾਖਤ ਦੀ ਜਾਂਚ ਹੋਵੇਗੀ ਅਤੇ ਇਨ੍ਹਾਂ ਵਿੱਚੋਂ ਅਪਰਾਧਕ ਪਿਛੋਕੜ ਵਾਲੇ ਵਿਅਕਤੀ ਦੀ ਵੀ ਸ਼ਨਾਖਤ ਕੀਤੀ ਜਾਵੇਗੀ। ਇਮੀਗ੍ਰੇਸ਼ਨ ਵਿਭਾਗ ਵੱਲੋਂ ਆਪਣੀ ਦਸਤਾਵੇਜ਼ੀ ਕਾਰਵਾਈ ਮੁਕੰਮਲ ਕਰਨ ਤੋਂ ਬਾਅਦ ਇਨ੍ਹਾਂ ਨੂੰ ਅਗਲੇਰੀ ਕਾਰਵਾਈ ਵਾਸਤੇ ਸਥਾਨਕ ਪੁਲੀਸ ਪ੍ਰਸ਼ਾਸਨ ਕੋਲ ਸੌਂਪਿਆ ਜਾਵੇਗਾ ਅਤੇ ਪੁਲੀਸ ਵੱਲੋਂ ਇਨ੍ਹਾਂ ਦੀ ਜਾਂਚ ਸਬੰਧੀ ਕਾਰਜ ਨੂੰ ਮੁਕੰਮਲ ਕਰਨ ਤੋਂ ਬਾਅਦ ਵੱਖ-ਵੱਖ ਸੂਬਿਆਂ ਲਈ ਭੇਜਿਆ ਜਾਵੇਗਾ।ਜਾਣਕਾਰੀ ਮੁਤਾਬਕ ਪੁਲੀਸ ਪ੍ਰਸ਼ਾਸਨ ਵੱਲੋਂ ਕੁਝ ਅਜਿਹੇ ਲੁੜੀਂਦੇ ਅਪਰਾਧਕ ਪਿਛੋਕੜ ਵਾਲੇ ਵਿਅਕਤੀਆਂ ਦੀ ਸੂਚੀ ਵੀ ਤਿਆਰ ਕੀਤੀ ਗਈ ਹੈ ਜੋ ਵਿਦੇਸ਼ਾਂ ਵਿੱਚ ਸਨ ਅਤੇ ਇਨ੍ਹਾਂ ਡਿਪੋਰਟ ਕੀਤੇ ਵਿਅਕਤੀਆਂ ਵਿੱਚ ਸ਼ਾਮਲ ਹੋ ਸਕਦੇ ਹਨ।

# ਟਰੰਪ ਦੇ ਖ਼ਿਲਾਫ਼ ਵਿਰੋਧ ਕਰਨ ਲਈ ਅੰਦੋਲਨ ਸ਼ੁਰੂ ਕਰਨ ਦੀ ਯੋਜਨਾ

**ਵਾਸ਼ਿੰਗਟਨ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਪ੍ਰਸ਼ਾਸਨ ਦੀਆਂ ਸ਼ੁਰੂਆਤੀ ਕਾਰਵਾਈਆਂ ਦਾ ਵਿਰੋਧ ਕਰਨ ਲਈ ਇੱਕ ਅੰਦੋਲਨ ਆਨਲਾਈਨ ਸ਼ੁਰੂ ਹੋ ਰਿਹਾ ਹੈ, ਜਿਸ ਤਹਿਤ ਬੁੱਧਵਾਰ ਨੂੰ ਪੂਰੇ ਅਮਰੀਕਾ ਵਿੱਚ ਵਿਰੋਧ ਪ੍ਰਦਰਸ਼ਨ ਕਰਨ ਦੀ ਯੋਜਨਾ ਹੈ। ਅੰਦੋਲਨ ਅਤੇ ਹੈਸ਼ਟੈਗ ਦੇ ਤਹਿਤ ਆਯੋਜਿਤ ਕੀਤਾ ਗਿਆ ਹੈ, ਜਿਸਦਾ ਅਰਥ ਹੈ 50 ਵਿਰੋਧ ਪ੍ਰਦਰਸ਼ਨ, 50 ਸੂਬੇ, ਇੱਕ ਦਿਨ। ਜ਼ਿਆਦਾਤਰ ਵਿਰੋਧ ਪ੍ਰਦਰਸ਼ਨ ਰਾਜਧਾਨੀਆਂ ਵਿੱਚ ਕੀਤੇ ਜਾਣ ਦੀ ਯੋਜਨਾ ਹੈ। ਅੰਦੋਲਨ ਦੀਆਂ ਸੋਸ਼ਲ ਮੀਡੀਆ 'ਤੇ ਵੈੱਬਸਾਈਟਾਂ ਅਤੇ ਖਾਤੇ ਮੌਜੂਦ ਹਨ। ਆਨਲਾਈਨ ਡਿਕਰੀ ਪ੍ਰੋਜੈਕਟ 2025 ਨੂੰ ਪ੍ਰਸਾਰਿਤ ਕਰਨ ਵਾਲੇ ਪਰਚੇ ਫਾਸ਼ੀਵਾਦ ਨੂੰ ਰੱਦ ਕਰੋ ਅਤੇ ਸਾਡੇ ਲੋਕਤੰਤਰ ਦੀ ਰੱਖਿਆ ਵਰਗੇ ਸੰਦੇਸ਼ ਸ਼ਾਮਲ ਕਰਦੇ ਹਨ। ਮਿਸ਼ੀਗਨ ਦੇ ਕੈਪੀਟਲ ਇੱਕ ਯੋਜਨਾਬੱਧ ਕਾਰਵਾਈ ਦੇ ਆਯੋਜਕਾਂ ਵੱਲੋਂ ਬੁੱਧਵਾਰ ਇਕ ਇਕੱਠ ਕਰਦਿਆਂ ਪੋਸਟਰ ਬੋਰਡਾਂ ਨੂੰ ਸੁਨੇਹੇ ਲਿਖਣ ਲਈ ਫੈਲਾਇਆ ਜਾ ਰਿਹਾ ਸੀ ਜਿਸ ਵਿੱਚ ਲਿਖਿਆ ਸੀ ਕੋਈ ਦੇਸ਼ ਨਿਕਾਲਾ ਨਹੀਂ! ਅਤੇ ਵਰਕਰ ਇੱਕਜੁੱਟ ਹੋਵੋ !!

ਟਰੰਪ ਨੇ ਆਪਣੇ ਨਵੇਂ ਕਾਰਜਕਾਲ ਦੇ ਪਹਿਲੇ ਦੋ ਹਫ਼ਤਿਆਂ ਵਿੱਚ ਵਪਾਰ ਅਤੇ ਇਮੀਗ੍ਰੇਸ਼ਨ ਤੋਂ ਲੈ ਕੇ ਜਲਵਾਯੂ ਤਬਦੀਲੀ ਤੱਕ ਹਰ ਚੀਜ਼ 'ਤੇ ਕਾਰਜਕਾਰੀ ਹੁਕਮਾਂ ਦੀ ਇੱਕ ਲੜੀ 'ਤੇ ਦਸਤਖਤ ਕੀਤੇ ਹਨ। ਜਿਵੇਂ-ਜਿਵੇਂ ਡੈਮੋਕਰੇਟਸ ਨੇ ਟਰੰਪ ਦੇ ਏਜੰਡੇ ਦੇ ਵਿਰੋਧ ਵਿਚ ਆਵਾਜ਼ ਉਠਾਉਣੀ ਸ਼ੁਰੂ ਕੀਤੀ ਹੈ, ਵਿਰੋਧ ਪ੍ਰਦਰਸ਼ਨ ਵੀ ਸ਼ੁਰੂ ਹੋ ਗਏ ਹਨ। ਐਤਵਾਰ ਨੂੰ ਹਜ਼ਾਰਾਂ ਲੋਕਾਂ ਨੇ ਦੱਖਣੀ ਕੈਲੀਫੋਰਨੀਆ ਵਿੱਚ ਵੱਡੇ ਪੱਧਰ 'ਤੇ ਦੇਸ਼ ਨਿਕਾਲੇ ਲਈ ਟਰੰਪ ਦੀ ਯੋਜਨਾ ਦੇ ਵਿਰੁੱਧ ਮਾਰਚ ਕੀਤਾ, ਜਿਸ ਵਿੱਚ ਡਾਊਨਟਾਊਨ ਲਾਸ ਏਂਜਲਸ ਵੀ ਸ਼ਾਮਲ ਹੈ।

# ਦੇਸ਼ ਦੀਆਂ ਜੇਲ੍ਹਾਂ ਵਿੱਚ ਬੰਦ ਔਰਤਾਂ ਦੇ ਜੀਵਨ ਪੱਧਰ 'ਚ ਸੁਧਾਰ ਲਈ ਕੌਮੀ ਮਹਿਲਾ ਕਮਿਸ਼ਨ ਵਚਨਬੱਧ : ਡਾ. ਮਨਮੋਹਨ ਸ਼ਰਮਾ

**ਪਟਿਆਲਾ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰੀ ਮਹਿਲਾ ਕਮਿਸ਼ਨ, ਨਵੀਂ ਦਿੱਲੀ ਵੱਲੋਂ ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ਼ ਲਾਅ, ਪੰਜਾਬ ਦੇ ਸਹਿਯੋਗ ਨਾਲ ਭਾਰਤ ਦੇ ਉੱਤਰ-ਪੱਛਮੀ ਖੇਤਰ ਲਈ 'ਜੇਲ੍ਹਾਂ 'ਚ ਬੰਦੀ ਔਰਤਾਂ ਨਾਲ ਸਬੰਧਤ ਕਾਨੂੰਨ' ਬਾਰੇ ਇੱਕ ਕਾਨੂੰਨ ਸਲਾਹ ਪ੍ਰੋਗਰਾਮ ਕਰਵਾਇਆ ਗਿਆ।

ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਕੌਮੀ ਮਹਿਲਾ ਕਮਿਸ਼ਨ ਦੇ ਕਾਨੂੰਨ ਅਫ਼ਸਰ ਡਾ. ਮਨਮੋਹਨ ਸ਼ਰਮਾ ਨੇ ਕਿਹਾ ਕਿ ਕੌਮੀ ਮਹਿਲਾ ਕਮਿਸ਼ਨ ਇਸ ਗੱਲੋਂ ਵਚਨਬੱਧ ਹੈ ਕਿ ਦੇਸ਼ ਦੀਆਂ ਜੇਲ੍ਹਾਂ ਵਿੱਚ ਬੰਦ ਮਹਿਲਾਵਾਂ ਦੇ ਜੀਵਨ ਪੱਧਰ ਨੂੰ ਉਚਾ ਚੁੱਕਣ ਤੇ ਉਨ੍ਹਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਲਿਆਂਦਾ ਜਾਵੇ ਤਾਂ ਕਿ ਉਹ ਰਿਹਾਅ ਹੋ ਕੇ ਸਮਾਜ ਦੀ ਮੁੱਖ ਧਾਰਾ ਵਿੱਚ ਸਨਮਾਨਯੋਗ ਢੰਗ ਨਾਲ ਵਿਚਰਨ ਦੇ ਯੋਗ ਹੋ ਸਕਣ।

ਉਨ੍ਹਾਂ ਕਿਹਾ ਕਿ ਇਸੇ ਲਈ ਕਮਿਸ਼ਨ ਨੇ ਖੋਜ, ਅਕਾਦਮਿਕ ਅਤੇ ਕਾਨੂੰਨੀ ਸੋਧਾਂ ਦੇ ਮਾਮਲੇ ਵਿੱਚ 'ਸੰਸਥਾਗਤ ਸਹਿਯੋਗ' ਲਈ ਅਜਿਹੇ ਪ੍ਰੋਗਰਾਮ ਉਲੀਕੇ ਗਏ ਹਨ, ਜਿਸ ਨਾਲ ਵੱਖ-ਵੱਖ ਰਾਜਾਂ ਵਿੱਚ ਮਹਿਲਾ ਕੈਦੀਆਂ ਨਾਲ ਸਬੰਧਤ ਕਾਨੂੰਨਾਂ ਵਿੱਚ ਭਾਰੀ ਅਤੇ ਬਹੁਤ ਹੀ ਕਾਰਜਸ਼ੀਲ ਸੁਧਾਰ ਹੋ ਸਕਦੇ ਹਨ।

ਉਦਘਾਟਨੀ ਸਮਾਰੋਹ ਵਿੱਚ ਕਾਨੂੰਨ ਸਲਾਹ ਪ੍ਰੋਗਰਾਮ ਦੀ ਕਨਵੀਨਰ ਡਾ. ਜਸਲੀਨ ਕੇਵਲਾਨੀ ਦੁਆਰਾ ਸੰਪਾਦਿਤ 'ਤਕਨਾਲੋਜੀ, ਮੀਡੀਆ ਅਤੇ 'ਯੂਥ': ਐਕਸਪਲੋਰਿੰਗ ਦ ਕੰਟੈਕਸਟ ਆਫ ਸਸਟੇਨੇਬਲ ਡਿਵੈਲਪਮੈਂਟ ਐਂਡ ਗ੍ਰੋਥ' ਨਾਮਕ ਇੱਕ ਕਿਤਾਬ ਵੀ ਜਾਰੀ ਕੀਤੀ ਗਈ। ਡਾ. ਜਸਲੀਨ ਕੇਵਲਾਨੀ ਨੇ ਕਿਹਾ ਕਿ ਇਹ ਸਮਾਗਮ ਇਤਿਹਾਸਕ ਹੋ ਨਿਬੜਿਆ ਹੈ, ਕਿਉਂਜੋ ਇਸ ਵਿੱਚ ਜੇਲ੍ਹਾਂ ਵਿੱਚ ਬੰਦ ਔਰਤਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਲਿਆਉਣ ਲਈ ਨਿੱਠ ਕੇ ਚਰਚਾ ਕੀਤੀ ਗਈ ਹੈ, ਜੋ ਕਿ ਮੌਜੂਦਾ ਕਾਨੂੰਨਾਂ ਵਿੱਚ ਪ੍ਰਭਾਵਸ਼ਾਲੀ ਸੁਧਾਰ ਕਰਨ ਅਤੇ ਨੀਤੀ ਨਿਰਮਾਣ ਅਤੇ ਕਾਰਜਸ਼ੀਲ ਸੋਧਾਂ ਵੱਲ ਲੈ ਜਾਵੇਗੀ।

ਪ੍ਰੋਗਰਾਮ ਮੌਕੇ ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ਼ ਲਾਅ ਦੇ ਡੀਨ ਅਕਾਦਮਿਕ ਪ੍ਰੋ. ਨਰੇਸ਼ ਵਤਸ ਨੇ ਧੰਨਵਾਦ ਕਰਦਿਆਂ ਦੱਸਿਆ ਕਿ ਸਲਾਹ-ਮਸ਼ਵਰਾ ਪ੍ਰੋਗਰਾਮ ਨੇ ਚਾਰ ਅਕਾਦਮਿਕ ਸੈਸ਼ਨਾਂ ਵਿੱਚ ਮਾਹਿਰਾਂ ਦੁਆਰਾ ਵਿਚਾਰ-ਵਟਾਂਦਰੇ ਨੂੰ ਰਿਕਾਰਡ ਕੀਤਾ ਗਿਆ ਅਤੇ ਇਸ ਦੌਰਾਨ ਦਿੱਤੀਆਂ ਗਈਆਂ ਸਿਫ਼ਾਰਸ਼ਾਂ ਨੂੰ ਖੋਜ ਟੀਮ ਨੇ ਰਿਕਾਰਡ ਕੀਤਾ, ਜਿਸ ਨੂੰ ਕੌਮੀ ਮਹਿਲਾ ਕਮਿਸ਼ਨ ਨੂੰ ਭੇਜਿਆ ਜਾਵੇਗਾ ਅਤੇ ਇਸ ਦੁਆਰਾ ਜੇਲਾਂ ਵਿੱਚ ਬੰਦ ਮਹਿਲਾਵਾਂ ਦੇ ਜੀਵਨ ਵਿੱਚ ਸੁਧਾਰ ਹਿਤ ਮੌਜੂਦਾ ਕਾਨੂੰਨਾਂ ਵਿੱਚ ਹੋਰ ਸੁਧਾਰ ਲਿਆਉਣ ਵੱਲ ਕਦਮ ਵਧਾਏ ਜਾਣਗੇ।

ਇਸ ਪ੍ਰੋਗਰਾਮ ਮੌਕੇ ਪੰਜਾਬ, ਹਿਮਾਚਲ ਪ੍ਰਦੇਸ਼, ਉਤਰਾਖੰਡ, ਲੱਦਾਖ ਅਤੇ ਜੰਮੂ ਅਤੇ ਕਸ਼ਮੀਰ 'ਤੇ ਧਿਆਨ ਕੇਂਦਰਿਤ ਕਰਦੇ ਹੋਏ ਨਿਆਂਪਾਲਿਕਾ, ਪੁਲਿਸ ਅਤੇ ਜੇਲ੍ਹ ਪ੍ਰਸ਼ਾਸਨ, ਕਾਨੂੰਨੀ ਸਹਾਇਤਾ, ਕਾਨੂੰਨੀ ਅਤੇ ਵਿਦਿਅਕ ਸੰਸਥਾਵਾਂ, ਮੈਡੀਸਿਨ, ਖੇਡਾਂ, ਬਾਲ ਨਿਆਂ ਬੋਰਡਾਂ ਦੇ ਰਿਸੋਰਸ ਪਰਸਨ ਵਜੋਂ ਸਾਬਕਾ ਜੱਜ ਜਸਟਿਸ ਪਰਮਜੀਤ ਸਿੰਘ ਧਾਲੀਵਾਲ ਹਾਜਰ ਸਨ।

# ਬਿਜਲੀ ਮੰਤਰੀ ਅਨਿਲ ਵਿਜ ਨੇ ਰੋਹਤਕ ਦੇ ਬਿਜਲੀ ਸ਼ਿਕਾਇਤ ਕੇਂਦਰ ਵਿਚ ਮਾਰਿਆ ਛਾਪਾ



**ਚੰਡੀਗੜ੍ਹ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਬਿਜਲੀ ਮੰਤਰੀ ਸ੍ਰੀ ਅਨਿਲ ਵਿਜ ਨੇ ਰੋਹਤਕ ਸ਼ਹਿਰ ਵਿਚ ਬਿਜਲੀ ਨਿਗਮ ਦੇ ਮੁੱਖ ਦਫਤਰ ਵਿਚ ਸਥਿਤ ਸ਼ਿਕਾਇਤ ਕੇਂਦਰ 'ਤੇ ਛਾਪਾ ਮਾਰਿਆ ਅਤੇ ਇੱਥੇ ਸ਼ਿਕਾਇਤਾਂ ਦਾ ਨਿਪਟਾਰਾ ਕੀਤੇ ਜਾਣ ਦੀ ਕਾਰਵਾਈ ਦੀ ਜਾਂਚ ਕੀਤੀ। ਇਸ ਦੌਰਾਨ ਬਿਜਲੀ ਮੰਤਰੀ ਨੇ ਬਿਜਲੀ ਨਿਗਮ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਨਿਰਧਾਰਿਤ ਸਮੇਂ ਵਿਚ ਖਪਤਕਾਰਾਂ ਦੀ ਸ਼ਿਕਾਇਤਾਂ ਦਾ ਹੱਲ ਹੋਣਾ ਚਾਹੀਦਾ ਹੈ।

ਬਿਜਲੀ ਮੰਤਰੀ ਰੋਹਤਕ ਸਥਿਤ ਉੱਤਰ ਹਰਿਆਣਾ ਬਿਜਲੀ ਵੰਡ ਨਿਗਮ ਦੇ ਦਫਤਰ ਵਿਚ ਬਿਜਲੀ ਸ਼ਿਕਾਇਤ ਕੇਂਦਰ ਵਿਚ ਪਹੁੰਚੇ। ਇੱਥੇ ਉਨ੍ਹਾਂ ਨੇ ਬਿਜਲੀ ਨਿਗਮ ਅਧਿਕਾਰੀਆਂ ਦੇ ਸਾਹਮਣੇ ਹੀ ਖਪਤਕਾਰਾਂ ਨਾਲ ਗੱਲ ਕੀਤੀ ਅਤੇ ਉਨ੍ਹਾਂ ਦੀ ਸ਼ਿਕਾਇਤਾਂ 'ਤੇ ਕੀਤੀ ਗਈ ਕਾਰਵਾਈ ਦੀ ਜਾਣਕਾਰੀ ਲਈ। ਇਸ ਦੌਰਾਨ ਉਨ੍ਹਾਂ ਨੇ ਇੱਕ ਸ਼ਿਕਾਇਤਕਰਤਾ ਦੀ ਸ਼ਿਕਾਇਤ 'ਤੇ 24 ਘੰਟੇ ਲੰਘਣ ਦੇ ਬਾਅਦ ਵੀ ਹੱਲ ਨਹੀਂ ਹੋਣ 'ਤੇ ਐਸਈ ਨੂੰ ਜਾਂਚ ਕਰ ਸਬੰਧਿਤ ਸਟਾਫ ਦੇ ਖਿਲਾਫ ਕਾਰਵਾਈ ਦੇ ਨਿਰਦੇਸ਼ ਦਿੱਤੇ।

ਉਨ੍ਹਾਂ ਨੇ ਨਿਗਮ ਐਸਈ ਨੂੰ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ੧ ਸ਼ਿਕਾਇਤਾਂ 4 ਘੰਟੇ ਤੋਂ ਵੱਧ ਤੱਕ ਹੱਲ ਨਹੀਂ ਹੋਈਆਂ ਹਨ, ਉਨ੍ਹਾਂ ਦੀ ਜਾਂਚ ਕਰਦੇ ਹੋਏ ਸਬੰਧਿਤ ਸਟਾਫ ਤੋਂ ਸਪਸ਼ਟੀਕਰਣ ਲਿਆ ਜਾਵੇ ਅਤੇ ਰਿਪੋਰਟ ਉਨ੍ਹਾਂ ਦੇ ਕੋਲ ਭੇਜੀ ਜਾਵੇ।

ਇਸ ਤੋਂ ਇਲਾਵਾ, ਨਿਰਦੇਸ਼ ਦਿੱਤੇ ਕਿ ਬਿਜਲੀ ਦੇ ਪੋਲ ਕਿਤੇ ਵੀ ਨਾਲੇ, ਨਾਲੀਆਂ ਅਤੇ ਰਸਤਿਆਂ ਦੇ ਵਿਚ ਨਹੀਂ ਹੋਣੇ ਚਾਹੀਦੇ ਹਨ। ਜੇਕਰ ਕਿਤੇ ਇਸ ਤਰ੍ਹਾ ਨਾਲ ਕੋਈ ਪੋਲ ਹਨ ਉਨ੍ਹਾਂ ਨੂੰ ਤੁਰੰਤ ਪ੍ਰਭਾਵ ਨਾਲ ਹਟਾ ਕੇ ਸਹੀ ਥਾਂ 'ਤੇ ਲਗਾਏ ਜਾਣ। ਖਪਤਕਾਰ ਨੂੰ ਕਿਸੇ ਤਰ੍ਹਾ ਦੀ ਪਰੇਸ਼ਾਨੀ ਨਹੀਂ ਹੋਣੀ ਚਾਹੀਦੀ ਹੈ।

# ਦਿੱਲੀ ਦੇ ਲੋਕਾਂ ਵਿਚ ਮੋਦੀ ਜੀ ਨੂੰ ਲੈ ਕੇ ਉਤਸਾਹ, ਅੱਠ ਨੂੰ ਜਰੂਰ ਖਿਲੇਗਾ ਕਮਲ : ਨਾਇਬ ਸਿੰਘ ਸੈਣੀ

**ਨਵੀਂ ਦਿੱਲੀ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਵਿਧਾਨਸਭਾ ਚੋਣ ਲਈ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਸਟਾਰ ਪ੍ਰਸਾਸ਼ਕ ਵਜੋ ਲਗਾਤਾਰ ਜਨਸਭਾਵਾਂ ਨੂੰ ਸੰਬੋਧਿਤ ਕਰ ਰਹੇ ਹਨ। ਮੁੱਖ ਮੰਤਰੀ ਨੇ ਐਤਵਾਰ ਨੂੰ ਦਿੱਲੀ ਦੇ ਮੁਡਕਾ ਤੋਂ ਭਾਜਪਾ ਉਮੀਦਵਾਰ ਗਰੇਂਜਰ ਦਰਾਲ ਦੇ ਸਮਰਥਨ ਵਿਚ ਰਾਣੀਖੇੜਾ ਅਤੇ ਸੁਲਤਾਨਪੁਰ ਮਾਜਰਾ ਤੋਂ ਕਰਮ ਸਿੰਘ ਕਰਮਾ ਦੇ ਲਈ ਸੁਲਤਾਨਪੁਰੀ ਵਿਚ ਦੋ ਜਨਸਭਾਵਾਂ ਨੂੰ ਸੰਬੋਧਿਤ ਕੀਤਾ। ਦੋਵਾਂ ਹੀ ਜਨਸਭਾਵਾਂ ਵਿਚ ਹਰਿਆਣਾ ਦੇ ਮੁੱਖ ਮੰਤਰੀ ਨੂੰ ਸੁਨਣ ਲਈ ਵੱਡੀ ਗਿਣਤੀ ਵਿਚ ਜਨਸਮੂਹ ਉਮੜਿਆ।



ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਜਨਸਭਾਵਾਂ ਵਿਚ ਲੋਕਾਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਆਉਣ ਵਾਲੇ 6 ਫਰਵਰੀ ਨੂੰ ਅਸੀਂ ਦਿੱਲੀ ਦੇ ਭਾਗ ਦਾ ਫੈਸਲਾ ਕਰਨਾ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਇਸ ਘੱਟ ਸਮੇਂ ਦੇ ਅੰਦਰ ਅਸੀਂ ਵੱਧ ਕੰਮ ਕਰਨਾ ਹੈ। ਮੈਂ ਪਿਛਲੇ 15 ਦਿਨਾਂ ਤੋਂ ਦਿੱਲੀ ਦੇ ਵੱਖ-ਵੱਖ ਖੇਤਰਾਂ ਵਿਚ ਹਾਂ, ਦਿੱਲੀ ਦੇ ਲੋਕਾਂ ਵਿਚ ਜੋ ਉਤਸਾਹ ਹੈ ਉਸ ਨੂੰ ਦੇਖਦੇ ਹੋਏ ਸਪਸ਼ਟ ਹੈ ਕਿ ਅੱਠ ਫਰਵਰੀ ਨੂੰ ਦਿੱਲੀ ਵਿਚ ਕਮਲ ਖਿਲੇਗਾ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਨੀਤੀਆਂ ਨੂੰ ਹਰਿਆਣਾ ਦੀ ਤਰਜ 'ਤੇ ਦਿੱਲੀ ਵਿਚ ਵੀ ਲਾਗੂ ਕੀਤਾ ਜਾਵੇਗਾ, ਜਿਸ ਨਾਲ ਜਨਮਾਨਸ ਦੇ ਜੀਵਨ ਵਿਚ ਵੱਡਾ ਬਦਲਾਅ ਦੇਖਣ ਨੂੰ ਮਿਲੇਗਾ।

**ਦੱਸ ਸਾਲ ਵਿਚ ਕੇਜਰੀਵਾਲ ਵਿਚ ਕੀਤਾ ਹਰ ਵਰਗ ਨੂੰ ਪ੍ਰੋਤਸਾਹਿਤ**

ਸ੍ਰੀ ਨਾਇਬ ਸਿੰਘ ਸੈਣੀ ਨੈ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 'ਤੇ ਸਿੱਧਾ ਹਮਲਾ ਕਰਦੇ ਹੋਏ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦਿੱਲੀ ਲਈ ਆਪਦਾ ਬਣ ਚੁੱਕੀ ਹੈ। ਅਰਵਿੰਦ ਕੇਜਰੀਵਾਲ ਨੇ 10 ਸਾਲਾਂ ਤੱਕ ਦਿੱਲੀ ਦੇ ਹਰ ਵਰਗ ਦੇ ਲੋਕਾਂ ਨੂੰ ਪ੍ਰਤਾੜਿਤ ਕਰਨ ਦਾ ਕੰਮ ਕੀਤਾ ਹੈ। ਕੇਜਰੀਵਾਲ ਨੇ ਜਨਤਾ ਨੂੰ ਝੂਠ ਬੋਲਣ ਤੋਂ ਇਲਾਵਾ ਕੁੱਝ ਨਹੀਂ ਕੀਤਾ। ਕੇਜਰੀਵਾਲ ਨੈ ਦਿੱਲੀ ਨੂੰ ਸਾਫ ਪਾਣੀ ਦੇਣ ਦਾ ਵਾਦਾ ਕੀਤਾ ਸੀ, ਉਨ੍ਹਾਂ ਨੇ ਤਾਂ ਯਮੁਨਾ ਨੂੰ ਸਾਫ ਕਰਨ ਦੀ ਗੱਲ ਕਹੀ ਸੀ, ਪਰ 2025 ਆ ਗਿਆ ਅਤੇ ਯਮੁਨਾ ਦੀ ਹਾਲਤ ਉਸ ਤੋਂ ਵੀ ਬੁਰੀ ਹੋ ਗਈ ਹੈ।

**ਝੂਠ ਦੀ ਪੋਲ ਖੋਲਣ ਦੇ ਲਈ ਮੈਂ ਖੁਦ ਪਿੱਤਾ ਯਮੁਨਾ ਦਾ ਪਾਣੀ**

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਯਮੁਨਾ ਦੇ ਪਾਣੀ ਨੂੰ ਲੈ ਕੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ 'ਤੇ ਤੰਜ ਕੱਸਦੇ ਹੋਏ ਕਿਹਾ ਕਿ ਅਰਵਿੰਦ ਕੇਜਰੀਵਾਲ ਝੂਠ ਬੋਲ ਕੇ ਆਪਣੇ ਫਾਇਦੇ ਲਈ ਕੁੱਝ ਵੀ ਕਰ ਸਕਦਾ ਹੈ।

ਮੈਂ ਯਮੁਨਾ ਦੇ ਪੱਲਾ ਪਿੰਡ ਸਥਿਤ ਘਾਟ 'ਤੇ ਗਿਆ ਅਤੇ ਉੱਥੇ ਜਾ ਮੈਂ ਖੁਦ ਯਮੁਨਾ ਦਾ ਪਾਣੀ ਪਿੱਤਾ ਤਾਂ ਜੋ ਲੋਕਾਂ ਦਾ ਡਰ ਨਿਕਲ ਜਾਵੇ। ਮੈਂ ਉੱਥੋਂ ਪਾਣੀ ਲੈ ਕੇ ਆਇਆ ਹਾਂ, ਜਿੱਥੋਂ ਹਰਿਆਣਾ ਦਿੱਲੀ ਨੂੰ ਪਾਣੀ ਦਿੰਦਾ ਹੈ ਅਤੇ ਜਿੱਥੋਂ ਕੇਜਰੀਵਾਲ ਦਿੱਲੀ ਨੂੰ ਪਾਣੀ ਦੇ ਰਿਹਾ ਹੈ, ਮੈਂ ਉਸ ਸਥਾਨ ਦੇ ਉੱਪਰ ਗਿਆ ਉੱਥੋਂ ਪਾਣੀ ਭਰਿਆ ਅਤੇ ਦੋਵਾਂ ਪਾਣੀ ਦੇ ਅੰਦਰ ਜਮੀਨ ਆਸਮਾਨ ਦਾ ਅੰਦਰ ਹੈ।

# ਚਾਇਲਡ ਡੈਥ ਰਿਵਿਊ ਸਬੰਧੀ ਹੋਈ ਅਹਿਮ ਮੀਟਿੰਗ



**ਤਰਨ ਤਾਰਨ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲਾ ਤਰਨ ਤਾਰਨ ਤੇ ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਜੀ ਵੱਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਹੋਇਆ ਜਿਲਾ ਟੀਕਾਕਰਨ ਅਫ਼ਸਰ, ਡਾਕਟਰ ਵਰਿੰਦਰਪਾਲ ਕੌਰ ਦੀ ਅਗਵਾਈ ਹੇਠ ਸ਼ੁਕਰਵਾਰ ਨੂੰ ਬਲਾਕ ਨਾਲ ਸੰਬੰਧਿਤ ਮਲਟੀਪਰਪਜ ਹੈਲਥ ਸੁਪਰਵਾਈਜ਼ਰ (ਫੀਮੇਲ) ਅਤੇ ਮਲਟੀਪਰਪਜ ਹੈਲਥ ਵਰਕਰ (ਫੀਮੇਲ) ਦੀ ਚਾਇਲਡ ਡੈਥ ਰਿਵਿਊ (ਸੀ.ਡੀ.ਆਰ) ਸਬੰਧੀ ਅਹਿਮ ਮੀਟਿੰਗ ਹੋਈ।

ਇਸ ਮੌਕੇ ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਨੇ ਦੱਸਿਆ ਕਿ ਸੀ.ਡੀ.ਆਰ ਸਬੰਧੀ ਹੋਈ ਮੀਟਿੰਗ ਦਾ ਮੁੱਖ ਮੰਤਵ ਜ਼ਿਲ੍ਹੇ ਦੇ ਵਿੱਚ ਜਨਮ ਤੋਂ ਬਾਅਦ ਹੋਣ ਵਾਲੀਆਂ ਬੱਚਿਆਂ ਦੀਆਂ ਮੌਤਾਂ ਨੂੰ ਘਟਾਉਣਾ ਹੈ। ਉਨਾਂ ਦੱਸਿਆ ਕਿ ਮੀਟਿੰਗ ਦੌਰਾਨ ਸਿਹਤ ਵਿਭਾਗ ਵੱਲੋਂ ਚਲਾਏ ਜਾ ਰਹੇ ਟੀਕਾਕਰਨ ਪ੍ਰੋਗਰਾਮ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਤਾਂ ਜੋ ਕੋਈ ਵੀ ਬੱਚਾ ਲੁੜਿੰਦਾ ਟੀਕਾ ਕਰਨ ਤੋਂ ਵਾਂਝਾ ਨਾ ਰਹੇ।

ਜ਼ਿਲਾ ਟੀਕਾਕਰਨ ਅਫਸਰ ਡਾਕਟਰ ਵਰਿੰਦਰ ਪਾਲ ਕੌਰ ਨੇ ਦੱਸਿਆ ਕਿ ਵਿਭਾਗ ਵੱਲੋਂ ਹਰ ਮਹੀਨੇ ਸੀਡੀਆਰ ਮੀਟਿੰਗ ਕੀਤੀ ਜਾਂਦੀ ਹੈ ਅਤੇ ਜੇਕਰ ਕਿਸੇ ਵੀ ਬਲਾਕ ਦੇ ਵਿੱਚ ਜਨਮ ਉਪਰੰਤ ਬੱਚੇ ਦੀ ਮੌਤ ਹੁੰਦੀ ਹੈ ਤਾਂ ਉਸ ਬਲਾਕ ਦੇ ਸਬੰਧਿਤ ਸਿਹਤ ਕਰਮੀਆਂ ਨਾਲ ਮੌਤ ਦੇ ਕਾਰਨਾ ਬੱਚੇ ਦੇ ਟੀਕਾ ਕਰਨ ਅਤੇ ਉਸ ਦੀ ਮਾਂ ਦੇ ਟੀਕਾਕਰਨ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਜਾਂਦੀ ਹੈ।

ਡਾਕਟਰ ਵਰਿੰਦਰ ਪਾਲ ਕੌਰ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਹਫਤੇ ਦੇ ਹਰ ਬੁੱਧਵਾਰ ਅਤੇ ਸ਼ਨੀਵਾਰ ਨੂੰ ਵਿਸ਼ੇਸ਼ ਟੀਕਾਕਰਨ ਸੈਸ਼ਨ ਲਗਾ ਕੇ ਨਵ ਜੰਮੇ ਬੱਚਿਆਂ ਅਤੇ ਗਰਭ ਤੇ ਮਹਿਲਾਵਾਂ ਦਾ ਟੀਕਾਕਰਨ ਕੀਤਾ ਜਾਂਦਾ ਹੈ। ਉਹਨਾਂ ਕਿਹਾ ਕਿ ਬੱਚੇ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਦੇ ਲਈ ਟੀਕਾਕਰਨ ਹੋਣਾ ਬਹੁਤ ਹੀ ਲਾਜ਼ਮੀ ਹੈ ਅਤੇ ਵਿਭਾਗ ਵੱਲੋਂ ਚਲਾਇਆ ਜਾ ਰਹੇ ਟੀਕਾਕਰਨ ਪ੍ਰੋਗਰਾਮ ਰਾਹੀਂ ਬੱਚਿਆਂ ਨੂੰ ਕਈ ਮਾਰੂ ਬਿਮਾਰੀਆਂ ਤੋਂ ਬਚਾਇਆ ਜਾਂਦਾ ਹੈ।

ਜ਼ਿਲਾ ਟੀਕਾਕਰਨ ਅਫ਼ਸਰ ਡਾਕਟਰ ਵਰਿੰਦਰ ਪਾਲ ਕੌਰ ਨੇ ਕਿਹਾ ਕਿ ਦੇ ਜਨਮ ਉਪਰੰਤ ਜੇਕਰ ਬੱਚੇ ਵਿੱਚ ਕਿਸੇ ਤਰ੍ਹਾਂ ਦੀ ਵੀ ਸਰੀਰਕ ਸਮੱਸਿਆ ਆਉਂਦੀ ਹੈ ਤਾਂ ਮਾਪੇ ਬਿਨਾਂ ਸਮਾਂ ਗਵਾਏ ਤੁਰੰਤ ਨਜ਼ਦੀਕੀ ਸਿਹਤ ਕੇਂਦਰ ਨਾਲ ਸੰਪਰਕ ਕਰ ਜਾਂਚ ਅਤੇ ਇਲਾਜ ਕਰਵਾਉਣ।

ਮੀਟਿੰਗ ਦੌਰਾਨ ਡਾਕਟਰ ਵਰਿੰਦਰ ਪਾਲ ਕੌਰ ਨੇ ਸਿਹਤ ਕਰਮੀਆਂ ਨਾਲ ਮਾਂ ਦੇ ਦੁੱਧ ਦੀ ਮਹੱਤਤਾ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਅਤੇ ਉਹਨਾਂ ਸਿਹਤ ਕਰਮੀਆਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਆਪਣੇ ਬਲਾਕਾਂ ਦੇ ਵਿੱਚ ਮਾਂ ਤੇ ਦੁੱਧ ਦੀ ਬੱਚੇ ਲਈ ਮਹੱਤਤਾ ਬਾਰੇ ਵੱਧ ਤੋਂ ਵੱਧ ਜਾਗਰੂਕਤਾ ਫੈਲਾਉਣ।

# ਸਫਾਈ ਕਰਮਚਾਰੀਆਂ ਦੇ ਲਾਭ ਲਈ ਨਮਸਤੇ ਸਕੀਮ ਦੀ ਕੀਤੀ ਸ਼ੁਰੂਆਤ

**ਬਠਿੰਡਾ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਸਰਕਾਰ ਨੇ ਸਫਾਈ ਕਰਮਚਾਰੀਆਂ ਦੇ ਲਾਭ ਲਈ ਨਮਸਤੇ ਸਕੀਮ ਨਾਮ ਦੀ ਇੱਕ ਨਵੀਂ ਯੋਜਨਾ ਸ਼ੁਰੂ ਕੀਤੀ ਹੈ, ਜੋ ਕਿ ਰਾਸ਼ਟਰੀ ਸਫਾਈ ਕਰਮਚਾਰੀ ਵਿੱਤ ਅਤੇ ਵਿਕਾਸ ਨਿਗਮ ਦੁਆਰਾ ਚਲਾਈ ਜਾ ਰਹੀ ਹੈ, ਜਿਸ ਤਹਿਤ ਸਫ਼ਾਈ ਕਰਮਚਾਰੀਆਂ ਨੂੰ ਸਨਮਾਨਜਨਕ ਜੀਵਨ ਜਿਊਣ ਤੇ ਸੁਰੱਖਿਅਤ ਅਤੇ ਬਿਹਤਰ ਵਾਤਾਵਰਨ ਵਿੱਚ ਕੰਮ ਕਰਨ ਲਈ ਪ੍ਰੇਰਿਤ ਕੀਤਾ ਜਾਣਾ ਹੈ।

ਨਮਸਤੇ ਸਕੀਮ ਦਾ ਉਦੇਸ਼ ਸੀਵਰਾਂ ਅਤੇ ਸੈਪਟਿਕ ਟੈਂਕਾਂ ਦੀ ਖਤਰਨਾਕ ਸਫਾਈ ਵਿੱਚ ਲੱਗੇ ਸਫਾਈ ਕਰਮਚਾਰੀਆਂ ਦੀ ਰੱਖਿਆ ਕਰਨਾ ਅਤੇ ਮਸ਼ੀਨੀ ਸਫਾਈ ਨੂੰ ਉਤਸ਼ਾਹਿਤ ਕਰਨਾ ਹੈ। ਇਸ ਤਹਿਤ ਪੀਪੀਈ ਕਿੱਟਾਂ, ਸਿਹਤ ਬੀਮਾ ਕਵਰੇਜ, ਕਿੱਤਾਮੁਖੀ ਸੁਰੱਖਿਆ ਸਿਖਲਾਈ ਅਤੇ ਰੋਜ਼ੀ-ਰੋਟੀ ਨਾਲ ਸਬੰਧਤ ਪੂੰਜੀ ਸਬਸਿਡੀ ਵਰਗੇ ਲਾਭ ਦਿੱਤੇ ਜਾਣਗੇ।ਨਗਰ ਨਿਗਮ ਵੱਲੋਂ ਸਟੇਟ ਨਮਸਤੇ ਕੋਆਰਡੀਨੇਟਰਾਂ ਦੇ ਸਹਿਯੋਗ ਨਾਲ ਇੱਕ ਸਰਵੇ ਕੈਂਪ ਲਗਾਇਆ ਗਿਆ, ਜਿਸ 'ਚ ਸ਼ਹਿਰ ਦੇ ਸਾਰੇ ਸੀਵਰ ਅਤੇ ਸੈਪਟਿਕ ਟੈਂਕ ਦੇ ਕਰਮਚਾਰੀਆਂ ਦਾ ਆਨਲਾਈਨ ਸਰਵੇ ਕੀਤਾ ਗਿਆ, ਜਿਸ ਤੋਂ ਬਾਅਦ ਸਾਰੀਆਂ ਸਮਾਜ ਭਲਾਈ ਸਕੀਮਾਂ ਦਾ ਲਾਭ ਲਿਆ ਜਾ ਸਕਦਾ ਹੈ।

ਯੂ.ਐਲ.ਬੀ. ਨੋਡਲ ਅਫ਼ਸਰ ਨੇ ਦੱਸਿਆ ਕਿ ਕੋਈ ਵੀ ਨਾਗਰਿਕ ਸੀਵਰੇਜ ਦੀ ਸਮੱਸਿਆ ਸਬੰਧੀ ਐਮਰਜੈਂਸੀ ਰਿਸਪਾਂਸ ਸੈਨੀਟੇਸ਼ਨ ਯੂਨਿਟ ਦੇ ਹੈਲਪਲਾਈਨ ਨੰਬਰ 14420 'ਤੇ ਕਾਲ ਕਰਕੇ ਆਪਣੀ ਸ਼ਿਕਾਇਤ ਦਰਜ ਕਰਵਾ ਸਕਦਾ ਹੈ।

ਇਸ ਮੌਕੇ ਡਾ. ਵਿਪੁਲ, ਜ਼ਿਲਾ ਮਾਸ ਮੀਡੀਆ ਅਫਸਰ ਸ੍ਰੀ ਸੁਖਵੰਤ ਸਿੰਘ ਸਿੱਧੂ, ਐਲ ਐਚ ਵੀ ਗੀਟਾ ਰਾਣੀ ਅਤੇ ਕੰਪਿਊਟਰ ਆਪਰੇਟਰ ਸ੍ਰੀ ਸੰਦੀਪ ਸਿੰਘ ਵੀ ਮੌਜੂਦ ਰਹੇ।

# ਅਨੀਮੀਆ ਮੁਕਤ ਭਾਰਤ ਮੁਹਿੰਮ ਤਹਿਤ ਸਕੂਲੀ ਬੱਚਿਆਂ ਦੇ ਖ਼ੂਨ ਦੀ ਕੀਤੀ ਜਾਵੇਗੀ ਜਾਂਚ: ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ

**ਤਰਨ ਤਾਰਨ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲੇ ਦੇ ਡਿਪਟੀ ਕਮਿਸ਼ਨਰ ਮਾਨਯੋਗ ਸ਼੍ਰੀ ਰਾਹੁਲ ਜੀ ਵੱਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਹੋਇਆਂ ਜ਼ਿਲਾ ਤਰਨ ਤਾਰਨ ਦੇ ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਦੀ ਰਹਿਨੁਮਾਈ ਅਤੇ ਜਿਲਾ ਟੀਕਾਕਰਨ ਆਫਸਰ ਕਮ ਨੋਡਲ ਅਫਸਰ,ਰਾਸ਼ਟਰੀ ਬਾਲ ਸਵਾਸਥ ਕਰਿਆਕਰਮ (ਆਰ.ਬੀ.ਐਸ.ਕੇ ), ਡਾਕਟਰ ਵਰਿੰਦਰ ਪਾਲ ਕੌਰ ਦੀ ਯੋਗ ਅਗਵਾਈ ਹੇਠ ਸ਼ੁਕਰਵਾਰ ਨੂੰ ਸਿਹਤ ਵਿਭਾਗ ਦੇ (ਆਰ.ਬੀ.ਐਸ.ਕੇ )ਅਧੀਨ ਤਾਇਨਾਤ ਮੈਡੀਕਲ ਅਫਸਰਾਂ ਦੀ ਅਨੀਮੀਆ ਮੁਕਤ ਭਾਰਤ ਮੁਹਿੰਮ ਸਬੰਧੀ ਅਹਿਮ ਮੀਟਿੰਗ ਹੋਈ।



ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਨੇ ਦੱਸਿਆ ਕਿ ਵਿਭਾਗ ਮਿਲ ਕੇ ਅਨੀਮੀਆ ਮੁਕਤ ਭਾਰਤ ਮੁਹਿੰਮ ਤਹਿਤ ਜ਼ਿਲ੍ਹੇ ਦੇ ਵੱਖ-ਵੱਖ ਸਰਕਾਰੀ ਸਕੂਲਾਂ ਦੇ ਵਿੱਚ ਪੜਨ ਵਾਲੇ ਵਿਦਿਆਰਥੀਆਂ ਦੇ ਖ਼ੂਨ ਦੀ ਜਾਂਚ ਕਰਨਗੇ ਤਾਂ ਜੋ ਵਿਦਿਆਰਥੀਆਂ ਨੂੰ ਅਨੀਮੀਆ ਤੋਂ ਬਚਾਇਆ ਜਾ ਸਕੇ।

ਸਿਵਲ ਸਰਜਨ ਡਾ. ਰਾਏ ਦੱਸਿਆ ਕਿ ਇਹ ਮੁਹਿੰਮ ਫਰਵਰੀ ਮਹੀਨੇ ਤੋਂ ਸ਼ੁਰੂ ਹੋਵੇਗੀ ਅਤੇ ਲਗਭਗ 30 ਹਜਾਰ ਦੇ ਕਰੀਬ ਵਿਦਿਆਰਥੀਆਂ ਦੇ ਖ਼ੂਨ ਦੀ ਜਾਂਚ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਕੀਤੀ ਜਾਵੇਗੀ।

ਜ਼ਿਲਾ ਟੀਕਾਕਰਨ ਅਫਸਰ ਕਮ ਨੋਡਲ ਅਫਸਰ ਡਾਕਟਰ ਵਰਿੰਦਰ ਪਾਲ ਕੌਰ ਨੇ ਦੱਸਿਆ ਕਿ ਅਨੀਮੀਆ ਮੁਕਤ ਭਾਰਤ ਮੁਹਿੰਮ ਦਾ ਮੁੱਖ ਮੰਤਵ ਸਕੂਲਾਂ ਦੇ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਵਿਚ ਅਨੀਮੀਆ ਦੀ ਸਮੱਸਿਆ ਨੂੰ ਦੂਰ ਕਰਨਾ ਹੈ। ਨੋਡਲ ਅਫਸਰ ਡਾਕਟਰ ਵਰਿੰਦਰ ਪਾਲ ਕੌਰ ਨੇ ਦੱਸਿਆ ਕਿ ਮੀਟਿੰਗ ਦੌਰਾਨ ਪਹੁੰਚੇ ਮੈਡੀਕਲ ਅਫਸਰਾਂ ਨੂੰ ਹੀਮੋਗਲੋਬਿਨ ਜਾਂਚ ਲਈ ਪ੍ਰਾਪਤ ਉਪਕਰਨਾਂ ਦੀ ਸਿਖਲਾਈ ਦਿੱਤੀ ਗਈ ਤਾਂ ਜੋ ਮੁਹਿੰਮ ਦੌਰਾਨ ਉਹਨਾਂ ਨੂੰ ਮਸ਼ੀਨ ਦੀ ਵਰਤੋਂ ਮੌਕੇ ਇਸੇ ਤਰਹਾਂ ਦੀ ਸਮੱਸਿਆ ਨਾ ਪੇਸ਼ ਆਵੇ। ਉਹਨਾਂ ਦੱਸਿਆ ਕਿ ਉਪਕਰਨਾਂ ਦੀ ਟ੍ਰੇਨਿੰਗ ਟ੍ਰੇਨਰ ਸੁਧਾ ਚੰਦਰ ਵਲੋਂ ਦਿਤੀ ਗਈ।

ਉਹਨਾਂ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਇਸ ਮੁਹਿੰਮ ਤਹਿਤ 3ਟੀ (ਟਾਕ, ਟੈਸਟ, ਟਰੀਟ) ਫਾਰਮੂਲਾ ਤਿਆਰ ਕੀਤਾ ਗਿਆ ਹੈ ਜਿਸ ਵਿੱਚ ਸਭ ਤੋਂ ਪਹਿਲਾਂ ਸਿਹਤ ਕਰਮੀਆਂ ਵੱਲੋਂ ਵਿਦਿਆਰਥੀਆਂ ਨਾਲ ਗੱਲਬਾਤ ਕਰਕੇ ਅਨੀਮੀਆ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾਂਦਾ ਹੈ ਉਸ ਉਪਰੰਤ ਉਹਨਾਂ ਦੇ ਖ਼ੂਨ ਦੀ ਜਾਂਚ ਕੀਤੀ ਜਾਂਦੀ ਹੈ ਅਤੇ ਜੇਕਰ ਕੋਈ ਅਨੀਮੀਆ ਤੋਂ ਪੀੜਿਤ ਪਾਇਆ ਜਾਂਦਾ ਹੈ ਤਾਂ ਉਸ ਦਾ ਇਲਾਜ ਯਕੀਨ ਨਹੀਂ ਬਣਾਇਆ ਜਾਂਦਾ ਹੈ।

ਡਾਕਟਰ ਵਰਿੰਦਰ ਪਾਲ ਕੌਰ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਚਲਾਈ ਜਾ ਰਹੀ ਮੁਹਿੰਮ ਦੌਰਾਨ ਵਿਭਾਗ ਨੂੰ ਵਿਸ਼ੇਸ਼ ਖ਼ੂਨ ਜਾਂਚ ਦੇ ਉਪਕਰਨ ਪ੍ਰਾਪਤ ਹੋਏ ਹਨ ਜਿਨਾਂ ਰਾਹੀਂ ਬਿਨਾਂ ਸੂਈ ਨੂੰ ਚੁਬਾਏ ਹੀਮੋਗਲੋਬਿਨ ਦਾ ਪਤਾ ਕੀਤਾ ਜਾ ਸਕੇਗਾ। ਉਹਨਾਂ ਕਿਹਾ ਕਿ ਵਿਭਾਗ ਵੱਲੋਂ ਇਸ ਮੁਹਿੰਮ ਬਾਰੇ ਫੈਲਾਈ ਜਾ ਰਹੀ ਹੈ ਤਾਂ ਜੋ ਵੱਧ ਤੋਂ ਵੱਧ ਵਿਦਿਆਰਥੀ ਇਸ ਮੁਹਿੰਮ ਦਾ ਲਾਭ ਲੈ ਸਕਣ।

ਇਸ ਮੌਕੇ ਡਾ. ਸੁਖਜਿੰਦਰ ਸਿੰਘ, ਸਿਲਾ ਮਾਸ ਮੀਡੀਆ ਅਫਸਰ ਸ੍ਰੀ ਸੁਖਵੰਤ ਸਿੰਘ ਸਿੱਧੂ ਆਰਬੀਐਸ ਕੇ ਕੋਆਰਡੀਨੇਟਰ ਸ਼੍ਰੀਮਤੀ ਰਜਨੀ ਸ਼ਰਮਾ ਮੌਜੂਦ ਰਹੇ।

# ਹੁਸ਼ਿਆਰਪੁਰ 'ਚ 'ਨੇਚਰ ਫੈਸਟ' 21 ਤੋਂ 26 ਫਰਵਰੀ ਤੱਕ : ਡਿਪਟੀ ਕਮਿਸ਼ਨਰ




**ਹੁਸ਼ਿਆਰਪੁਰ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪ੍ਰਸ਼ਾਸਨ ਵਲੋਂ 21 ਫਰਵਰੀ ਤੋਂ 26 ਫਰਵਰੀ ਤੱਕ ਸਥਾਨਕ ਲਾਜਵੰਤੀ ਖੇਡ ਸਟੇਡੀਅਮ ਵਿਖੇ ਕਰਵਾਏ ਜਾ ਰਹੇ 'ਨੇਚਰ ਫੈਸਟ' ਦੀਆਂ ਤਿਆਰੀਆਂ ਆਰੰਭ ਦਿੱਤੀਆਂ ਗਈਆਂ ਹਨ ਜਿਸ ਤਹਿਤ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਅੱਜ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਲੋੜੀਂਦੇ ਇਤਜਾਮ ਸਮੇਂ ਸਿਰ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ।

ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ 'ਨੇਚਰ ਫੈਸਟ' ਦੇ ਮੱਦੇਨਜ਼ਰ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕਿਹਾ ਕਿ 5 ਰੋਜ਼ਾ ਫੈਸਟੀਵਲ ਦੌਰਾਨ ਹੁਸ਼ਿਆਰਪੁਰ ਜ਼ਿਲ੍ਹੇ ਦੀ ਅਮੀਰ ਕੁਦਰਤੀ ਵਿਰਾਸਤ ਬਾਰੇ ਲੋਕਾਂ ਨੂੰ ਜਾਣੂ ਕਰਵਾਉਂਦਿਆਂ ਵਿਸ਼ੇਸ਼ ਥਾਵਾਂ ਦਾ ਦੌਰਾ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ 'ਨੇਚਰ ਫੈਸਟ' ਪਲੇਟਫਾਰਮ ਰਾਹੀਂ ਨਾ ਸਿਰਫ਼ ਕੁਦਰਤੀ ਸੋਮਿਆਂ ਸਗੋਂ ਹਸਤਕਲਾ, ਸੈਲਫ ਹੈਲਪ ਗਰੁੱਪਾਂ, ਵਾਤਾਵਰਣ ਪੱਖੀ ਸਰਗਰਮੀਆਂ ਤੋਂ ਇਲਾਵਾ ਜ਼ਿਲ੍ਹੇ ਨਾਲ ਸਬੰਧਤ ਅਗਾਂਹਵਧੂ ਸ਼ਖਸੀਅਤਾਂ ਵਲੋਂ ਤਿਆਰ ਕੀਤੀਆਂ ਜਾ ਰਹੀਆਂ ਵਸਤਾਂ ਦੀ ਪੇਸ਼ਕਾਰੀ ਨੂੰ ਹੋਰ ਉਭਾਰਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਐਨ.ਆਈ.ਸੀ. ਦੀ ਵੈਬਸਾਈਟ hoshiarpur.nic.in 'ਤੇ ਜਲਦ ਹੀ 'ਨੇਚਰ ਫੈਸਟ' ਸਬੰਧੀ ਟੈਂਡਰ ਅਪਲੋਡ ਕੀਤਾ ਜਾ ਰਿਹਾ ਹੈ ਤਾਂ ਜੋ ਅਗਲੀ ਕਾਰਵਾਈ ਨੂੰ ਸਮੇਂ ਸਿਰ ਅਮਲੀਜਾਮਾ ਪਹਿਨਾਇਆ ਜਾ ਸਕੇ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 'ਨੇਚਰ ਫੈਸਟ' ਦੌਰਾਨ ਪੰਜਾਬੀ ਵਿਰਸੇ ਅਤੇ ਸਭਿਆਚਾਰ ਨਾਲ ਜੁੜੇ ਪ੍ਰੋਗਰਾਮਾਂ ਤੋਂ ਇਲਾਵਾ ਪੰਜਾਬ ਦੇ ਲੋਕ ਨਾਚ ਅਤੇ ਵਿਦਿਆਰਥੀਆਂ ਵਲੋਂ ਆਪਣੀਆਂ ਪੇਸ਼ਕਾਰੀਆਂ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ 'ਨੇਚਰ ਫੈਸਟ' ਉਪਰਾਲਾ ਜ਼ਿਲ੍ਹੇ ਵਿਚ ਸੈਰ ਸਪਾਟੇ ਵਾਲੀਆਂ ਥਾਵਾਂ ਬਾਰੇ ਵੱਧ ਤੋਂ ਵੱਧ ਲੋਕਾਂ ਨੂੰ ਜਾਣੂ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਸਭਿਆਚਾਰਕ ਪ੍ਰੋਗਰਾਮ, ਸੈਲਫ ਹੈਲਪ ਗਰੁੱਪਾਂ ਦੀ ਪ੍ਰਦਰਸ਼ਨੀ, ਫੂਡ ਬਾਜ਼ਾਰ, ਕਿਸਾਨ ਮਾਰਕਿਟ, ਸੰਗੀਤਕ ਸ਼ਾਮ, ਕਾਈਟ ਫਲਾਇੰਗ, ਹਾਟ ਏਅਰ ਬੈਲੂਨਿੰਗ ਆਦਿ ਲਾਜਵੰਤੀ ਸਟੇਡੀਅਮ ਵਿਖੇ ਖਿੱਚ ਦਾ ਕੇਂਦਰ ਰਹਿਣਗੇ। ਉਨ੍ਹਾਂ ਦੱਸਿਆ ਕਿ ਨਾਰਾ ਡੈਮ ਵਿਚ ਕੈਂਪਿੰਗ, ਟਰੈਕਿੰਗ, ਨਾਈਟ ਲਾਈਵ ਬੈਂਡ, ਕੁਕਾਨੇਟ ਤੋਂ ਦੇਹਰਿਆਂ ਤੱਕ ਆਫ਼ ਰੋਡਿੰਗ, ਥਾਣਾ ਡੈਮ ਵਿਚ ਈਕੋ ਹੱਟਸ, ਹਾਈ ਸਪੀਡ ਬੋਟਿੰਗਸ, ਜੰਗਲ ਸਫ਼ਾਰੀ, ਚੌਹਾਲ ਡੈਮ 'ਤੇ ਸਫਾਰੀ, ਸਪੀਡ ਬੋਟਿੰਗ, ਕੈਫੇ ਜੋਨ, ਨੇਚਰ ਵਾਕ ਦਾ ਵੀ ਲੋਕ ਆਨੰਦ ਮਾਣ ਸਕਣਗੇ।ਕੋਮਲ ਮਿੱਤਲ ਨੇ ਦੱਸਿਆ ਕਿ ਆਉਂਦੇ ਕੁਝ ਦਿਨਾਂ 'ਚ ਲੋੜੀਂਦੀ ਪ੍ਰਕਿਰਿਆ ਮੁਕੰਮਲ ਹੋਣ ਨਾਲ ਰਜਿਸਟਰੇਸ਼ਨ ਸ਼ੁਰੂ ਕੀਤੀ ਜਾਵੇਗੀ ਅਤੇ ਸਾਰੀਆਂ ਸਰਗਰਮੀਆਂ ਨੂੰ ਤਰਤੀਬ 'ਚ ਲਿਆਉਂਦਿਆਂ ਅੰਤਿਮ ਰੂਪ ਦਿੱਤਾ ਜਾਵੇਗਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਨਿਕਾਸ ਕੁਮਾਰ, ਵਧੀਕ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਗ੍ਰਾਮ ਪੰਚਾਇਤ ਬੱਲ੍ਹੋ ਨੇ ਲਗਾਇਆ ਖ਼ੂਨ ਜਾਂਚ ਕੈਂਪ



**ਬਠਿੰਡਾ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਗ੍ਰਾਮ ਪੰਚਾਇਤ ਬੱਲ੍ਹੋ ਨੇ ਆਮ ਆਦਮੀ ਕਲੀਨਿਕ ਵਿੱਚ ਟੀ.ਬੀ ਟੈਸਟ ਅਤੇ ਅਨੀਮੀਆਂ ਤੋ ਇਲਾਵਾ ਹੋਰਨਾਂ ਬਿਮਾਰੀਆਂ ਦੇ ਲਈ ਖ਼ੂਨ ਜਾਂਚ ਕਰਨ ਦੇ ਕੈਪ ਦਾ ਆਯੋਜਨ ਕੀਤਾ ਗਿਆ। ਕੈਂਪ ਦੀ ਸੁਰੂਆਤ ਕਰਦਿਆਂ ਸਰਪੰਚ ਅਮਰਜੀਤ ਕੌਰ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਨੇੜੇ ਵਧੀਆਂ ਸਿਹਤ ਸਹੂਲਤਾਂ ਦੇਣ ਨਾਲ ਲੋਕਾਂ ਨੂੰ ਦੂਰ-ਦੁਰਾਡੇ ਜਾਣ ਤੋਂ ਛੁਟਕਾਰਾ ਮਿਲਿਆ ਹੈ।ਸਰਪੰਚ ਅਮਰਜੀਤ ਕੌਰ ਨੇ ਕਿਹਾ ਕਿ ਕੈਂਪ ਵਿੱਚ ਖਾਸ ਤੌਰ 'ਤੇ ਟੀ.ਬੀ ਅਤੇ ਔਰਤਾਂ ਦੇ ਅਨੀਮੀਆ ਅਤੇ ਹੋਰਨਾਂ ਬਿਮਾਰੀਆਂ ਦੇ ਟੈਸਟ ਕਰਵਾਉਣ ਲਈ ਖਾਸ ਧਿਆਨ ਦਿੱਤਾ ਗਿਆ ਤਾਂ ਕਿ ਖ਼ੂਨ ਦੀ ਜਾਂਚ ਕਰਨ ਨਾਲ ਬਿਮਾਰੀਆਂ ਦਾ ਪਤਾ ਲੱਗਦੇ ਹੀ ਸਮੇ ਸਿਰ ਇਲਾਜ ਕਰਵਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਪਿੰਡ ਦੀ ਪੰਚਾਇਤ ਵਲੋਂ ਪਿੰਡ ਦੇ ਹਰ ਇੱਕ ਨਾਗਰਿਕ ਦੀ ਤੰਦਰੁਸਤੀ ਲਈ ਲਗਾਤਾਰ ਹਰ ਸੰਭਵ ਯਤਨ ਜਾਰੀ ਰਹਿਣਗੇ।ਇਸ ਦੌਰਾਨ ਮੈਡੀਕਲ ਅਫਸਰ ਨਵਸਿਮਰਨ ਸਿੱਧੂ ਨੇ ਕਿਹਾ ਕਿ ਜੇਕਰ ਅਸੀ ਤੰਦਰੁਸਤ ਰਹਿਣ ਚਾਹੁੰਦੇ ਹਾਂ ਤਾਂ ਸਾਨੂੰ ਹਰ 6 ਮਹੀਨਿਆ ਦੌਰਾਨ ਖ਼ੂਨ ਦੇ ਟੈਸਟ ਕਰਵਾਉਦੇ ਰਹਿਣਾ ਚਾਹੀਦਾ ਹੈ ਤਾਂ ਕਿ ਬਿਮਾਰੀਆਂ ਦਾ ਪਤਾ ਲੱਗ ਸਕੇ। ਉਨ੍ਹਾਂ ਕਿਹਾ ਕਿ ਖਾਸਕਰ ਸੂਗਰ ਤੇ ਬਲੱਡ ਪ੍ਰੈਸਰ ਦੇ ਮਰੀਜਾਂ ਨੂੰ ਸਮੇਂ-ਸਮੇਂ 'ਤੇ ਚੈਕ ਕਰਵਾਉਣ ਦੀ ਲੋੜ ਹੁੰਦੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕ ਵਿੱਚ 40 ਤਰ੍ਹਾਂ ਦੇ ਵੱਖ-ਵੱਖ ਖ਼ੂਨ ਦੇ ਟੈਸਟ ਹੁੰਦੇ ਹਨ। ਕੈਂਪ ਵਿੱਚ 162 ਮਰੀਜਾਂ ਦੇ 434 ਖ਼ੂਨ ਦੇ ਸੈਂਪਲ ਲਏ ਗਏ ਅਤੇ ਮਰੀਜਾਂ ਦੇ ਲਈ ਖਾਸ ਪ੍ਰਬੰਧ ਕੀਤੇ ਗਏ।ਇਸ ਮੌਕੇ, ਏਐਨਐਮ ਅਮਨਿੰਦਰ ਕੌਰ, ਫਾਰਮਾਸਿਟਟ ਸਿਵਪ੍ਰੀਤ ਸਰਮਾਂ, ਸੀਏ ਅਮਨਦੀਪ ਕੌਰ, ਪੰਚ ਰਾਜਵੀਰ ਕੌਰ, ਪੰਚ ਹਰਵਿੰਦਰ ਕੌਰ ਪਰਮਜੀਤ ਕੌਰ, ਰਣਜੀਤ ਕੌਰ, ਰਾਮ ਸਿੰਘ, ਕਰਮਜੀਤ ਸਿੰਘ ਫੋਜੀ, ਹਰਬੰਸ ਸਿੰਘ, ਹਾਕਮ ਸਿੰਘ, ਜਗਸੀਰ ਸਿੰਘ, ਪ੍ਰਧਾਨ ਕਰਮਜੀਤ ਸਿੰਘ ਅਤੇ ਆਸਾ ਵਰਕਰ ਸੁਖਪਾਲ ਕੌਰ ਆਦਿ ਹਾਜ਼ਰ ਸਨ।

# ਅਬੋਹਰ ਸ਼ਹਿਰ ਵਿਚ ਅਵਾਰਾ ਕੁੱਤਿਆਂ ਨੂੰ ਹਲਕਾਅ ਦੇ ਬਚਾਅ ਲਈ ਟੀਕਾਕਰਨ ਮੁਹਿੰਮ ਸ਼ੁਰੂ

**ਫਾਜ਼ਿਲਕਾ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਮਿਸ਼ਨਰ ਨਗਰ ਨਿਗਮ-ਕਮ-ਡਿਪਟੀ ਕਮਿਸ਼ਨਰ ਫਾਜਿਲਕਾ ਅਮਰਪ੍ਰੀਤ ਕੌਰ ਸੰਧੂ ਦੇ ਦਿਸ਼ਾ ਨਿਰਦੇਸ਼ਾ ਹੇਠ ਨਗਰ ਨਿਗਮ ਅਤੇ ਪਸ਼ੂ ਪਾਲਣ ਵਿਭਾਗ ਵਲੋਂ ਅਬੋਹਰ ਸ਼ਹਿਰ ਵਿਚ ਅਵਾਰਾ ਕੁੱਤਿਆਂ ਨੂੰ ਹਲਕਾਅ ਦੇ ਬਚਾਅ ਲਈ ਟੀਕਾਕਰਨ ਮੁਹਿੰਮ ਸ਼ੁਰੂ ਕੀਤੀ ਗਈ ਹੈ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਐਸ.ਡੀ.ਐਮ. ਅਬੋਹਰ ਸ੍ਰੀ. ਕ੍ਰਿਸ਼ਨਾ ਪਾਲ ਰਾਜਪੂਤ ਨੇ ਦੱਸਿਆ ਕਿ ਅਬੋਹਰ ਹਲਕੇ ਦੇ ਵੱਖ-ਵੱਖ ਏਰੀਏ ਅਤੇ ਸੜਕਾਂ ਤੇ ਘੁੰਮ ਰਹੇ ਕੁੱਤਿਆਂ ਨੂੰ ਫੜ ਕੇ ਹਲਕਾਅ ਰੋਕੂ ਟੀਕਾਕਰਨ ਕੀਤਾ ਜਾ ਰਿਹਾ ਹੈ ਤਾਂ ਜੋ ਕੁੱਤਿਆਂ ਨੂੰ ਹਲਕਾਅ ਤੋਂ ਬਚਾਅ ਕੇ ਮੱਨੁਖਾਂ ਨੂੰ ਸੁਰਖਿਅਤ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਟੀਕਾਕਰਨ ਤੋਂ ਬਾਅਦ ਕੁੱਤਿਆਂ ਦੀ ਮਾਰਕਿੰਗ ਵੀ ਕੀਤੀ ਜਾ ਰਹੀ ਹੈ।

# ਜ਼ਿਲ੍ਹੇ ਅੰਦਰ ਚੱਲ ਰਹੇ ਵਿਕਾਸ ਕਾਰਜਾਂ ਦਾ ਅਧਿਕਾਰੀਆਂ ਨੇ ਦੌਰਾ ਕਰਕੇ ਲਿਆ ਜਾਇਜ਼ਾ



**ਬਠਿੰਡਾ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਦੇ ਦਿਸ਼ਾ-ਨਿਰਦੇਸ਼ਾ ਅਤੇ ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਦੀਆਂ ਹਦਾਇਤਾਂ ਅਨੁਸਾਰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਵਲੋਂ ਆਪੋ-ਆਪਣੇ ਵਿਭਾਗ ਨਾਲ ਸਬੰਧਤ ਜ਼ਿਲ੍ਹੇ ਅੰਦਰ ਚੱਲ ਰਹੇ ਵਿਕਾਸ ਕਾਰਜਾਂ ਦਾ ਦੌਰਾ ਕਰਕੇ ਨਿਰੀਖਣ ਕੀਤਾ ਗਿਆ। ਇਹ ਜਾਣਕਾਰੀ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੈਡਮ ਪੂਨਮ ਸਿੰਘ ਨੇ ਸਾਂਝੀ ਕੀਤੀ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਅਧਿਕਾਰੀਆਂ ਵਲੋਂ ਅੱਜ ਦੇ ਇਸ ਵਿਸ਼ੇਸ਼ ਦੌਰੇ ਦਾ ਮੁੱਖ ਮਕਸਦ ਜ਼ਿਲ੍ਹੇ ਅੰਦਰ ਚੱਲ ਰਹੇ ਵਿਕਾਸ ਕਾਰਜਾਂ 'ਚ ਤੇਜੀ ਲਿਆਉਂਣ ਦੇ ਨਾਲ-ਨਾਲ ਇਨ੍ਹਾਂ ਕਾਰਜਾਂ ਨੂੰ ਤਹਿ ਸਮੇਂ ਅਨੁਸਾਰ ਪੂਰਾ ਕਰਨ ਤੋਂ ਇਲਾਵਾ ਸੂਬਾ ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਤਰ੍ਹਾਂ ਦੀਆਂ ਲੋਕ ਭਲਾਈ ਸਕੀਮਾਂ ਦਾ ਵੱਧ ਤੋਂ ਵੱਧ ਆਮ ਲੋਕਾਂ ਤੱਕ ਲਾਹਾ ਪਹੁੰਚਾਉਣਾ ਹੈ।

ਦੌਰੇ ਦੌਰਾਨ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਵਲੋਂ ਬਲਾਕ ਸੰਗਤ ਦੇ ਪਿੰਡ ਕੋਟਗੁਰੂ 'ਚ ਐਸ.ਸੀ. ਧਰਮਸ਼ਾਲਾ ਦੀ ਚਾਰ-ਦਿਵਾਰੀ, ਕੁਟੀ ਕਿਸ਼ਨਪੁਰਾ 'ਚ ਦਿ ਯੂਥ ਲਾਇਬਰੇਰੀ, ਤਿਉਣਾ 'ਚ ਗੁਰੂਘਰ ਦੇ ਨੇੜੇ ਨਾਲੇ ਦਾ ਕੰਮ, ਬਲਾਕ ਬਠਿੰਡਾ ਦੇ ਪਿੰਡ ਬਾਹੋ ਸਿਵੀਆਂ 'ਚ ਫਿਰਨੀ 'ਤੇ ਨਾਲੇ ਦਾ ਕੰਮ, ਬਹਿਮਣ ਦੀਵਾਨਾ 'ਚ ਛੱਪੜ ਦਾ ਕੰਮ, ਬਲਾਕ ਗੋਨਿਆਣਾ ਦੇ ਪਿੰਡ ਹਰਰਾਏਪੁਰ 'ਚ ਸਕੂਲ ਦੇ ਕੋਲ ਗੰਦੇ ਪਾਣੀ ਦੇ ਨਿਕਾਸ, ਕੋਠੇ ਕੌਰ ਸਿੰਘ 'ਚ ਛੱਪੜ ਦੀ ਚਾਰ-ਦਿਵਾਰੀ, ਕਿਲੀ ਨਿਹਾਲ ਸਿੰਘ 'ਚ ਲਾਇਬਰੇਰੀ, ਬਲਾਕ ਭਗਤਾ ਭਾਈਕਾ ਦੇ ਪਿੰਡ ਸਿਰੀਏਵਾਲਾ, ਡਿੱਖ, ਰਾਮਪੁਰਾ 'ਚ ਦਿ ਯੂਥ ਲਾਇਬਰੇਰੀਆਂ ਦਾ ਕੰਮ, ਰਾਮੂਵਾਲਾ 'ਚ ਛੱਪੜ ਅਤੇ ਡਿੱਖ 'ਚ ਪਾਰਕ, ਬਲਾਕ ਤਲਵੰਡੀ ਸਾਬੋ ਦੇ ਪਿੰਡ ਤੰਗਰਾਲੀ 'ਚ ਆਂਗਣਵਾੜੀ, ਬਲਾਕ ਭੁੱਚੋ ਕਲਾਂ 'ਚ ਛੋਟੂ ਮੀਰਾਬ ਵਾਲੀ ਗਲੀ ਅਤੇ ਬਲਾਕ ਮੌੜ ਦੇ ਪਿੰਡ ਕੋਟਲੀ ਖੁਰਦ ਵਿਖੇ ਬੱਸ ਸਟੈਂਡ ਦੀ ਉਸਾਰੀ ਦੇ ਚੱਲ ਰਹੇ ਕੰਮ ਦਾ ਨਿਰੀਖਣ ਕੀਤਾ ਗਿਆ।

ਦੌਰੇ ਦੌਰਾਨ ਜ਼ਿਲ੍ਹੇ ਅਧੀਨ ਪੈਂਦੇ ਨਗਰ ਨਿਗਮ, ਨਗਰ ਕੌਂਸਲਾਂ, ਨਗਰ ਪੰਚਾਇਤਾਂ ਦੇ ਕਾਰਜ ਸਾਧਕ ਅਫਸਰਾਂ ਵਲੋਂ ਵੀ ਆਪੋ-ਆਪਣੇ ਖੇਤਰ ਅਧੀਨ ਪੈਂਦੇ ਵਿਕਾਸ ਦੇ ਕਾਰਜ ਦਾ ਨਿਰੀਖਣ ਕੀਤਾ ਗਿਆ। ਇਸੇ ਤਰ੍ਹਾਂ ਜ਼ਿਲ੍ਹਾ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਅਧਿਕਾਰੀਆਂ ਵਲੋਂ ਵੀ ਜ਼ਿਲ੍ਹੇ ਅਧੀਨ ਪੈਂਦੇ ਆਂਗਣਵਾੜੀ ਸੈਂਟਰਾਂ ਦਾ ਦੌਰਾ ਕਰਕੇ ਜਾਇਜ਼ਾ ਲਿਆ ਗਿਆ।

# ਜਵਾਹਰ ਨਵੋਦਿਆ ਵਿਦਿਆਲਿਆ ਵਿੱਚ ਨੌਵੀਂ ਅਤੇ ਗਿਆਰਵੀਂ ਜਮਾਤ ਦੀ ਪ੍ਰੀਖਿਆ 8 ਫਰਵਰੀ 2025ਨੂੰ

**ਫਾਜ਼ਿਲਕਾ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਫਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਕਿੱਕਰ ਵਾਲਾ ਰੂਪਾ ਵਿਖੇ ਬਣੇ ਜਵਾਹਰ ਨਵੋਦਿਆ ਵਿਦਿਆਲਿਆ ਵਿੱਚ ਵਿਦਿਅਕ ਸੈਸ਼ਨ 2025-26 ਦੌਰਾਨ ਨੌਵੀਂ ਅਤੇ ਗਿਆਰਵੀਂ ਜਮਾਤ ਦੀ ਪ੍ਰੀਖਿਆ 8 ਫਰਵਰੀ 2025 ਦਿਨ ਸ਼ਨੀਵਾਰ ਨੂੰ ਹੋਵੇਗੀ। ਇਹ ਜਾਣਕਾਰੀ ਸਕੂਲ ਦੇ ਪ੍ਰਿੰਸੀਪਲ ਸ੍ਰੀ ਅਸ਼ੋਕ ਕੁਮਾਰ ਵਰਮਾ ਨੇ ਦਿੱਤੀ ਹੈ।

ਉਨ੍ਹਾਂ ਦੱਸਿਆ ਕਿ ਨੌਵੀਂ ਜਮਾਤ ਦਾ ਪ੍ਰੀਖਿਆ ਕੇਂਦਰ ਸਕੂਲ ਆਫ਼ ਐਮੀਨੈਂਸ (ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਫਾਜ਼ਿਲਕਾ) ਅਤੇ ਗਿਆਰਵੀਂ ਦਾ ਪ੍ਰੀਖਿਆ ਕੇਂਦਰ ਫਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਕਿੱਕਰ ਵਾਲਾ ਰੂਪਾ ਵਿਖੇ ਬਣੇ ਜਵਾਹਰ ਨਵੋਦਿਆ ਵਿਦਿਆਲਿਆ ਹੋਵੇਗਾ। ਪ੍ਰੀਖਿਆ ਵਿੱਚ ਨੌਵੀਂ ਵਿੱਚ 484 ਅਤੇ ਗਿਆਰਵੀਂ ਵਿੱਚ 209 ਜੋ ਕਿ ਕੁੱਲ 693 ਪ੍ਰਾਰਥੀ ਬੈਠਣਗੇ।

ਪ੍ਰਾਰਥੀ ਪ੍ਰੀਖਿਆ ਲਈ ਐਂਟਰੀ ਕਰਨ ਲਈ ਆਪਣਾ ਪ੍ਰਵੇਸ਼ ਪੱਤਰ ਵੈਬਸਾਈਟ www.navodaya.gov.in ਤੇ ਉਪਲੱਬਧ ਲਿੰਕ ਦੇ ਮਾਧਿਅਮ ਰਾਹੀਂ ਡਾਊਨਲੋਡ ਕਰ ਸਕਦੇ ਹਨ ਜਾਂ ਨਵੋਦਿਆਂ ਵਿਦਿਆਲਿਆ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ। ਵਧੇਰੇ ਜਾਣਕਾਰੀ ਲਈ ਹੈਲਪਲਾਈਨ ਮੋਬਾਇਲ ਨੰ: 93830-32160 ਤੇ ਸਵੇਰੇ 9 ਤੋਂ ਸ਼ਾਮ 4 ਵਜੇ ਤੱਕ ਸੰਪਰਕ ਕੀਤਾ ਜਾ ਸਕਦਾ ਹੈ।

# ਕਿਸ਼ੋਰ ਸਿੱਖਿਆ ਪ੍ਰੋਗਰਾਮ ਅਧੀਨ ਇਕ ਰੋਜ਼ਾ ਜ਼ਿਲ੍ਹਾ ਪੱਧਰੀ ਐਡਵੋਕੇਸੀ ਵਰਕਸ਼ਾਪ ਆਯੋਜਿਤ

**ਰੂਪਨਗਰ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਹਾਇਕ ਡਾਇਰੈਕਟਰ ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਸਕੂਲ ਸਿੱਖਿਆ ਵਿਭਾਗ ,ਪੰਜਾਬ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ, ਜਿਲ੍ਹਾ ਸਿੱਖਿਆ ਅਫਸਰ (ਸੈ: ਸਿ) ਸ੍ਰੀ ਸੰਜੀਵ ਗੌਤਮ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ, ਉਪ ਜਿਲ੍ਹਾ ਸਿੱਖਿਆ ਅਫਸਰ ਸ: ਸੁਰਿੰਦਰਪਾਲ ਸਿੰਘ, ਰੂਪਨਗਰ ਅਤੇ ਜ਼ਿਲ੍ਹਾ ਸਾਇੰਸ ਕੋਆਰਡੀਨੇਟਰ ਸਤਨਾਮ ਸਿੰਘ ਦੀ ਦੇਖ-ਰੇਖ ਵਿੱਚ ਕਿਸ਼ੋਰ ਸਿੱਖਿਆ ਪ੍ਰੋਗ੍ਰਾਮ ਅਧੀਨ ਕਰਨ ਵਾਲੀਆਂ ਗਤੀਵਿਧੀਆਂ ਸਬੰਧੀ ਇਕ ਰੋਜ਼ਾ ਜ਼ਿਲ੍ਹਾ ਪੱਧਰੀ ਐਡਵੋਕੇਸੀ ਵਰਕਸ਼ਾਪ ਸਰਕਾਰੀ ਕਾਲਜ ਰੂਪਨਗਰ ਵਿਖੇ ਕਰਵਾਈ ਗਈ।



ਵਰਕਸ਼ਾਪ ਦਾ ਉਦਘਾਟਨ ਪ੍ਰਿੰਸੀਪਲ ਸ੍ਰੀ ਜਤਿੰਦਰ ਸਿੰਘ ਗਿੱਲ ਵਲੋਂ ਕੀਤਾ ਗਿਆ । ਉਨ੍ਹਾਂ ਵਲੋਂ ਇਸ ਮੌਕੇ ਸੰਬੋਧਨ ਕਰਦਿਆਂ ਦੱਸਿਆ ਕਿ, ਕਿਸ਼ੋਰ ਉਮਰ ਦੀ ਸਿੱਖਿਆ ਨੌਜਵਾਨ ਵਿਦਿਆਰਥੀਆਂ ਵਿਚ ਸਕਾਰਾਤਮਕ ਰਵੱਈਏ ਨੂੰ ਉਤਸ਼ਾਹਿਤ ਕਰਨ ਅਤੇ ਹੁਨਰ ਬਣਾਉਣ ਲਈ ਸਹੀ ਅਤੇ ਢੁਕਵੀਂ ਜਾਣਕਾਰੀ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦੀ ਹੈ ਜੋ ਉਹਨਾਂ ਨੂੰ ਰੋਜ਼ਾਨਾ ਜੀਵਨ ਦੇ ਤਜ਼ਰਬਿਆਂ ਦੇ ਜਵਾਬ ਵਿੱਚ ਉਚਿਤ ਢੰਗ ਨਾਲ ਕੰਮ ਕਰਨ ਵਿੱਚ ਮਦਦ ਪ੍ਰਦਾਨ ਕਰਦੀ ਹੈ । ਡਾ. ਗਿੱਲ ਵਲੋਂ ਅਧਿਆਪਕਾਂ ਨੂੰ ਕਿਸ਼ੋਰ ਸਿੱਖਿਆ ਦੇ ਉਦੇਸ਼ ਨੂੰ ਵਿਦਿਆਰਥੀਆਂ ਦੇ ਮਾਪਿਆਂ ਨਾਲ ਵੀ ਸਾਂਝਾਂ ਕਰਨ ਲਈ ਪ੍ਰੋਤਸਾਹਿਤ ਕੀਤਾ । ਸਿਵਲ ਹਸਪਤਾਲ ਰੂਪਨਗਰ ਤੋਂ ਬਲੱਡ ਟ੍ਰਾਂਫਿਉਜ਼ਨ ਅਫ਼ਸਰ ਡਾ. ਭਵਲੀਨ ਕੌਰ ਅਤੇ ਕੌਂਸਲਰ ਸ਼੍ਰੀਮਤੀ ਅਨੁਰਾਧਾ ਵਲੋਂ ਬਤੌਰ ਮੈਡੀਕਲ ਮਾਹਿਰ ਸ਼ਿਰਕਤ ਕੀਤੀ ।

ਉਨ੍ਹਾਂ ਵਲੋਂ 10 ਸਾਲ ਦੀ ਉਮਰ ਤੋਂ 19 ਸਾਲ ਦੀ ਉਮਰ ਦੌਰਾਨ ਕਿਸ਼ੋਰ ਸਿੱਖਿਆ ਦੇ ਨੁਕਤਿਆਂ ਬਾਰੇ ਜਾਣਕਾਰੀ ਦਿੱਤੀ ਅਤੇ ਜ਼ਰੂਰਤ ਪੈਣ ਉਤੇ ਹਸਪਤਾਲ ਵਿਚ ਕਾਊਂਸਲਿੰਗ ਲੈਣ ਲਈ ਦੱਸਿਆ।ਡਾ.ਪ੍ਰਭਲੀਨ ਕੌਰ ਵਲੋਂ ਹਰੇਕ ਵਿਅਕਤੀ ਨੂੰ ਆਪਣੀ ਜ਼ਿੰਦਗੀ ਵਿਚ ਘੱਟੋ-ਘੱਟ ਇਕ ਵਾਰ ਖ਼ੂਨਦਾਨ ਕਰਨ ਲਈ ਪ੍ਰਣ ਕਰਵਾਇਆ ਗਿਆ।

ਸਹਾਇਕ ਪ੍ਰੋਫੈਸਰ ਡਾ. ਗੁਰਪ੍ਰੀਤ ਕੌਰ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ੍ਰੀ ਆਨੰਦਪੁਰ ਸਾਹਿਬ ਬਤੌਰ ਵਲੋਂ ਰਿਸੋਰਸ ਪਰਸਨ ਸ਼ਿਰਕਤ ਕੀਤੀ । ਉਨ੍ਹਾਂ ਵਲੋਂ ਵਰਕਸ਼ਾਪ ਵਿਚ ਹਾਜ਼ਰ ਵਿਦਿਆਰਥੀਆਂ ਅਤੇ ਨੋਡਲ ਅਧਿਆਪਕਾਂ ਨੂੰ ਕਿਸ਼ੋਰ ਉਮਰ ਦੇ ਵਿਦਿਆਰਥੀਆਂ ਵਿਚ ਵੱਡੇ ਹੋਣ ਦੀ ਪ੍ਰਕਿਰਿਆ, ਐਚਆਈਵੀ/ਏਡਜ਼ ਬਾਰੇ ਵਿਦਿਆਰਥੀਆਂ ਨੂੰ ਸਹੀ ਗਿਆਨ ਪ੍ਰਦਾਨ ਕਰਨਾ, ਵਧਣ-ਫੁੱਲਣ ਦੀ ਪ੍ਰਕਿਰਿਆ, ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਪ੍ਰਤੀ ਸਿਹਤਮੰਦ ਰਵੱਈਏ ਅਤੇ ਜ਼ਿੰਮੇਵਾਰ ਵਿਵਹਾਰ ਨੂੰ ਵਿਕਸਿਤ ਕਰਨਾ ਅਤੇ ਕਰੀਅਰ ਚੇਤਨਾ ਬਾਰੇ ਵੀ ਚਾਨਣਾ ਪਾਇਆ।

ਇਸ ਵਰਕਸ਼ਾਪ ਵਿੱਚ ਜ਼ਿਲ੍ਹਾ ਯੂਥ ਕਲੱਬ ਤਾਲਮੇਲ ਕਮੇਟੀ ਦੇ ਪ੍ਰਧਾਨ ਸ੍ਰੀ ਅਸ਼ਵਨੀ ਸ਼ਰਮਾ, ਰੋਟਰੀ ਕਲੱਬ ਦੇ ਪ੍ਰਧਾਨ ਅਜਮੇਰ ਸਿੰਘ ਅਤੇ ਯਸ਼ਵੰਤ ਬਸੀ ਵਲੋਂ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਗਵਾਈ ਅਤੇ ਆਪਣੇ ਵਿਚਾਰ ਸਾਂਝੇ ਕੀਤੇ ।

ਜ਼ਿਲ੍ਹਾ ਸਾਇੰਸ ਕੋਆਰਡੀਨੇਟਰ ਸਰਦਾਰ ਸਤਨਾਮ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਰੂਪਨਗਰ ਦੇ ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ 90 ਨੋਡਲ ਅਧਿਆਪਕਾ ਅਤੇ 120 ਵਿਦਿਆਰਥੀਆਂ ਨੇ ਭਾਗ ਲਿਆ ਉਨ੍ਹਾਂ ਨੇ ਦੱਸਿਆ ਕਿ ਵਰਕਸ਼ਾਪ ਦੌਰਾਨ ਵੱਖ ਵੱਖ ਗਤੀਵਿਧੀਆਂ ਜਿਵੇਂ ਕਿ ਖ਼ੂਨਦਾਨ ਕੈਂਪ ਦਿਵਸ, ਵਿਸ਼ਵ ਏਡਜ਼ ਦਿਵਸ ਅਤੇ ਰਾਸ਼ਟਰੀ ਨੌਜਵਾਨ ਦਿਵਸ ਦੀ ਮਹੱਤਤਾ ਨੂੰ ਸਮਝਦੇ ਹੋਏ ਵਿਦਿਆਰਥੀਆਂ ਵਲੋਂ ਲੇਖ ਰਚਨਾ, ਪੋਸਟਰ/ ਚਾਰਟ ਪੇਸ਼ਕਾਰੀ ਅਤੇ ਸਲੋਗਨ ਲੇਖਣ ਮੁਕਾਬਲਿਆਂ ਵਿਚ ਹਿੱਸਾ ਲਿਆ ।

ਸਤਨਾਮ ਸਿੰਘ ਨੇ ਦੱਸਿਆ ਕਿ ਵੱਖ ਵੱਖ ਗਤੀਵਿਧੀਆਂ ਲੇਖ ਰਚਨਾ ਵਿੱਚ ਅਨਮੋਲ ਸੋਫਤ, ਪ੍ਰਿੰਸਿਕਾ, ਕਿਰਨਦੀਪਕੌਰ, ਪੋਸਟਰ ਬਣਾਉਣਾ ਵਿਚ ਰਮਨਦੀਪ ਕੌਰ, ਸ਼ਿਵਾ, ਅਵੀਸ਼ੇਕ ਕੁਮਾਰ, ਚਾਰਟ ਬਣਾਉਣਾ ਵਿੱਚ ਅਨੀਤਾ, ਰੋਜ਼ਲੀਨ, ਗਗਨਪ੍ਰੀਤ ਕੌਰ ਅਤੇ ਸਲੋਗਨ ਲੇਖਣ ਵਿੱਚ ਕੁਮਾਰੀ ਭਾਰਤੀ, ਅਮਰਜੀਤ ਕੌਰ ਅਤੇ ਗੁਰਚਰਨਪ੍ਰੀਤ ਕੌਰ ਜੇਤੂ ਰਹੇ। ਜੱਜਮੈਂਟ ਦੀ ਡਿਊਟੀ ਲੈਕਚਰਾਰ ਬਾਇਓਲੋਜੀ ਜਤਵਿੰਦਰ ਕੌਰ, ਇੰਗਲਿਸ਼ ਮਿਸਟ੍ਰੈਸ ਸੁਖਬੀਰ ਕੌਰ, ਆਰਟ ਐਂਡ ਕਰਾਫਟ ਟੀਚਰ ਇੰਦਰਜੀਤ ਸਿੰਘ ਅਤੇ ਸਾਇੰਸ ਮਾਸਟਰ ਬਹਾਦਰ ਸਿੰਘ ਵਲੋਂ ਨਿਭਾਈ ਗਈ ।

ਇਸ ਮੌਕੇ ਜੇਤੂ ਵਿਦਿਆਰਥੀਆਂ, ਗਾਈਡ ਅਧਿਆਪਕਾਂ ਨੂੰ ਸਰਟੀਫਿਕੇਟ, ਨਕਦ ਇਨਾਮ ਰਾਸ਼ੀ ਅਤੇ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਾਰਿਆਂ ਵਲੋਂ ਮੁੱਖ ਮਹਿਮਾਨ ਪ੍ਰਿੰਸੀਪਲ ਜਤਿੰਦਰ ਸਿੰਘ ਗਿੱਲ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ । ਮੰਚ ਸੰਚਾਲਨ ਦੀ ਡਿਊਟੀ ਸਾਇੰਸ ਮਿਸਟ੍ਰੈਸ ਕਵਿਤਾ ਵਰਮਾ ਵਲੋਂ ਬਾਖੂਬੀ ਨਿਭਾਈ ਗਈ ।

ਐਡਵੋਕੇਸੀ ਵਰਕਸ਼ਾਪ ਦੇ ਸ਼ਾਨਦਾਰ ਆਯੋਜਨ ਅਤੇ ਇਸ ਨੂੰ ਸਫ਼ਲ ਬਣਾਉਣ ਲਈ ਵੋਕੇਸ਼ਨਲ ਮਾਸਟਰ ਰੋਹਿਤ ਸ਼ਰਮਾ, ਸਾਇੰਸ ਮਾਸਟਰ ਪ੍ਰਭਜੀਤ ਸਿੰਘ, ਰਮਨ ਕੁਮਾਰ, ਬਹਾਦਰ ਸਿੰਘ, ਐਸ. ਐਸ. ਮਾਸਟਰ ਸੰਜੀਵ ਕੁਮਾਰ ਅਤੇ ਗੁਰਪ੍ਰੀਤ ਸਿੰਘ ਹੀਰਾ ਵਲੋਂ ਆਪਣੀਆਂ ਸੇਵਾਵਾਂ ਨਿਭਾਈਆਂ ।

## ਸੇਵਾ ਕੇਂਦਰਾਂ ਰਾਹੀਂ ਲੋਕਾਂ ਨੂੰ ਮਿਲ ਰਹੀਆਂ ਸੇਵਾਵਾਂ ਦਾ ਮੁੱਖ ਮੰਤਰੀ ਫ਼ੀਲਡ ਅਫ਼ਸਰ ਨੇ ਲਿਆ ਜਾਇਜ਼ਾ

# ਪਟਿਆਲਾ ਜ਼ਿਲ੍ਹੇ ਦੇ ਸਮੂਹ ਵਿਭਾਗ ਸੇਵਾ ਕੇਂਦਰਾਂ ਰਾਹੀਂ ਆਉਣ ਵਾਲੀਆਂ ਅਰਜ਼ੀਆਂ ਦਾ ਪਹਿਲ ਦੇ ਆਧਾਰ 'ਤੇ ਨਿਪਟਾਰਾ ਕਰਨ : ਡਾ. ਨਵਜੋਤ ਸ਼ਰਮਾ

**ਪਟਿਆਲਾ, 6 ਫਰਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਦੇ ਲੋਕਾਂ ਨੂੰ ਬਿਹਤਰੀਨ ਪ੍ਰਸ਼ਾਸਨਿਕ ਸੇਵਾਵਾਂ ਇਕੋ ਛੱਤ ਥੱਲੇ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਚਲਾਏ ਜਾ ਰਹੇ ਸੇਵਾ ਕੇਂਦਰਾਂ ਵਿੱਚ ਲੋਕਾਂ ਨੂੰ ਵੱਖ ਵੱਖ ਵਿਭਾਗਾਂ ਦੀ ਮਿਲ ਰਹੀਆਂ ਕਰੀਬ 438 ਤਰ੍ਹਾਂ ਦੀਆਂ ਸੇਵਾਵਾਂ ਦਾ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੇ ਨਿਰਦੇਸ਼ਾਂ 'ਤੇ ਮੁੱਖ ਮੰਤਰੀ ਫ਼ੀਲਡ ਅਫ਼ਸਰ ਡਾ. ਨਵਜੋਤ ਸ਼ਰਮਾ ਨੇ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਸਮੂਹ ਵਿਭਾਗਾਂ ਨੂੰ ਸੇਵਾ ਕੇਂਦਰਾਂ ਰਾਹੀਂ ਆਉਣ ਵਾਲੀਆਂ ਅਰਜ਼ੀਆਂ ਦਾ ਪਹਿਲ ਦੇ ਆਧਾਰ 'ਤੇ ਨਿਪਟਾਰਾ ਕਰਨ ਦੇ ਨਿਰਦੇਸ਼ ਦਿੱਤੇ।



ਮੁੱਖ ਮੰਤਰੀ ਫ਼ੀਲਡ ਅਫ਼ਸਰ ਡਾ. ਨਵਜੋਤ ਸ਼ਰਮਾ ਈ-ਸੇਵਾ ਸਬੰਧੀ ਬੈਠਕ ਕਰਦੇ ਹੋਏ।

ਮੀਟਿੰਗ ਦੌਰਾਨ ਮੁੱਖ ਫ਼ੀਲਡ ਅਫ਼ਸਰ ਡਾ. ਨਵਜੋਤ ਸ਼ਰਮਾ ਨੇ ਜ਼ਿਲ੍ਹੇ ਦੇ ਵੱਖ ਵੱਖ ਵਿਭਾਗਾਂ ਵਿੱਚ ਈ-ਸੇਵਾ ਦੇ ਲੰਬਿਤ ਪਏ ਕੇਸਾਂ ਦਾ ਵਿਭਾਗ ਵਾਈਜ਼ ਜਾਇਜ਼ਾ ਲੈਂਦਿਆਂ ਹਦਾਇਤ ਕੀਤੀ ਕਿ 90 ਤੇ 60 ਦਿਨਾਂ ਤੋਂ ਜ਼ਿਆਦਾ ਲੰਬਿਤ ਚੱਲੇ ਆ ਰਹੇ ਕੇਸਾਂ ਦਾ ਤੁਰੰਤ ਨਿਪਟਾਰਾ ਕਰਕੇ ਇਸ ਦੀ ਰਿਪੋਰਟ ਡਿਪਟੀ ਕਮਿਸ਼ਨਰ ਦਫ਼ਤਰ ਵਿਖੇ ਜਮ੍ਹਾਂ ਕਰਵਾਈ ਜਾਵੇ। ਉਨ੍ਹਾਂ ਕਿਹਾ ਕਿ ਈ-ਸੇਵਾ ਵਿੱਚ ਲੰਬਿਤ ਰਹਿਣ ਵਾਲੇ ਕੇਸਾਂ ਦੀ ਗਿਣਤੀ ਭਾਵੇਂ ਬਹੁਤ ਘੱਟ ਹੈ ਪਰ ਜੇਕਰ ਕਿਸੇ ਕਾਗਜ਼ ਦੇ ਅਧੂਰੇ ਹੋਣ ਕਾਰਨ ਜਾ ਫੇਰ ਕਿਸੇ ਤਕਨੀਕੀ ਕਾਰਨ ਫਾਈਲ ਦਾ ਨਿਪਟਾਰਾ ਨਹੀਂ ਹੋਇਆ ਹੈ ਤਾਂ ਉਸ ਸਬੰਧੀ ਵੀ ਅਧਿਕਾਰੀ ਡਿਪਟੀ ਕਮਿਸ਼ਨਰ ਦਫ਼ਤਰ ਨਾਲ ਰਾਬਤਾ ਕਰਕੇ ਕੇਸ ਦਾ ਤੁਰੰਤ ਨਿਪਟਾਰਾ ਕਰਵਾਉਣਾ ਯਕੀਨੀ ਬਣਾਉਣ।

ਡਾ. ਨਵਜੋਤ ਸ਼ਰਮਾ ਨੇ ਕਿਹਾ ਕਿ ਸੇਵਾ ਕੇਂਦਰ ਰਾਹੀਂ ਅਪਲਾਈ ਹੋਣ ਵਾਲੀ ਹਰੇਕ ਫਾਈਲ ਆਨ ਲਾਈਨ ਮੌਨੀਟਰ ਕੀਤੀ ਜਾਂਦੀ ਹੈ ਤੇ ਕਿਸ ਅਧਿਕਾਰੀ ਪਾਸ ਫਾਈਲ ਕਿੰਨੇ ਦਿਨ ਤੋਂ ਫਾਈਲ ਪੈਂਡਿੰਗ ਪਈ ਹੈ, ਇਹ ਵੀ ਆਨ ਲਾਈਨ ਦੇਖਿਆ ਜਾ ਸਕਦਾ ਹੈ, ਇਸ ਲਈ ਹਰੇਕ ਸੇਵਾ ਲਈ ਨਿਰਧਾਰਤ ਕੀਤੇ ਗਏ ਸਮੇਂ ਦੇ ਅੰਦਰ ਅੰਦਰ ਫਾਈਲ ਦਾ ਨਿਪਟਾਰਾ ਕਰਨਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਕਿਸੇ ਵੀ ਈ-ਸੇਵਾ ਫਾਈਲ ਵਿੱਚ ਹੋਈ ਬੇਲੋੜੀ ਦੇਰੀ ਲਈ ਸਬੰਧੀ ਅਧਿਕਾਰੀ ਜ਼ਿੰਮੇਵਾਰ ਹੋਵੇਗਾ। ਮੁੱਖ ਮੰਤਰੀ ਫ਼ੀਲਡ ਅਫ਼ਸਰ ਨੇ ਕਿਹਾ ਕਿ ਸੇਵਾ ਕੇਂਦਰਾਂ ਵਿੱਚ ਮਿਲਣ ਵਾਲੀਆਂ ਸੇਵਾਵਾਂ ਆਮ ਲੋਕਾਂ ਦੇ ਰੋਜ਼ਮਰ੍ਹਾ ਦੇ ਕੰਮ ਨੂੰ ਆਸਾਨ ਬਣਾਉਣ ਲਈ ਇੱਕੋ ਛੱਤ ਥੱਲੇ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ, ਇਸ ਲਈ ਈ-ਸੇਵਾ ਰਾਹੀਂ ਅਪਲਾਈ ਹੋਣ ਵਾਲੀਆਂ ਫਾਈਲਾਂ ਨੂੰ ਬਿਨਾਂ ਕਿਸੇ ਦੇਰੀ ਦੇ ਕਲੀਅਰ ਕਰਨਾ ਯਕੀਨੀ ਬਣਾਇਆ ਜਾਵੇ ਤਾਂ ਜੋ ਲੋਕਾਂ ਨੂੰ ਸਮਾਂਬੱਧ ਤਰੀਕੇ ਨਾਲ ਸੇਵਾਵਾਂ ਮਿਲ ਸਕਣ। ਮੀਟਿੰਗ ਵੱਖ ਵੱਖ ਵਿਭਾਗਾਂ ਦੇ ਨੁਮਾਇੰਦੇ ਮੌਜੂਦ ਸਨ।

# ਪੰਜਾਬ ਬਾਲ ਅਧਿਕਾਰ ਕਮਿਸ਼ਨ ਵੱਲੋਂ 10 ਸਾਲਾਂ ਬੱਚੇ 'ਤੇ ਹੋਏ ਤਸ਼ੱਦਦ ਦਾ ਗੰਭੀਰ ਨੋਟਿਸ



**ਪਟਿਆਲਾ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਬਾਲ ਅਧਿਕਾਰ ਕਮਿਸ਼ਨ ਦੇ ਚੇਅਰਮੈਨ ਕੰਵਰਦੀਪ ਸਿੰਘ ਨੇ ਪਟਿਆਲਾ ਦੀ ਰਿਸ਼ੀ ਕਲੋਨੀ ਵਿਖੇ 10 ਸਾਲਾਂ ਬੱਚੇ ਉਤੇ ਹੋਏ ਤਸ਼ੱਦਦ ਦੀ ਵੱਖ ਵੱਖ ਚੈਨਲਾਂ 'ਤੇ ਚੱਲ ਰਹੀ ਖਬਰ ਦੇ ਮਾਮਲੇ 'ਤੇ ਸੂ-ਮੋਟੋ ਨੋਟਿਸ ਲੈਂਦਿਆਂ ਅੱਜ ਸਰਕਾਰੀ ਰਜਿੰਦਰਾ ਹਸਪਤਾਲ ਵਿਖੇ ਪੀੜਤ ਜੇਰੇ ਇਲਾਜ ਬੱਚੇ ਨਾਲ ਮੁਲਾਕਾਤ ਕੀਤੀ ਅਤੇ ਹਾਲਚਾਲ ਜਾਣਿਆ। ਇਸ ਤੋਂ ਬਾਅਦ ਉਨ੍ਹਾਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਤੇ ਐਸ.ਐਸ.ਪੀ. ਡਾ. ਨਾਨਕ ਸਿੰਘ ਮੀਟਿੰਗ ਕਰਕੇ ਦੋਸ਼ੀਆਂ ਖਿਲਾਫ਼ ਸਖਤ ਕਰਵਾਈ ਦੇ ਨਿਰਦੇਸ਼ ਦਿੱਤੇ। ਇਸ ਮੌਕੇ ਉਨ੍ਹਾਂ ਦੇ ਨਾਲ ਸੰਯੁਕਤ ਡਾਇਰੈਕਟਰ ਰਾਜਵਿੰਦਰ ਸਿੰਘ ਗਿੱਲ ਵੀ ਮੌਜੂਦ ਸਨ।

ਚੇਅਰਮੈਨ ਕੰਵਰਦੀਪ ਸਿੰਘ ਨੇ 10 ਸਾਲਾਂ ਬੱਚੇ ਨੂੰ ਗਰਮ ਪ੍ਰੈਸ ਲਗਾਕੇ ਕੀਤੇ ਗਏ ਇਸ ਗ਼ੈਰ-ਮਨੁੱਖੀ ਘਟਨਾ 'ਤੇ ਦੁੱਖ ਪ੍ਰਗਟਾਉਂਦਿਆਂ ਕਿਹਾ ਕਿ ਕਮਿਸ਼ਨ ਅਜਿਹੇ ਮਾਮਲਿਆਂ ਨਾਲ ਸਖਤੀ ਨਾਲ ਨਜਿੱਠੇਗਾ। ਉਨ੍ਹਾਂ ਨੇ ਘਟਨਾ ਲਈ ਦੋਸ਼ੀਆਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਦੇ ਹੁਕਮ ਦਿੱਤੇ ਅਤੇ ਪੁਲਿਸ ਨੂੰ ਕਿਸੇ ਵੀ ਦੋਸ਼ੀ ਨੂੰ ਨਾ ਬਖਸ਼ਣ ਲਈ ਕਿਹਾ। ਉਨ੍ਹਾਂ ਅੱਗੇ ਕਿਹਾ ਕਿ ਕਮਿਸ਼ਨ ਵੱਲੋਂ ਅਜਿਹੀ ਘਟਨਾ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਦੋਸ਼ੀਆਂ ਲਈ ਮਿਸਾਲੀ ਸਜ਼ਾ ਯਕੀਨੀ ਬਣਾਈ ਜਾਵੇਗੀ। ਪੀੜਤ ਬੱਚੇ ਨੂੰ ਮਿਲਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਤੇ ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਜਿਥੇ ਬੱਚੇ ਦਾ ਇਲਾਜ ਕਰਵਾਇਆ ਹੈ, ਉਥੇ ਹੀ ਮੁੱਖ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਸ ਮੌਕੇ ਏ.ਡੀ.ਸੀ. ਇਸ਼ਾ ਸਿੰਗਲ, ਡੀ.ਐਸ.ਪੀ. ਮਨੋਜ ਗੋਰਸੀ, ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਡਾ. ਸਾਇਨਾ ਕਪੂਰ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਪਰਦੀਪ ਸਿੰਘ ਵੀ ਮੌਜੂਦ ਸਨ।

# ਮੁੱਖ ਮੰਤਰੀ ਮਾਨ ਦੀ ਅਗਵਾਈ ਹੇਠ ਪੰਜਾਬ 'ਚ 88 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਦਾ ਨਿਵੇਸ਼: ਸੌਂਦ

**ਚੰਡੀਗੜ੍ਹ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਉਦਯੋਗ ਤੇ ਵਣਜ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਹੈ ਕਿ ਮਾਰਚ 2022 ਤੋਂ ਲੈ ਕੇ ਹੁਣ ਤੱਕ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ 88,014 ਕਰੋੜ ਰੁਪਏ ਦੇ ਨਿਵੇਸ਼ ਪ੍ਰਸਤਾਵ ਪ੍ਰਾਪਤ ਹੋ ਚੁੱਕੇ ਹਨ। ਬਹੁਤ ਸਾਰੇ ਵੱਡੇ ਉਦਯੋਗ ਸੂਬੇ ਵਿੱਚ ਆਪਣੀਆਂ ਇਕਾਈਆਂ ਸਥਾਪਤ ਕਰ ਰਹੇ ਹਨ ਅਤੇ ਕਈ ਕੌਮੀ ਅਤੇ ਕੌਮਾਂਤਰੀ ਉਦਯੋਗਪਤੀ ਇੱਥੇ ਨਿਵੇਸ਼ ਕਰਨ ਵਿੱਚ ਰੁਚੀ ਦਿਖਾ ਰਹੇ ਹਨ।

ਉਨ੍ਹਾਂ ਦੱਸਿਆ ਕਿ 2022 ਤੋਂ ਹੁਣ ਤੱਕ 5,574 ਨਿਵੇਸ਼ ਪ੍ਰਸਤਾਵ ਪ੍ਰਾਪਤ ਹੋਏ ਹਨ, ਜਿਨ੍ਹਾਂ ਨਾਲ 88,014 ਕਰੋੜ ਰੁਪਏ ਦਾ ਨਿਵੇਸ਼ ਹੋਵੇਗਾ। ਇਸ ਸਦਕਾ ਤਕਰੀਬਨ 4,01,217 ਵਿਅਕਤੀਆਂ ਨੂੰ ਰੁਜ਼ਗਾਰ ਮਿਲੇਗਾ। ਸੌਂਦ ਨੇ ਹੋਰਨਾਂ ਉਦਯੋਗਪਤੀਆਂ ਨੂੰ ਵੀ ਪੰਜਾਬ ਵਿੱਚ ਨਿਵੇਸ਼ ਕਰਨ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਸਨਅਤ ਪੱਖੀ ਨੀਤੀਆਂ ਸਦਕਾ ਵੱਡੇ-ਵੱਡੇ ਉਦਯੋਗਿਕ ਘਰਾਣੇ ਪੰਜਾਬ ਵਿੱਚ ਆਪਣੀਆਂ ਇਕਾਈਆਂ ਸਥਾਪਤ ਕਰਨ ਵਿੱਚ ਦਿਲਚਸਪੀ ਵਿਖਾ ਰਹੀਆਂ ਹਨ। ਉਦਯੋਗ ਤੇ ਪੂੰਜੀ ਪ੍ਰੋਤਸਾਹਨ ਮੰਤਰੀ ਨੇ ਦੱਸਿਆ ਕਿ ਮੌਜੂਦਾ ਸਰਕਾਰ ਦੇ ਕਾਰਜਕਾਲ ਦੌਰਾਨ ਪ੍ਰਾਪਤ ਹੋਏ ਕੁਝ ਪ੍ਰਮੁੱਖ ਪ੍ਰੋਜੈਕਟਾਂ ਵਿੱਚੋਂ ਟਾਟਾ ਸਟੀਲ ਲਿਮਟਿਡ ਨੇ (2600 ਕਰੋੜ ਰੁਪਏ), ਸਨਾਥਨ ਪੋਲੀਕੋਟ ਪ੍ਰਾਈਵੇਟ ਲਿਮਟਿਡ (1600 ਕਰੋੜ ਰੁਪਏ), ਅੰਬੂਜਾ ਸੀਮੈਂਟਸ ਲਿਮਟਿਡ (1400 ਕਰੋੜ ਰੁਪਏ), ਰੁਚਿਰਾ ਪੇਪਰਜ਼ ਲਿਮਟਿਡ (1137 ਕਰੋੜ ਰੁਪਏ), ਟੌਪਨ ਸਪੈਸ਼ਲਿਟੀ ਫਿਲਮਜ਼ ਲਿਮਟਿਡ (787 ਕਰੋੜ ਰੁਪਏ), ਨੇਸਲੇ ਇੰਡੀਆ ਲਿਮਟਿਡ (583 ਕਰੋੜ ਰੁਪਏ), ਹੈਪੀ ਫੋਰਜਿੰਗਜ਼ ਲਿਮਟਿਡ (438 ਕਰੋੜ ਰੁਪਏ), ਫਰੂਡੇਨਬਰਗ ਗਰੁੱਪ (339 ਕਰੋੜ ਰੁਪਏ), ਓਏਕੇਮੇਟਕੋਰਪ ਲਿਮਟਿਡ (309 ਕਰੋੜ ਰੁਪਏ) ਅਤੇ ਕਾਰਗਿਲ ਇੰਡੀਆ ਪ੍ਰਾਈਵੇਟ ਲਿਮਟਿਡ ਨੇ (160 ਕਰੋੜ ਰੁਪਏ) ਦਾ ਨਿਵੇਸ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਹੋਰ ਕਾਰੋਬਾਰੀ ਵੀ ਆਪਣੀਆਂ ਸਨਅਤਾਂ ਪੰਜਾਬ ਵਿੱਚ ਸ਼ੁਰੂ ਕਰਨ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਹਰ ਪੱਖੋਂ ਉਦਯੋਗਪਤੀਆਂ ਦਾ ਸਾਥ ਦੇਵੇਗੀ। ਉਨ੍ਹਾਂ ਕਿਹਾ ਕਿ ਨਿਵੇਸ਼ ਲਈ ਪੰਜਾਬ ਦਾ ਮਾਹੌਲ ਸਾਜ਼ਗਾਰ, ਢੁਕਵਾਂ ਅਤੇ ਸ਼ਾਂਤੀਪੂਰਵਕ ਹੈ ਅਤੇ ਉਦਯੋਗਾਂ ਦੀ ਉੱਨਤੀ ਤੇ ਪ੍ਰਫੁੱਲਤਾ ਲਈ ਪੰਜਾਬ ਸਰਕਾਰ ਪੂਰੀ ਸੰਜੀਦਗੀ ਅਤੇ ਸੁਹਿਰਦਤਾ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀਆਂ ਨੀਤੀਆਂ ਵੀ ਉਦਯੋਗ ਪੱਖੀ ਹਨ ਅਤੇ ਛੋਟੇ ਤੇ ਦਰਮਿਆਨੇ ਉਦਯੋਗਪਤੀ ਆਪਣਾ ਕਾਰੋਬਾਰ ਅੱਜ ਹੀ ਇਕ ਹਲਫ਼ੀਆ ਬਿਆਨ ਦੇ ਕੇ ਸ਼ੁਰੂ ਕਰ ਸਕਦੇ ਹਨ ਅਤੇ ਜ਼ਰੂਰੀ ਦਸਤਾਵੇਜ਼ੀ ਪ੍ਰਕਿਰਿਆ 3 ਸਾਲਾਂ ਦੇ ਅੰਦਰ ਅੰਦਰ ਪੂਰੀ ਕੀਤੀ ਜਾ ਸਕਦੀ ਹੈ।



ਸੌਂਦ ਨੇ ਦੱਸਿਆ ਕਿ ਸੂਬੇ ਦਾ ÷ਇਨਵੈਸਟ ਪੰਜਾਬ÷ ਪੋਰਟਲ ਆਪਣੀ ਕਾਰਗੁਜ਼ਾਰੀ ਸਦਕਾ 28 ਰਾਜਾਂ ਵਿੱਚੋਂ ਪਹਿਲਾ ਸਥਾਨ ਰੱਖਦਾ ਹੈ ਅਤੇ ਇਸ ਉੱਤੇ 58 ਹਜ਼ਾਰ ਦੇ ਕਰੀਬ ਛੋਟੇ ਅਤੇ ਦਰਮਿਆਨੇ ਨਵੇਂ ਉਦਯੋਗਾਂ ਨੇ ਰਜਿਸਟ੍ਰੇਸ਼ਨ ਕਰਵਾਈ ਹੈ, ਜੋ ਕਿ ਆਪਣੇ ਆਪ ਵਿੱਚ ਇੱਕ ਰਿਕਾਰਡ ਹੈ।

# ਨੁੱਕੜ ਨਾਟਕਾਂ ਰਾਹੀਂ ਪਿੰਡ ਪੱਧਰ 'ਤੇ ਚਲਾਈ ਜਾ ਰਹੀ ਹੈ ਨਸ਼ਾ ਵਿਰੋਧੀ ਜਾਗਰੂਕਤਾ ਮੁਹਿੰਮ : ਡਾ. ਦਿਲਵਰ ਸਿੰਘ

**ਪਟਿਆਲਾ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਪਟਿਆਲਾ ਡਾ. ਦਿਲਵਰ ਸਿੰਘ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੇ ਹੁਕਮਾਂ ਤਹਿਤ ਪੰਜਾਬ ਰਾਜ ਨੂੰ ਨਸ਼ਾ ਮੁਕਤ ਬਣਾਉਣ ਅਤੇ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾ ਕੇ ਮੁੜ ਰੰਗਲਾ ਪੰਜਾਬ ਸਿਰਜਣ ਲਈ ਜ਼ਿਲ੍ਹਾ ਪੱਧਰੀ ਨਸ਼ਾ ਵਿਰੋਧੀ ਜਾਗਰੂਕਤਾ ਅਭਿਆਨ ਪਿੰਡਾਂ ਵਿੱਚ ਕੰਮ ਕਰ ਰਹੇ ਸਰਗਰਮ ਯੁਵਕ ਸੇਵਾਵਾਂ ਕਲੱਬਾਂ, ਪਿੰਡ ਪੰਚਾਇਤਾਂ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਪਿੰਡ ਪੱਧਰ ਤੇ ਨੁੱਕੜ ਨਾਟਕਾਂ ਦਾ ਆਯੋਜਨ ਕਰਕੇ ਕੀਤਾ ਜਾ ਰਿਹਾ ਹੈ। ਇਸ ਲੜੀ ਤਹਿਤ ਅੱਜ ਪਿੰਡ ਬਲਬੇੜਾ ਦੇ ਸਕੂਲ ਆਫ਼ ਐਮੀਨੈਂਸ ਵਿਖੇ ਰੈੱਡ ਆਰਟਸ ਪੰਜਾਬ ਦੇ ਨਾਟਕਕਾਰਾਂ ਵੱਲੋਂ 'ਆਖਿਰ ਕਦੋਂ ਤੱਕ' ਨਾਟਕ ਦਾ ਸਫਲਤਾ ਪੂਰਵਕ ਮੰਚਨ ਕੀਤਾ ਗਿਆ ਜਿਸ ਵਿੱਚ ਉਹਨਾਂ ਨੇ ਨੌਜਵਾਨ ਬੱਚਿਆਂ ਨੂੰ ਆਪਣੇ ਪਿੰਡਾਂ, ਸ਼ਹਿਰਾਂ ਅਤੇ ਵਿੱਦਿਅਕ ਅਦਾਰਿਆਂ ਵਿੱਚ ਆਪਣੀ ਪੜ੍ਹਾਈ ਦੌਰਾਨ ਮਾੜੀ ਸੰਗਤ ਅਤੇ ਨਸ਼ੇ ਦੇ ਵਪਾਰੀਆਂ ਤੋਂ ਦੂਰ ਰਹਿਣ ਹਿੱਤ ਜਾਗਰੂਕ ਕੀਤਾ। ਡਾ. ਦਿਲਵਰ ਸਿੰਘ ਨੇ ਦੱਸਿਆ ਕਿ ਨਾਟਕ ਮੰਚਨ ਨਾਲ ਵਿਦਿਆਰਥੀਆਂ ਵਿੱਚ ਨਸ਼ਿਆਂ ਪ੍ਰਤੀ ਜਾਗਰੂਕਤਾ ਪੈਦਾ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਦੱਸਿਆ ਕਿ ਨਾਟਕ ਦਾ ਮੰਚਨ ਐਨਾ ਸਫਲ ਰਿਹਾ ਕਿ ਸਾਰੇ ਦਰਸ਼ਕ ਭਾਵੁਕ ਵੀ ਹੋਏ ਅਤੇ ਉਹਨਾਂ ਨੇ ਨਸ਼ੇ ਨਾ ਕਰਨ ਦਾ ਪ੍ਰਣ ਵੀ ਲਿਆ। ਉਹਨਾਂ ਨੇ ਦੱਸਿਆ ਕਿ ਨਾਟਕ ਲੜੀ ਤਹਿਤ ਪਿੰਡ ਡਕਾਲਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਵੀ ਨਾਟਕ ਦਾ ਮੰਚਨ ਕੀਤਾ ਜਾਣਾ ਹੈ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗਾਜੀਪੁਰ, ਸਰਕਾਰੀ ਹਾਈ ਸਕੂਲ ਲਲੋਛੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਘਨੌਰ ਅਤੇ ਸਕੂਲ ਆਫ਼ ਐਮੀਨੈਂਸ ਭਾਦਸੋਂ ਵਿਖੇ ਵੀ ਇਹਨਾਂ ਨਾਟਕਾਂ ਦਾ ਮੰਚਨ ਕਰਕੇ ਨੌਜਵਾਨਾ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾ ਕੇ ਜਾਗਰੂਕ ਕੀਤਾ ਜਾਣਾ ਹੈ ਅਤੇ ਰੰਗਲਾ ਪੰਜਾਬ ਸਿਰਜਣ ਵਿੱਚ ਉਹਨਾਂ ਦੀ ਭਰਵੀਂ ਸ਼ਮੂਲੀਅਤ ਕਰਵਾਈ ਜਾਣੀ ਹੈ।



ਇਸ ਮੌਕੇ ਜਿੱਥੇ ਵਿੱਦਿਅਕ ਸੰਸਥਾਵਾਂ ਦੇ ਪ੍ਰਿੰਸੀਪਲ ਸਾਹਿਬਾਨ, ਸਟਾਫ਼ ਮੈਂਬਰ ਸਾਹਿਬਾਨ ਅਤੇ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ ਉੱਥੇ ਨਾਲ ਹੀ ਯੂਥ ਕਲੱਬਾਂ ਦੇ ਅਹੁਦੇਦਾਰ ਸਾਹਿਬਾਨ ਅਤੇ ਪਿੰਡ ਪੰਚਾਇਤਾਂ ਦੇ ਮੈਂਬਰ ਸਾਹਿਬਾਨ ਅਤੇ ਸਰਪੰਚ ਸਾਹਿਬਾਨ ਨੇ ਵੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।

# ਹੋਮ ਗਾਰਡ ਕਰਮਚਾਰੀਆਂ ਨੂੰ ਚੰਗੀ ਸਿਹਤ, ਤੰਦਰੁਸਤੀ, ਅਰੋਗਤਾ ਲਈ ਜਾਗਰੂਕ ਕੀਤਾ

**ਪਟਿਆਲਾ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਹੋਮ ਗਾਰਡ ਕਰਮਚਾਰੀਆਂ ਵਲੋਂ ਪੰਜਾਬ ਪੁਲਿਸ ਦੀ ਅਗਵਾਈ ਹੇਠ, ਲਗਾਤਾਰ ਡਿਊਟੀਆਂ ਕੀਤੀਆਂ ਜਾ ਰਹੀਆਂ ਹਨ, ਭਾਈਚਾਰੇ ਲਈ ਕਰਮਚਾਰੀਆਂ ਦੀ ਸਿਹਤ, ਤਦੰਰੁਸਤੀ, ਅਮਨ ਸ਼ਾਂਤੀ ਲਈ ਜਾਗਰੂਕ ਕਰਨਾ ਜ਼ਰੂਰੀ ਹੈ ਇਸ ਲਈ ਕਮਾਂਡੈਂਟ ਗੁਰਲਵਦੀਪ ਸਿੰਘ ਦੀ ਅਗਵਾਈ ਹੇਠ ਜਾਗਰੂਕਤਾ ਪ੍ਰੋਗਰਾਮ ਕਰਵਾਇਆ। ਇਸ ਮੌਕੇ ਦੇਸ਼ ਦੇ ਮਸ਼ਹੂਰ ਕੈਂਸਰ, ਦਿਲ, ਦਿਮਾਗ, ਕਿਡਨੀ ਦੀਆਂ ਬਿਮਾਰੀਆਂ ਦੇ ਮਾਹਿਰ ਸਰਜਨ, ਡਾਕਟਰ ਜਗਬੀਰ ਸਿੰਘ ਨੇ ਕਿਹਾ ਕਿ ਚੰਗੀ ਸਿਹਤ, ਤੰਦਰੁਸਤੀ, ਅਰੋਗਤਾ ਨਾ ਤਾਂ ਖ਼ਰੀਦੀ ਜਾ ਸਕਦੀ ਹੈ ਅਤੇ ਨਾ ਹੀ ਦਵਾਈਆਂ, ਨਸ਼ਿਆਂ, ਫਾਸਟ ਫੂਡ, ਜੰਕ ਫੂਡ, ਸ਼ਰਾਬ ਰਾਹੀਂ ਮਿਲ ਸਕਦੀ ਹੈ, ਇਸ ਲਈ, ਚੰਗੀ ਸਿਹਤ ਤੰਦਰੁਸਤੀ ਅਰੋਗਤਾ ਲਈ ਜਾਗਰੂਕਤਾ ਅਤੇ ਸਮਝਦਾਰੀਆ ਜ਼ਰੂਰੀ ਹਨ। ਉਨ੍ਹਾਂ ਨੇ ਕਿਹਾ ਕਿ ਸਧਾਰਨ ਘਰੇਲੂ ਭੋਜਨ, ਸ਼ੁਧ ਪਾਣੀ, ਮੌਸਮੀ ਫਲ, ਸਬਜ਼ੀਆਂ, ਦਾਲਾਂ, ਸਲਾਦ, ਹਰਰੋਜ ਸਵੇਰੇ ਸ਼ਾਮੀ ਖੁੱਲੀ ਹਵਾ ਵਿੱਚ ਕਸਰਤਾਂ, ਸੈਰ ਸਪਾਟੇ, ਸੰਤੁਸ਼ਟੀ, ਧੰਨਵਾਦ ਦੀ ਭਾਵਨਾ ਲੈਕੇ ਖੁਸ਼ ਰਹਿਣਾ ਜ਼ਰੂਰੀ ਹਨ। ਕੰਮਚੋਰੀਆਂ, ਲਾਲਚ, ਰਿਸ਼ਵਤਖੋਰੀ ਅਤੇ ਤਣਾਓ, ਆਰਾਮ ਪ੍ਰਸਤੀਆਂ, ਐਸ਼ ਪ੍ਰਸਤੀਆਂ ਤੋਂ ਬਚਣਾ, ਵੱਧ ਤੋਂ ਵੱਧ ਘਰੈਲੂ ਕੰਮ ਕਾਜ ਆਪਣੇ ਹੱਥੀਂ ਕਰਨ ਵਾਲੇ ਬਿਮਾਰੀਆਂ ਤੋਂ ਦੂਰ ਰਹਿੰਦੇ ਹਨ। ਡਿਊਟੀ ਦੌਰਾਨ ਹਰ 20/30 ਮਿੰਟਾਂ ਬਾਅਦ 10 ਕੁ ਮਿੰਟ ਚਲਣਾ ਚਾਹੀਦਾ , ਚਾਹ, ਕੋਲਡ ਡਰਿੰਕ, ਗਡੀਆਂ ਅਤੇ ਏ ਸੀ ਦੀ ਵਰਤੋਂ ਘੱਟ ਤੋਂ ਘੱਟ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ ਕਿ ਸਮੇਂ ਸਮੇਂ ਮਾਹਰ ਡਾਕਟਰਾਂ ਨੂੰ ਆਪਣੀ ਸ਼ਰੀਰਕ ਅਤੇ ਮਾਨਸਿਕ ਸਮਸਿਆਵਾਂ ਸਬੰਧੀ ਦਸਣਾਂ ਜ਼ਰੂਰੀ ਹੈ ਅਤੇ ਡਾਕਟਰਾਂ ਦੇ ਕਹੇ ਅਨੁਸਾਰ ਹੀ ਪ੍ਰਹੇਜ਼, ਇਲਾਜ ਟੈਸਟ ਕਰਵਾਉਣੇ ਚਾਹੀਦੇ ਹਨ। ਇਸ ਮੌਕੇ ਸ਼੍ਰੀ ਕਾਕਾ ਰਾਮ ਵਰਮਾ ਚੀਫ ਟ੍ਰੇਨਰ ਫਸਟ ਏਡ ਸੇਫਟੀ ਸਿਹਤ ਜਾਗਰੂਕਤਾ ਮਿਸ਼ਨ ਨੇ ਵੀ ਚੰਗੀ ਸਿਹਤ, ਤੰਦਰੁਸਤੀ, ਅਰੋਗਤਾ ਅਤੇ ਫਸਟ ਏਡ ਸਬੰਧੀ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਸਮੂੰਹ ਕੰਪਨੀ ਕਮਾਂਡਰ ਬਿਕਰਮਜੀਤ ਸਿੰਘ, ਮੋਹਨ ਦੀਪ ਸਿੰਘ, ਮਨਿੰਦਰ ਅੱਤਰੀ, ਕਰਮਜੀਤ ਸਿੰਘ ਭਿੰਡਰ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਜਵਾਨਾਂ ਵੱਲੋਂ ਹਰਰੋਜ ਸਵੇਰੇ ਤੋਂ ਰਾਤ ਤੱਕ ਸਖਤ ਡਿਊਟੀਆਂ ਕਰ ਰਹੇ ਹਨ ਜਿਸ ਕਾਰਨ, ਉਨ੍ਹਾਂ ਦੀਆਂ ਸ਼ਰੀਰਕ, ਮਾਨਸਿਕ, ਸਮਾਜਿਕ, ਮਾਲੀ, ਪਰਿਵਾਰਿਕ ਸਮਸਿਆਵਾਂ ਦੇ ਹਲ ਲਈ, ਇਸ ਤਰ੍ਹਾਂ ਦੇ ਜਾਗਰੂਕਤਾ ਪ੍ਰੋਗਰਾਮ ਬਹੁਤ ਲਾਭਦਾਇਕ ਸਿੱਧ ਹੁੰਦੇ ਹਨ।



## ਅਰਬਨ ਅਸਟੇਟ 'ਚ ਪੈਚ ਵਰਕ ਉਖੜਨ ਕਰਕੇ ਸੰਬਧਤ ਠੇਕੇਦਾਰ ਦੀ ਅਦਾਇਗੀ ਰੋਕੀ

# ਠੰਢ ਘਟਣ ਬਾਅਦ ਮਾਰਚ ਮਹੀਨੇ ਸ਼ੁਰੂ ਹੋਵੇਗਾ ਸੜਕਾਂ ਦੀ ਮੁਰੰਮਤ ਦਾ ਕੰਮ : ਮਨੀਸ਼ਾ ਰਾਣਾ

**ਪਟਿਆਲਾ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਵਿਕਾਸ ਅਥਾਰਟੀ ਦੇ ਮੁੱਖ ਪ੍ਰਸ਼ਾਸਕ ਮਨੀਸ਼ਾ ਰਾਣਾ ਨੇ ਕਿਹਾ ਹੈ ਕਿ ਅਰਬਨ ਅਸਟੇਟ ਵਿੱਚ ਸੜਕਾਂ ਉਤੇ ਕੀਤੇ ਗਏ ਪੈਚ ਵਰਕ ਦੇ ਉਖੜ ਜਾਣ ਕਰਕੇ ਪੀ.ਡੀ.ਏ. ਨੇ ਸਬੰਧਤ ਠੇਕੇਦਾਰ ਦੀ ਅਦਾਇਗੀ ਰੋਕ ਦਿੱਤੀ ਹੈ ਅਤੇ ਇਨ੍ਹਾਂ ਸੜਕਾਂ ਦੀ ਮੁਰੰਮਤ ਕਰਨ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਅੱਜ ਇੱਥੇ ਕਿਹਾ ਕਿ ਸੜਕਾਂ ਠੀਕ ਕਰਨ ਲਈ ਹਾਲੇ ਠੰਢ ਕਰਕੇ ਕੰਮ ਸ਼ੁਰੂ ਨਹੀਂ ਹੋ ਸਕਦਾ ਇਸ ਲਈ ਮਾਰਚ ਮਹੀਨੇ ਮੌਸਮ ਠੀਕ ਹੋਣ ਬਾਅਦ ਕੰਮ ਦੁਬਾਰਾ ਸ਼ੁਰੂ ਕੀਤਾ ਜਾਵੇਗਾ।

ਮਨੀਸ਼ਾ ਰਾਣਾ ਨੇ ਦੱਸਿਆ ਕਿ ਪਟਿਆਲਾ ਵਿਕਾਸ ਅਥਾਰਟੀ ਇਸ ਗੱਲੋਂ ਵਚਨਬੱਧ ਹੈ ਕਿ ਉਨ੍ਹਾਂ ਦੇ ਅਧੀਨ ਕਲੋਨੀਆਂ ਵਿੱਚ ਸਥਾਨਕ ਵਸਨੀਕਾਂ ਨੂੰ ਬਿਹਤਰ ਨਾਗਰਿਕ ਸੇਵਾਵਾਂ ਪ੍ਰਦਾਨ ਕਰਵਾਉਣ ਲਈ ਕੋਈ ਕਮੀ ਨਾ ਛੱਡੀ ਜਾਵੇ। ਉਨ੍ਹਾਂ ਕਿਹਾ ਕਿ ਜਿਸ ਠੇਕੇਦਾਰ ਨੇ ਸੜਕਾਂ ਬਣਵਾਈਆਂ ਸਨ, ਉਸ ਵੱਲੋਂ ਸੜਕਾਂ ਟੁੱਟਣ ਕਰਕੇ ਪੈਚ ਵਰਕ ਕੀਤਾ ਗਿਆ ਸੀ। ਪਰੰਤੂ ਉਹ ਪੈਚ ਵਰਕ ਉਖੜਨ ਕਰਕੇ ਲੋਕਾਂ ਨੂੰ ਕੁਝ ਪ੍ਰੇਸ਼ਾਨੀ ਹੋਈ ਹੈ, ਜਿਸ ਕਰਕੇ ਠੇਕੇਦਾਰ ਦੀ ਪੇਮੈਂਟ ਰੋਕ ਦਿੱਤੀ ਗਈ ਹੈ।

# ਹੈਰੋਇਨ, ਨਸ਼ੀਲੀਆਂ ਗੋਲੀਆਂ ਤੇ ਸ਼ਰਾਬ ਸਮੇਤ 3 ਲੋਕ ਗ੍ਰਿਫ਼ਤਾਰ

**ਬਠਿੰਡਾ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪੁਲਸ ਨੇ ਵੱਖ-ਵੱਖ ਥਾਵਾਂ ਤੋਂ ਹੈਰੋਇਨ, ਨਸ਼ੀਲੀਆਂ ਗੋਲੀਆ ਅਤੇ ਨਾਜਾਇਜ਼ ਸ਼ਰਾਬ ਸਮੇਤ 3 ਮੁਲਜ਼ਮਾਂ ਨੂੰ ਕਾਬੂ ਕਰਕੇ ਉਨ੍ਹਾਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਜਾਣਕਾਰੀ ਅਨੁਸਾਰ ਥਾਣਾ ਸਦਰ ਦੇ ਐਸ. ਆਈ. ਬਲਜੀਤ ਸਿੰਘ ਨੇ ਮੁਲਜ਼ਮ ਰਾਜਵਿੰਦਰ ਸਿੰਘ ਵਾਸੀ ਬੀੜ ਤਾਲਾਬ ਨੂੰ ਬੀੜ ਬਹਿਮਣ ਤੋਂ ਕਾਬੂ ਕਰਕੇ ਉਸ ਕੋਲੋਂ 10 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਇੱਕ ਹੋਰ ਮਾਮਲੇ 'ਚ ਥਾਣਾ ਮੌੜ ਦੇ ਏ.ਐਸ.ਆਈ. ਗੁਰਚਰਨ ਸਿੰਘ ਨੇ ਮੁਲਜ਼ਮ ਹਰੀਦੇਵ ਵਾਸੀ ਕੋਟਲੀ ਖੁਰਦ ਨੂੰ ਮੌੜ ਤੋਂ ਗ੍ਰਿਫ਼ਤਾਰ ਕਰਕੇ ਉਸ ਕੋਲੋਂ 24 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਹੈ। ਇਸੇ ਤਰ੍ਹਾਂ ਇਕ ਵਿਅਕਤੀ ਨੂੰ ਨਸ਼ੀਲੀਆਂ ਗੋਲੀਆਂ ਸਣੇ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਸ ਨੇ ਉਕਤ ਸਾਰੇ ਮੁਲਜ਼ਮਾਂ ਖ਼ਿਲਾਫ ਵੱਖ-ਵੱਖ ਥਾਣਿਆਂ 'ਚ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਲਾਪਤਾ ਬੱਚਾ ਚਾਈਲਡ ਵੈਲਫੇਅਰ ਕਮੇਟੀ ਸ੍ਰੀ ਮੁਕਤਸਰ ਸਾਹਿਬ ਯਤਨ ਸਦਕਾ ਮਾਂ ਬਾਪ ਦੇ ਹਵਾਲੇ ਕੀਤਾ ਗਿਆ



**ਮਲੋਟ 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਚਾਈਲਡ ਵੈਲਫੇਅਰ ਕਮੇਟੀ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਸਰਵਰਿੰਦਰ ਸਿੰਘ ਢਿੱਲੋਂ, ਮੈਂਬਰ ਮਨੀਸ਼ ਵਰਮਾ ਨੂੰ ਖ਼ਬਰ ਮਿਲੀ ਸੀ ਕਿ ਇਕ ਬੱਚਾ ਜੋ ਕੇ ਮਾਤਾ ਪਿਤਾ ਤੋਂ ਅਲੱਗ ਹੋ ਗਿਆ ਸੀ ਜਿਸ ਨੂੰ ਮੇਲੇ ਵਿੱਚੋਂ ਪੁਲਿਸ ਦੀ ਮੱਦਦ ਨਾਲ ਰੈਸਕਿਉ ਕੀਤਾ ਗਿਆ ਅਤੇ ਫਿਰ ਬੱਚੇ ਨਾਲ ਗੱਲ ਕੀਤੀ ਗਈ ਤਾਂ ਬੱਚਾ ਆਪਣਾ ਨਾਮ ਅਤੇ ਮਾਤਾ ਪਿਤਾ ਬਾਰੇ ਕੁਝ ਵੀ ਦੱਸਣ ਤੋਂ ਅਸਤ ਮਰਥ ਸੀ ਸੋ ਚੇਅਰਮੈਨ ਸਰਵਰਿੰਦਰ ਸਿੰਘ ਢਿੱਲੋਂ, ਮੈਂਬਰ ਮਨੀਸ਼ ਵਰਮਾ, ਅਮਰਜੀਤ ਸਿੰਘ ਵੱਲੋਂ ਫ਼ੈਸਲਾ ਲੈ ਕੇ ਬੱਚੇ ਨੂੰ ਬਾਲ ਆਸ਼ਰਮ ਵਿਖੇ ਭੇਜ ਦਿੱਤਾ ਗਿਆ,ਮਿਤੀ 25 ਜਨਵਰੀ 2025 ਨੂੰ ਬੱਚੇ ਨੇਂ ਦੱਸਿਆ ਕਿ ਉਹ ਮਾਛੀਵਾੜੇ ਦਾ ਰਹਿਣ ਵਾਲਾ ਹੈ ਸ਼ੋ ਚੇਅਰਮੈਨ ਸਰਵਰਿੰਦਰ ਸਿੰਘ ਢਿੱਲੋਂ ਵੱਲੋਂ ਸੀ ਡਬਲਯੂ ਸੀ ਲੁਧਿਆਨਾ ਦੇ ਚੇਅਰਮੈਨ ਗੁਰਜੀਤ ਰੋਮਾਣਾ ਨਾਲ ਗੱਲ ਕੀਤੀ ਗਈ ਉਨ੍ਹਾਂ ਵੱਲੋਂ ਮਾਛੀਵਾੜਾ ਦੀ ਪੁਲਿਸ ਨਾਲ ਗੱਲ ਕੀਤੀ ਗਈ ਅਤੇ ਇਸ ਬੱਚੇ ਬਾਰੇ ਦੱਸਿਆ ਗਿਆ ਕਿ ਬੱਚਾ ਗੁਰਦੁਆਰਾ ਚਰਨ ਕਮਲ ਦੇ ਨੇੜੇ ਤੇੜੇ ਦਾ ਰਹਿਣ ਵਾਲਾ ਹੈ, ਸ਼ੋ ਪੁਲਿਸ ਵੱਲੋਂ ਬੱਚੇ ਦੇ ਮਾਤਾ ਪਿਤਾ ਦੀ ਭਾਲ ਕਰਲੀ ਗਈ ਮਿਤੀ 26 ਜਨਵਰੀ ਨੂੰ ਮਾਛੀਵਾੜਾ ਦੀ ਪੁਲਿਸ ਵੱਲੋਂ ਬੱਚੇ ਦੇ ਮਾਤਾ ਪਿਤਾ ਨੂੰ ਨਾਲ ਲੈ ਕੇ ਚੇਅਰਮੈਨ ਸਰਵਰਿੰਦਰ ਸਿੰਘ ਢਿੱਲੋਂ ਨਾਲ ਸੰਪਰਕ ਕੀਤਾ ਗਿਆ ਅਤੇ ਸ੍ਰੀ ਮੁਕਤਸਰ ਸਾਹਿਬ ਵਿਖੇ ਉਨ੍ਹਾਂ ਦੇ ਦਫਤਰ ਪਹੁੰਚੇ ਸ਼ੋ ਚੇਅਰਮੈਨ ਸਰਵਰਿੰਦਰ ਸਿੰਘ ਢਿੱਲੋਂ, ਮੈਂਬਰ ਮਨੀਸ਼ ਵਰਮਾ, ਮੈਂਬਰ ਅਮਰਜੀਤ ਵੱਲੋਂ ਸਾਰੀ ਕਾਗਜ਼ੀ ਕਾਰਵਾਈ ਕਰਕੇ ਬੱਚੇ ਨੂੰ ਮਾਤਾ ਪਿਤਾ ਦੇ ਹਵਾਲੇ ਕੀਤਾ ਗਿਆ।

# ਭਗਵਾਨ ਪਰਸ਼ੂਰਾਮ ਵਾਟਿਕਾ ਸਰਹਿੰਦੀ ਗੇਟ ਪਟਿਆਲਾ ਵਿਖੇ 28ਵਾਂ ਹਵਨ ਯੱਗ ਕਰਵਾਇਆ



**ਪਟਿਆਲਾ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਗਵਾਨ ਪਰਸ਼ੂਰਾਮ ਵਾਟਿਕਾ ਸਰਹਿੰਦੀ ਗੇਟ ਪਟਿਆਲਾ ਵਿੱਚ ਸ੍ਰੀ ਸੂਰਜ ਭਾਨ ਸ਼ਰਮਾ ਦੀ ਅਗਵਾਈ ਵਿੱਚ ਮਹੀਨੇ ਵਰ 28ਵਾਂ ਹਵਨ ਯਗ ਪੰਡਿਤ ਦਿਨੇਸ਼ ਪਾਡੇ ਦੁਆਰਾ ਵਿਧੀ ਪੂਰਬਕ ਗ੍ਰਹਿ ਪੁਜਾ ਕਰਕੇ ਸਮਸਤ ਮਾਨਵ ਕਲਿਆਣ, ਸਨਾਤਨ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਕੀਤਾ ਗਿਆ। ਅੱਜ ਦੇ ਹਵਨ ਯੱਗ ਦੇ ਮੁੱਖ ਜੱਜਮਾਨ ਸ੍ਰੀ ਅਸ਼ਵਨੀ ਸ਼ਰਮਾ, ਨੀਰਜ ਸ਼ਰਮਾ ਜੀ ਹਵਨ ਯੱਗ ਉਪਰੰਤ ਸ੍ਰੀ ਪਰਸ਼ੂਰਾਮ ਵਾਟਿਕਾ ਵਿਖੇ ਬਣ ਰਹੇ ਭਗਵਾਨ ਪਰਸ਼ੂਰਾਮ ਜੀ ਦੇ ਮੰਦਰ ਮੂਰਤੀ ਤੇ ਵਿਚਾਰ ਵਟਾਂਦਰੇ ਕੀਤੇ ਗਏ। ਮੌਜੂਦਾ ਭਗਵਾਨ ਪਰਸ਼ੂ ਰਾਮ ਸ਼ਰਧਾਲੂਆਂ ਵਲੋਂ ਜਲਦੀ ਹੀ ਮੂਰਤੀ ਸਥਾਪਨਾ ਲਈ ਹਰ ਸੰਭਵ ਯਤਨ ਦਾ ਪ੍ਰਣ ਕੀਤਾ ਗਿਆ। ਸ੍ਰੀ ਬ੍ਰਹਮਾ ਭਲਾਈ ਬੋਰਡ ਬਹਾਲ ਕਰਨ ਲਈ ਸਰਕਾਰ ਨੂੰ ਮੁੜ ਅਪੀਲ ਕੀਤੀ ਗਈ। ਪਿਛਲੇ ਦਿਨ ਬ੍ਰਾਹਮਣ ਸਮਾਜ ਦੇ ਸੀਨੀਅਰ ਮੈਂਬਰ ਸ੍ਰੀ ਮੇਘ ਰਾਜ ਸ਼ਰਮਾ ਜੀ ਦੇ ਸਵਰਗਵਾਸ ਹੋਣ ਤੇ ਸਾਰੇ ਮੈਂਬਰਾਂ ਵਲੋਂ ਦੁੱਖ ਪ੍ਰਗਟ ਕੀਤਾ ਗਿਆ ਅਤੇ ਪ੍ਰਮਾਤਮਾ ਅੱਗੇ ਵਿਛੜੀ ਆਤਮਾ ਦੀ ਸ਼ਾਤੀ ਲਈ ਅਰਦਾਸ ਕੀਤੀ। ਇਸ ਮੌਕੇ ਪਹਿਲੀ ਵਾਰ ਹਵਨ ਯੱਗ ਵਿੱਚ ਭੁਪਿੰਦਰ ਕੁਮਾਰ ਜੀ ਸ਼ਾਮਲ ਹੋਣ ਤੇ ਸਮਾਜ ਦੇ ਜਨਰਲ ਸਕੱਤਰ ਯਾਦਵਿੰਦਰ ਸ਼ਰਮਾ ਵੱਲੋਂ ਸਿਰੋਪਾ ਪਾ ਕੇ ਸਤਿਕਾਰ ਕੀਤਾ ਗਿਆ ਤੇ ਸ੍ਰੀ ਬ੍ਰਹਮਾ ਨੰਦ ਜੀ ਦੇ ਮਹਾਂਮੰਡਲੇਸ਼ਵਰ ਬਣਨ ਤੇ ਵਧਾਈ ਦਿੱਤੀ ਗਈ। ਇਸ ਮੌਕੇ ਤੇ ਕੇਲਾਸ਼ ਕੁਮਾਰ ਸ਼ਰਮਾ, ਅਨਿਲ ਸ਼ਰਮਾ, ਐਡਵੋਕੇਟ ਰਾਜ ਕੁਮਾਰ ਸ਼ਰਮਾ, ਈਸ਼ਵਰ ਚੰਦ ਸ਼ਰਮਾ, ਟੀ.ਐਨ. ਸ਼ਰਮਾ, ਐਨ.ਕੇ. ਸ਼ਰਮਾ, ਪ੍ਰਮੋਦ ਸ਼ਰਮਾ, ਐਸ.ਐਸ. ਪਾਂਡਵ, ਅਜੇ ਸ਼ਰਮਾ, ਦਰਸ਼ਨ ਸ਼ਰਮਾ, ਵਿਕਾਸ ਭਾਰਦਵਾਜ, ਮਦਨ ਸ਼ਰਮਾ, ਸੰਦੀਪ ਸ਼ਰਮਾ, ਲਵਲੇਸ਼ ਸ਼ਾਰਧਾ, ਕੁਲਦੀਪ ਕੋਸ਼ਲ, ਕਰਨ, ਚੰਦਰ ਸ਼ੇਖਰ, ਮਨਜੀਤ ਸ਼ਰਮਾ ਅਤੇ ਮਨੋਹਰ ਲਾਲ ਲੇਖਕ ਅਤੇ ਪੱਤਰਕਾਰ ਆਦਿ ਹਾਜਰ ਸਨ।

# ਦਿਲੀ ਪੁਲਿਸ ਵੱਲੋਂ ਬਿਨਾਂ ਕਿਸੇ ਕਾਰਨ ਹਿਰਾਸਤ ਵਿਚ ਲਏ ਆਮ ਆਦਮੀ ਪਾਰਟੀ ਦੇ ਵਰਕਰਾਂ ਨੂੰ ਵਿਧਾਇਕ ਫਾਜ਼ਿਲਕਾ ਨੇ ਬੀਤੀ ਰਾਤ ਥਾਣੇ ਵਿਚ ਪਹੁੰਚ ਛੁਡਵਾਇਆ



**ਫਾਜ਼ਿਲਕਾ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਦਿਨੀ ਦਿੱਲੀ ਪੁਲਿਸ ਨੇ ਫਾਜ਼ਿਲਕਾ ਦੇ ਆਮ ਆਦਮੀ ਪਾਰਟੀ ਦੇ 4 ਸਾਥੀਆਂ ਹਰਮੰਦਰ ਸਿੰਘ ਬਰਾੜ ਸੀਨੀਅਰ ਆਗੂ, ਬਲਵਿੰਦਰ ਸਿੰਘ ਆਲਮਸ਼ਾਹ, ਬਲਜਿੰਦਰ ਸਿੰਘ ਸਾਬਕਾ ਸਰਪੰਚ ਅਤੇ ਸੁਖਵਿੰਦਰ ਸਿੰਘ ਸਰਪੰਚ ਗੁਲਾਮ ਰਸੂਲ ਨੂੰ ਨਵੀਂ ਦਿੱਲੀ ਵਿਧਾਨ ਸਭਾ ਹਲਕੇ ਤੋਂ ਬਿਨਾਂ ਕਿਸੇ ਕਾਰਨ ਗ੍ਰਿਫਤਾਰ ਕਰ ਲਿਆ ਸੀ ਉਸ ਤੋਂ ਬਾਅਦ ਥਾਣੇ ਜਾ ਕੇ ਵਿਧਾਇਕ ਫਾਜ਼ਿਲਕਾ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਆਪਣੇ ਸਾਥੀਆਂ ਨੂੰ ਬੀਤੀ ਰਾਤ ਛੱਡਵਾਇਆ। ਉਨ੍ਹਾਂ ਆਖਿਆ ਕਿ ਇਹ ਸਾਥੀ ਸਾਡੇ ਨਾਲ ਪਿੱਛਲੇ ਕਈ ਦਿਨਾਂ ਤੋਂ ਸ਼੍ਰੀ ਅਰਵਿੰਦ ਕੇਜਰੀਵਾਲ ਜੀ ਲਈ ਪ੍ਰਚਾਰ ਵਿਚ ਲੱਗੇ ਹੋਏ ਸਨ।

ਵਿਧਾਇਕ ਫਾਜ਼ਿਲਕਾ ਦਾ ਕਹਿਣਾ ਹੈ ਕਿ ਦਿਲੀ ਵਿਚ ਆਮ ਆਦਮੀ ਪਾਰਟੀ ਦੇ ਵੋਟ ਬੈਂਕ ਨੂੰ ਦੇਖ ਕੇ ਬੀਜੇਪੀ ਘਬਰਾ ਗਈ ਹੈ ਤੇ ਆਪ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਦੀ ਲੋਕਪ੍ਰਿਯਤਾ ਨੂੰ ਦੇਖਦਿਆਂ ਦਿੱਲੀ ਪੁਲਿਸ *ਤੇ ਦਬਾਅ ਬਣਾ ਕੇ ਵਰਕਰਾਂ ਨੂੰ ਹਿਰਾਸਤ ਵਿਚ ਲਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦਾ ਡਰ ਤਾਂ ਇਥੋ ਦੇਖ ਕੇ ਪਤਾ ਲਗਦਾ ਹੈ ਜਦੋਂ ਉਨ੍ਹਾਂ ਥਾਣੇ ਵਿਚ ਪਹੁੰਚ ਪੁਲਿਸ ਤੋਂ ਵਰਕਰਾਂ ਨੂੰ ਹਿਰਾਸਤ ਵਿਚ ਲੈਣ ਦਾ ਕਾਰਨ ਪੁਛਿਆ ਤਾਂ ਪੁਲਿਸ ਦਾ ਕਹਿਣਾ ਹੈ ਕਿ ਤੁਸੀਂ ਪੰਜਾਬ ਤੋਂ ਆਏ ਹੋ, ਦਿਲੀ ਪੁਲਿਸ ਨੂੰ ਅਗੋ ਸਵਾਲ ਕੀਤਾ ਗਿਆ ਕਿ ਪੰਜਾਬ ਦੇ ਲੋਕ ਇਸ ਦੇਸ਼ ਦੇ ਵਾਸੀ ਨਹੀਂ ਹਨ। ਉਨ੍ਹਾਂ ਅੱਗੇ ਕਿਹਾ ਕਿ 6 ਫਰਵਰੀ ਸ਼ਾਮ ਤੱਕ ਚੋਣ ਪ੍ਰਚਾਰ ਖਤਮ ਹੋਣ ਤੱਕ ਕੋਈ ਵੀ ਆਪਣੀ ਆਪਣੀ ਪਾਰਟੀ ਲਈ ਚੋਣ ਪ੍ਰਚਾਰ ਕਰ ਸਕਦਾ ਹੈ। ਬੀਜੇਪੀ ਆਪਣੀ ਹਾਰ ਵੇਖ ਕੇ ਪੂਰੀ ਤਰਾਂ ਬੌਖਲਾਈ ਹੋਈ ਹੈ ਅਤੇ ਪੂਰੀ ਧੱਕੇਸ਼ਾਹੀ ਤੇ ਉਤਰੀ ਹੋਈ ਹੈ, ਪਰ ਦਿੱਲੀ ਦੇ ਲੋਕ ਆਮ ਆਦਮੀ ਪਾਰਟੀ ਦੇ ਨਾਲ ਹਨ। ਇਸ ਵਾਰ ਫਿਰ ਸ਼੍ਰੀ ਅਰਵਿੰਦ ਕੇਜਰੀਵਾਲ ਜੀ ਨੂੰ ਦਿੱਲੀ ਦਾ ਮੁੱਖ ਮੰਤਰੀ ਬਣਾਉਣ ਜਾ ਰਹੇ ਹਨ। ਇਸ ਮੌਕੇ ਮਨਜੋਤ ਖੇੜਾ, ਸੁਰਿੰਦਰ ਘੋਗਾ, ਸਾਜਨ ਖਰਬਾਟ ਆਦਿ ਹੋਰ ਮੌਜੂਦ ਸਨ।

## ਡਾ: ਸਿਮਰਨਜੀਤ ਕੌਰ ਦਾ ਗ੍ਰੀਨਵੇਜ ਸਕੂਲ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ



**ਚਮਕੌਰ ਸਾਹਿਬ 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਗ੍ਰੀਨਵੇਜ ਸਕੂਲ ਰੁੜਕੀ ਹੀਰਾਂ ਵਿਖੇ ਸਵੇਰ ਦੀ ਸਭਾ ਬੜੀ ਖਾਸ ਰਹੀ ਕਿਉਂ ਕਿ ਅੱਜ ਇਸ ਸਕੂਲ ਵਿੱਚ ਪੜ੍ਹਾਈ ਕਰ ਕੇ ਡਾ: ਸਿਮਰਨਜੀਤ ਕੌਰ ਬਾਰਾਂ ਸਾਲ ਬਾਅਦ ਸਕੂਲ ਆਈ। ਡਾ: ਸਿਮਰਨਜੀਤ ਕੌਰ ਸਪੁੱਤਰੀ ਸ: ਬਲਕਾਰ ਸਿੰਘ ਭੰਗੂ, ਮਾਤਾ ਜਸਵੀਰ ਕੌਰ ਪਿੰਡ ਹਵਾਰਾਂ ਕਲਾਂ ਨੇ 2012-13 ਵਿੱਚ ਗ੍ਰੀਨਵੇਜ ਸਕੂਲ ਰੁੜਕੀ ਹੀਰਾਂ ਤੋਂ ਮੈਡੀਕਲ ਨਾਲ 100% ਨੰਬਰਾਂ ਨਾਲ ਬਾਰਵੀਂ ਪਾਸ ਕੀਤੀ। ਬਚਪਨ ਤੋਂ ਪਿਤਾ ਦਾ ਸੁਫਨਾ ਕਰਨ ਡਾਕਟਰੀ ਦੀ ਪੜ੍ਹਾਈ ਵਿੱਚ ਜੁੱਟ ਗਈ, ਬੜੀ ਮਿਹਨਤ ਨਾਲ ਐਮ. ਬੀ.ਬੀ.ਐਸ. ਅਤੇ ਐਮ. ਡੀ. ਦੀ ਪੜ੍ਹਾਈ ਪੂਰੀ ਕੀਤੀ ਅਤੇ ਅੱਜ ਬੱਚਿਆਂ ਦੀ ਡਾਕਟਰ ਬਣ ਗਈ। ਅਧਿਆਪਕ ਸ: ਬਲਤੇਜ ਸਿੰਘ ਜੀ ਨੇ ਡਾ: ਸਿਮਰਨਜੀਤ ਕੌਰ ਬਾਰੇ ਗੱਲ ਕਰਦਿਆਂ ਕਿਹਾ ਮਾਪਿਆਂ, ਅਧਿਆਪਕਾਂ ਅਤੇ ਬੱਚਾ ਖੁਦ ਆਪਣੀ ਲਗਨ ਨਾਲ ਅੱਜ ਇਸ ਮੁਕਾਮ 'ਤੇ ਪਹੁੰਚਿਆ ਹੈ। ਉਨ੍ਹਾਂ ਬਾਕੀ ਬੱਚਿਆਂ ਨੂੰ ਡਾ: ਸਿਮਰਨਜੀਤ ਕੌਰ ਦੀ ਤਰ੍ਹਾਂ ਵੱਡੇ ਵੱਡੇ ਅਹੁੱਦਿਆਂ 'ਤੇ ਪਹੁੰਚਣ ਲਈ ਪ੍ਰੇਰਿਤ ਕੀਤਾ।

ਸਕੂਲ ਵੱਲੋਂ ਡਾ: ਸਿਮਰਨਜੀਤ ਕੌਰ ਦਾ ਵਿਸ਼ੇਸ਼ ਸਨਮਾਨ ਕੀਤਾ। ਡਾ: ਸਿਮਰਨਜੀਤ ਕੌਰ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਪੁਰਾਣੀਆਂ ਯਾਦਾਂ ਸਾਝੀਆਂ ਕੀਤੀਆਂ, ਇਸ ਸਕੂਲ ਵਿੱਚ ਅਨੁਸ਼ਾਸਨ, ਵੱਖ ਵੱਖ ਕੌਸ਼ਲ ਕਿਰਿਆਵਾਂ, ਖੇਡਾਂ ਅਤੇ ਪੜ੍ਹਾਈ ਪ੍ਰਤੀ ਸ਼ਿਦਤ ਕਰਕੇ ਹੀ ਆਪਣੇ ਟੀਚਿਆਂ ਨੂੰ ਪੂਰਾ ਕਰ ਸਕੀ ਹਾਂ। ਉਨ੍ਹਾਂ ਬੱਚਿਆਂ ਨੂੰ ਕਿਹਾ ਕੀ ਤੁਸੀ ਅਤੇ ਤੁਹਾਡੇ ਮਾਪਿਆਂ ਨੇ ਭਵਿੱਖ ਨੂੰ ਧਿਆਨ ਵਿੱਚ ਰੱਖਦਿਆਂ ਤੁਹਾਨੂੰ ਵਧੀਆ ਸਕੂਲ ਵਿੱਚ ਭੇਜਿਆ ਹੈ।

# ਉਮੰਗ ਸੰਸਥਾ ਨੇ ਸਾਈਬਰ ਸੁਰੱਖਿਆ ਵਿਸ਼ੇ 'ਤੇ 38ਵਾਂ ਸੈਮੀਨਾਰ ਮਹਿੰਦਰਾ ਕਾਲਜ ਵਿਖੇ ਕਰਵਾਇਆ

**ਪਟਿਆਲਾ, 6 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਉਮੰਗ ਵੈੱਲਫੈਅਰ ਫਾਉਂਡੇਸ਼ਨ ਰਜਿ. ਸੰਸਥਾਂ ਦੇ ਚੇਅਰਮੈਨ ਹਰਦੀਪ ਸਿੰਘ ਬਡੂੰਗਰ ਡੀਐਸਪੀ ਪੀਪੀਐਸ ਅਤੇ ਪ੍ਰਧਾਨ ਅਰਵਿੰਦਰ ਸਿੰਘ ਦੀ ਰਹਿਨੁਮਾਈ ਹੇਠ ਚੱਲ ਰਹੇ ਸਾਈਬਰ ਸੁਰੱਖਿਆ ਸੈਮੀਨਾਰ ਤਹਿਤ 38ਵਾਂ ਸੈਮੀਨਾਰ ਮਹਿੰਦਰਾ ਕਾਲਜ਼, ਪਟਿਆਲਾ ਦੇ ਕੰਪਿਊਟਰ ਸਾਇੰਸ ਵਿਭਾਗ ਵਿੱਚ ਪ੍ਰਿੰਸੀਪਲ ਡਾ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਕਰਵਾਇਆ ਗਿਆ। ਇਹ ਪ੍ਰਗਟਾਵਾ ਉਮੰਗ ਸੰਸਥਾਂ ਦੇ ਪ੍ਰਧਾਨ ਅਰਵਿੰਦਰ ਸਿੰਘ ਨੇ ਕੀਤਾ ਅਤੇ ਕਿਹਾ ਕਿ ਇਹ ਸੈਮੀਨਾਰ ਉਮੰਗ ਸੰਸਥਾਂ ਦੀ ਟੀਮ ਅਤੇ ਸ਼ਮਸ਼ੇਰ ਐਜੂਕੇਸ਼ਨਲ ਐਂਡ ਵੈਲਫੇਅਰ ਸੁਸਾਇਟੀ ਟੀਮ ਦੇ ਸਾਂਝੇ ਉਪਰਾਲੇ ਨਾਲ ਸਰਕਾਰੀ ਤੇ ਗੈਰ ਸਰਕਾਰੀ ਸਕੂਲਾਂ ਅਤੇ ਕਾਲਜਾਂ ਵਿੱਚ ਲਗਾਏ ਜਾ ਰਹੇ ਹਨ, ਤਾਂ ਜੋ ਵਿਦਿਆਰਥੀਆਂ ਰਾਹੀ ਸਾਈਬਰ ਸੁਰੱਖਿਆ ਬਾਰੇ ਜਾਗਰੂਕਤਾ ਸਾਰੇ ਸਮਾਜ ਤੱਕ ਪਹੁੰਚਾਈ ਜਾ ਸਕੇ।



ਸੈਮੀਨਾਰ ਦੌਰਾਨ ਸਾਈਬਰ ਐਕਸਪਰਟ ਅਨੁਰਾਗ ਅਚਾਰੀਆ ਨੇ ਵਿਦਿਆਰਥੀਆਂ ਅਤੇ ਫੈਕਲਟੀ ਨਾਲ ਸਾਈਬਰ ਖਤਰਿਆਂ ਅਤੇ ਸਾਵਧਾਨੀਆਂ ਬਾਰੇ ਜਾਣਕਾਰੀ ਦਿੱਤੀ।

ਇਸ ਮਗਰੋਂ ਕਾਲਜ ਪ੍ਰਿੰਸੀਪਲ ਡਾ ਸੁਖਵਿੰਦਰ ਸਿੰਘ ਨੇ ਉਮੰਗ ਟੀਮ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆ ਕਿਹਾ ਕਿ ਇਸ ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਨੂੰ ਸਾਈਬਰ ਸੁਰੱਖਿਆ ਨਾਲ ਸਬੰਧਤ ਮੁੱਦਿਆਂ ਨੂੰ ਸਮਝਣ ਲਈ ਜਾਣਕਾਰੀ ਵਾਲੇ ਸਾਧਨਾਂ ਨਾਲ ਲੈਸ ਕਰਨਾ ਸੀ ਜਿਸ ਵਿੱਚ ਗੋਪਨੀਯਤਾ, ਨਿੱਜੀ ਜਾਣਕਾਰੀ ਅਤੇ ਡੇਟਾ ਸੰਬੰਧੀ ਖਤਰੇ ਸ਼ਾਮਲ ਹਨ।

ਇਸ ਤੋਂ ਇਲਾਵਾ ਕਾਲਜ ਦੇ ਵਾਈਸ ਪ੍ਰਿੰਸੀਪਲ ਪ੍ਰੋਫੈਸਰ ਰੋਮੀ ਨੇ ਮਹਿਮਾਨ ਬੁਲਾਰੇ ਦਾ ਨਿੱਘਾ ਸਵਾਗਤ ਕੀਤਾ ਅਤੇ ਵਿਦਿਆਰਥੀਆਂ ਨੂੰ ਸੋਸ਼ਲ ਮੀਡੀਆ ਅਤੇ ਡਿਜੀਟਲ ਪਲੇਟਫਾਰਮਾਂ ਦੀ ਵਰਤੋਂ ਵਿੱਚ ਚੌਕਸ ਅਤੇ ਜ਼ਿੰਮੇਵਾਰ ਰਹਿਣ ਦੀ ਸਲਾਹ ਦਿੱਤੀ।

# ਮਾਰੂਤੀ ਸੁਜ਼ੂਕੀ ਵਲੋਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਲੜਕਿਆ ਵਿਖੇ 250 ਸਿਖਿਆਰਥੀਆਂ ਨੂੰ ਦਿੱਤਾ ਰੁਜ਼ਗਾਰ



ਆਈ ਟੀ ਆਈ ਲੜਕਿਆ ਦੇ ਡਿਪਟੀ ਡਾਇਰੈਕਟਰ - ਕਮ ਪ੍ਰਿੰਸੀਪਲ ਹਰਦੀਪ ਕੁਮਾਰ ਟੋਹੜਾ, ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ, ਅਨਿਲ ਖੰਨਾ, ਸੁਖਵੰਤ ਸਿੰਘ ਸਲੈਕਟ ਹੋਏ ਸਿਖਿਆਰਥੀਆਂ ਨਾਲ।

**ਪਟਿਆਲਾ, 6 ਫਰਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਨਾਭਾ ਰੋਡ ਪਟਿਆਲਾ ਵਿਖੇ ਡਿਪਟੀ ਡਾਇਰੈਕਟਰ - ਕਮ ਪ੍ਰਿੰਸੀਪਲ ਹਰਦੀਪ ਕੁਮਾਰ ਟੋਹੜਾ ਅਤੇ ਵਾਇਸ ਪ੍ਰਿੰਸੀਪਲ ਦਵਿੰਦਰਪਾਲ ਸਿੰਘ ਦੀ ਸਰਪ੍ਰਸਤੀ ਹੇਠ ਮਿਨਸਟਰੀ ਆਫ ਸਿਕਲ ਡਿਵੈਲਪਮੈਂਟ ਐਂਡ ਇੰਪਲਾਈਮੈਂਟ ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਾਰੂਤੀ ਸੁਜ਼ੂਕੀ ਇੰਡੀਆ ਲਿਮਟਿਡ ਵਲੋਂ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਆਈ ਟੀ ਆਈ ਪਾਸ ਵੱਖ ਵੱਖ ਜ਼ਿਲ੍ਹਿਆਂ ਤੋਂ 300 ਸਿਖਿਆਰਥੀਆਂ ਨੇ ਸ਼ਿਰਕਤ ਕੀਤੀ ਅਤੇ ਇਹਨਾਂ ਵਿਚੋਂ 250 ਸਿਖਿਆਰਥੀਆਂ ਦੀ ਦੀ ਚੋਣ ਕੀਤੀ ਗਈ ਇਹਨਾਂ ਸਲੈਕਟ ਹੋਏ ਸਿਖਿਆਰਥੀਆਂ ਨੂੰ ਮੁਢੱਲੀ ਤਨਖਾਹ 33400 ਰੁਪਏ ਦਿੱਤੀ ਜਾਵੇਗੀ ਅਤੇ ਡਿਊਟੀ 8 ਘੰਟੇ ਹੋਵੇਗੀ , ਇਸ ਮੌਕੇ ਵਿਸ਼ੇਸ਼ ਤੌਰ ਤੇ ਆਰ ਡੀ ਐਸ ਡੀ ਈ ਪੰਜਾਬ ਤੋਂ ਡਾਕਟਰ ਪਰਮਿੰਦਰ ਤਿਲਨ ਤੇ ਡਿਪਟੀ ਡਾਇਰੈਕਟਰ ਲੈਫਟੀਨੈਂਟ ਕਰਨਲ ਵਿਸ਼ਾਲ ਅਰੋੜਾ, ਆਈਂ ਟੀ ਆਈ ਦੇ ਪਲੇਸਮੈਂਟ ਇੰਚਾਰਜ ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ ਟ੍ਰੇਨਿੰਗ ਅਫ਼ਸਰ, ਹੋਸਟਲ ਸੁਪਰਡੈਂਟ ਅਨਿਲ ਖੰਨਾ, ਸੁਖਵੰਤ ਸਿੰਘ ਟ੍ਰੇਨਿੰਗ ਅਫ਼ਸਰ ਅਤੇ ਸਮੂਹ ਸਟਾਫ ਨੇ ਭਰਪੂਰ ਸਹਿਯੋਗ ਦਿੱਤਾ।

# ਮਕਾਨ ਮਾਲਕਾਂ ਲਈ ਵੱਡੀ ਰਾਹਤ ! ਹੁਣ 2 ਘਰਾਂ ਦੇ ਮਾਲਕ ਨੂੰ ਵੀ ਮਿਲੇਗੀ ਟੈਕਸ ਛੋਟ

**ਏਜੰਸੀਆਂ**

ਨਵੀਂ ਦਿੱਲੀ 6 ਫਰਵਰੀ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਵੀ ਦੋ ਘਰ ਰੱਖਣ ਵਾਲਿਆਂ ਨੂੰ ਬਜਟ ਵਿੱਚ ਰਾਹਤ ਦਿੱਤੀ ਹੈ। ਜੇਕਰ ਕੋਈ ਵਿਅਕਤੀ ਦੋਵਾਂ ਘਰਾਂ ਵਿੱਚ ਰਹਿੰਦਾ ਹੈ ਭਾਵ ਸਵੈ-ਰੱਖਿਅਕ ਹੈ, ਤਾਂ ਉਸ ਨੂੰ ਦੂਜੇ ਘਰ 'ਤੇ ਵੀ ਆਮਦਨ ਟੈਕਸ ਨਹੀਂ



ਦੇਣਾ ਪਵੇਗਾ। ਪਹਿਲਾਂ ਅਜਿਹਾ ਨਹੀਂ ਸੀ। ਸਿਰਫ਼ ਇੱਕ ਘਰ ਨੂੰ ਆਮਦਨ ਕਰ ਤੋਂ ਰਾਹਤ ਮਿਲੀ ਹੈ। ਦੂਜੇ ਘਰ 'ਤੇ ਇਨਕਮ ਟੈਕਸ ਦੇਣਾ ਪੈਂਦਾ ਸੀ। ਪਰ 1 ਅਪ੍ਰੈਲ 2025 ਤੋਂ ਬਾਅਦ ਅਜਿਹਾ ਨਹੀਂ ਹੋਵੇਗਾ। ਹੁਣ ਟੈਕਸਦਾਤਾ ਦੋ ਘਰਾਂ ਨੂੰ ਦੱਸ ਕੇ ਟੈਕਸ ਛੋਟ ਪ੍ਰਾਪਤ ਕਰ ਸਕਣਗੇ। ਪਹਿਲਾਂ ਇਹ ਸਹੂਲਤ ਸਿਰਫ਼ ਇੱਕ ਘਰ ਲਈ ਉਪਲਬਧ ਸੀ। ਇਸ ਫੈਸਲੇ ਨਾਲ ਰੀਅਲ ਅਸਟੇਟ ਸੈਕਟਰ ਮਜ਼ਬੂਤ ??ਹੋਵੇਗਾ ਅਤੇ ਘਰਾਂ ਦੀ ਮੰਗ ਅਤੇ ਵਿਕਰੀ ਵਧੇਗੀ। ਵਿੱਤ ਮੰਤਰੀ ਨੇ ਬਜਟ ਭਾਸ਼ਣ ਵਿੱਚ ਕਿਹਾ, "ਹੁਣ ਤੱਕ, ਟੈਕਸਦਾਤਾਵਾਂ ਨੂੰ ਕੁਝ ਸ਼ਰਤਾਂ ਦੇ ਅਧੀਨ, ਸਵੈ-ਕਬਜ਼ੇ ਵਾਲੀ ਜਾਇਦਾਦ ਦਾ ਸਾਲਾਨਾ ਮੁੱਲ ਜ਼ੀਰੋ ਦਿਖਾਉਣ ਦੀ ਇਜਾਜ਼ਤ ਸੀ। ਪਰ ਹੁਣ, ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਦੇਖਦੇ ਹੋਏ, ਇਹ ਛੋਟ ਅਜਿਹੇ ਦੋ ਘਰਾਂ ਨੂੰ ਬਿਨਾਂ ਕਿਸੇ ਸ਼ਰਤ ਦੇ ਦਿੱਤੀ ਜਾਵੇਗੀ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਫੈਸਲਾ ਉਨ੍ਹਾਂ ਲੋਕਾਂ ਲਈ ਵੱਡੀ ਰਾਹਤ ਹੈ ਜਿਨ੍ਹਾਂ ਕੋਲ ਇੱਕ ਤੋਂ ਵੱਧ ਘਰ ਹਨ। ਇਸ ਨਾਲ ਘਰਾਂ ਦੀ ਵਿਕਰੀ ਨੂੰ ਉਤਸ਼ਾਹਿਤ ਕੀਤਾ ਜਾਵੇਗਾ ਅਤੇ ਰੀਅਲ ਅਸਟੇਟ ਨਿਵੇਸ਼ ਨੂੰ ਵੀ ਮਜ਼ਬੂਤੀ ਮਿਲੇਗੀ। ਨਾਲ ਹੀ, ਇਹ ਫੈਸਲਾ ਘਰ ਖਰੀਦਦਾਰਾਂ ਦੀਆਂ ਵਿਭਿੰਨ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਲਿਆ ਗਿਆ ਹੈ। ਹੁਣ ਉਹ ਦੋ ਘਰਾਂ 'ਤੇ ਇਹ ਲਾਭ ਪ੍ਰਾਪਤ ਕੀਤਾ ਜਾ ਸਕੇਗਾ, ਜਿਸ ਨਾਲ ਦੂਜੇ ਘਰ 'ਤੇ ਨੈਸ਼ਨਲ ਰੈਂਟਲ ਇਨਕਮ 'ਤੇ ਟੈਕਸ ਖਤਮ ਹੋ ਜਾਵੇਗਾ। ਰੀਅਲ ਅਸਟੇਟ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਕਦਮ ਛੋਟੇ ਸ਼ਹਿਰਾਂ (ਟੀਅਰ-2 ਅਤੇ ਟੀਅਰ-3) ਵਿੱਚ ਵੀ ਘਰ ਦੀ ਮਾਲਕੀ ਨੂੰ ਉਤਸ਼ਾਹਿਤ ਕਰੇਗਾ। ਗਰੁੱਪ ਦੇ ਚੇਅਰਮੈਨ ਅਨੁਜ ਪੁਰੀ ਨੇ ਕਿਹਾ, "ਮੱਧਮ ਵਰਗ ਦੇ ਘਰ ਖਰੀਦਦਾਰਾਂ, ਮਕਾਨ ਮਾਲਕਾਂ ਅਤੇ ਨਿਵੇਸ਼ਕਾਂ ਨੂੰ ਹੁਣ ਘੱਟ ਟੈਕਸ ਦਾ ਬੋਝ ਝੱਲਣਾ ਪਵੇਗਾ, ਜਿਸ ਨਾਲ ਉਨ੍ਹਾਂ ਦੀ ਜਾਇਦਾਦ ਖਰੀਦਣ ਦੀ ਸਮਰੱਥਾ ਵਧੇਗੀ।

# ਵੀਜ਼ਾ ਮੁਕਤ ਹੋਇਆ ਮਲੇਸ਼ੀਆ, 2026 ਤੱਕ 20 ਲੱਖ ਭਾਰਤੀ ਸੈਲਾਨੀਆਂ ਦਾ ਕਰੇਗਾ ਸਵਾਗਤ

**ਸਰਦੂਲ ਸਿੰਘ**

ਹੈਦਰਾਬਾਦ/ਕੁਆਲਾਲੰਪੁਰ 6 ਫਰਵਰੀ। ਮਲੇਸ਼ੀਆ ਇਕ ਵਾਰ ਫਿਰ ਭਾਰਤੀ ਸੈਲਾਨੀਆਂ ਦਾ ਸਵਾਗਤ ਕਰਨ ਲਈ ਤਿਆਰ ਹੈ। ਮਲੇਸ਼ੀਆ ਦੇ ਟੂਰਿਜ਼ਮ ਡਾਇਰੈਕਟਰ ਜਨਰਲ ਦਾਤੁਕ ਮਨੋਹਰਨ ਪੇਰੀਸਾਮੀ ਨੇ ਐਲਾਨ ਕੀਤਾ ਹੈ ਕਿ ਮਲੇਸ਼ੀਆ 2026 ਤੱਕ 20 ਲੱਖ ਭਾਰਤੀ ਸੈਲਾਨੀਆਂ ਦਾ ਸਵਾਗਤ ਕਰਨ ਦੀ ਉਮੀਦ ਕਰਦਾ ਹੈ। ਸੋਮਵਾਰ ਨੂੰ ਹੈਦਰਾਬਾਦ ਦੇ ਇੱਕ ਨਿੱਜੀ ਹੋਟਲ ਵਿੱਚ ਇੱਕ ਰੋਡ ਸ਼ੋਅ ਦੌਰਾਨ ਮੀਡੀਆ ਨਾਲ ਗੱਲ ਕਰਦੇ ਹੋਏ ਮਨੋਹਰਨ ਨੇ ਖੁਲਾਸਾ ਕੀਤਾ ਕਿ 2024 ਵਿੱਚ ਲਗਭਗ 1.1 ਮਿਲੀਅਨ ਭਾਰਤੀ ਸੈਲਾਨੀਆਂ ਨੇ ਮਲੇਸ਼ੀਆ ਦਾ ਦੌਰਾ ਕੀਤਾ। ਇਹ ਗਿਣਤੀ 2025 ਵਿੱਚ 1.5 ਮਿਲੀਅਨ ਤੱਕ ਵਧਣ ਅਤੇ 2026 ਤੱਕ 20 ਲੱਖ ਤੱਕ ਪਹੁੰਚਣ ਦਾ ਅਨੁਮਾਨ ਹੈ। ਮਲੇਸ਼ੀਆ ਵੱਖ-ਵੱਖ ਸੈਰ-ਸਪਾਟਾ ਪੇਸ਼ਕਸ਼ਾਂ ਨੂੰ ਉਜਾਗਰ ਕਰ ਰਿਹਾ ਹੈ, ਜਿਸ ਵਿੱਚ ਸਬਾਹ ਅਤੇ ਸਾਰਾਵਾਕ ਵਿੱਚ ਸਾਹਸੀ ਸੈਰ-ਸਪਾਟਾ, ਸਨੋਰਕੇਲਿੰਗ ਅਤੇ ਡਾਈਵਿੰਗ ਵਰਗੀਆਂ ਟਾਪੂ ਗਤੀਵਿਧੀਆਂ ਅਤੇ ਮਾਊਂਟ ਕਿਨਾਬਾਲੂ ਵਰਗੇ ਪ੍ਰਤੀਕ ਸਥਾਨ ਸ਼ਾਮਲ ਹਨ। ਇਸ ਤੋਂ ਇਲਾਵਾ ਦੇਸ਼ ਆਪਣੀਆਂ ਵਿਦਿਅਕ ਸੈਰ-ਸਪਾਟਾ ਪਹਿਲਕਦਮੀਆਂ ਦੇ ਹਿੱਸੇ ਵਜੋਂ ਵਿਦਿਆਰਥੀਆਂ ਅਤੇ ਨੌਜਵਾਨ ਯਾਤਰੀਆਂ ਲਈ ਹੋਮਸਟੇ ਪ੍ਰੋਗਰਾਮਾਂ ਨੂੰ ਉਤਸ਼ਾਹਿਤ ਕਰ ਰਿਹਾ ਹੈ। ਮਲੇਸ਼ੀਆ ਹੋਰ ਭਾਰਤੀ ਸੈਲਾਨੀਆਂ ਨੂੰ ਆਕਰਸ਼ਿਤ ਕਰਨ



ਲਈ ਸਥਾਨਕ ਪ੍ਰਭਾਵਕਾਂ ਅਤੇ ਸੋਸ਼ਲ ਮੀਡੀਆ ਮੁਹਿੰਮਾਂ ਨਾਲ ਸਹਿਯੋਗ ਸਮੇਤ ਡਿਜੀਟਲ ਮਾਰਕੀਟਿੰਗ ਰਣਨੀਤੀਆਂ ਦਾ ਵੀ ਲਾਭ ਉਠਾ ਰਿਹਾ ਹੈ। ਖਰੀਦਦਾਰੀ ਤਿਉਹਾਰ, ਸੱਭਿਆਚਾਰਕ ਅਨੁਭਵ ਅਤੇ ਸਾਹਸੀ ਸੈਰ-ਸਪਾਟਾ ਵਿਜ਼ਿਟ ਮਲੇਸ਼ੀਆ 2026 ਮੁਹਿੰਮ ਦੇ ਮੁੱਖ ਮੁੱਖ ਨੁਕਤੇ ਹਨ। ਵੀਜ਼ਾ ਪ੍ਰਕਿਰਿਆਵਾਂ ਬਾਰੇ ਚਿੰਤਾਵਾਂ ਦੇ ਸੰਬੰਧ ਵਿੱਚ ਮਨੋਹਰਨ ਨੇ ਭਰੋਸਾ ਦਿੱਤਾ ਕਿ ਮਲੇਸ਼ੀਆ ਨੇ ਭਾਰਤੀ ਸੈਲਾਨੀਆਂ ਲਈ ਆਪਣੀ ਵੀਜ਼ਾ ਪ੍ਰਕਿਰਿਆ ਨੂੰ ਸੁਚਾਰੂ ਬਣਾਇਆ ਹੈ। ਉਨ੍ਹਾਂ ਨੇ ਦੱਸਿਆ,÷ਦਸੰਬਰ ਵਿੱਚ ਵੀਜ਼ਾ-ਮੁਕਤ ਐਂਟਰੀ ਲਾਗੂ ਹੋਣ ਤੋਂ ਬਾਅਦ ਸਾਨੂੰ ਭਾਰਤ ਤੋਂ 1.1 ਮਿਲੀਅਨ ਤੋਂ ਵੱਧ ਸੈਲਾਨੀ ਮਿਲੇ ਹਨ। ਵੀਜ਼ਾ ਪ੍ਰਕਿਰਿਆ ਸਧਾਰਨ ਹੈ - ਯਾਤਰੀਆਂ ਨੂੰ ਛੇ ਮਹੀਨਿਆਂ ਤੋਂ ਵੱਧ ਸਮੇਂ ਲਈ ਵੈਧ ਪਾਸਪੋਰਟ ਦੀ ਲੋੜ ਹੁੰਦੀ ਹੈ ਅਤੇ ਉਹ ਐਪ ਰਾਹੀਂ ਅਰਜ਼ੀ ਦੇ ਸਕਦੇ ਹਨ ਜਾਂ ਵੀਜ਼ਾ-ਆਨ-ਅਰਾਈਵਲ ਦੀ ਚੋਣ ਕਰ ਸਕਦੇ ਹਨ। ਇੰਟਰਨੈਸ਼ਨਲ ਪ੍ਰਮੋਸ਼ਨ (ਏਸ਼ੀਆ ਅਤੇ ਅਫਰੀਕਾ) ਦੀ ਡਾਇਰੈਕਟਰ ਸ਼੍ਰੀਮਤੀ ਨੁਵਾਲ ਫਾਦਿਲਾ ਕੂ ਆਜ਼ਮੀ ਨੇ ਕਿਹਾ ਕਿ 2024 ਵਿੱਚ ਮਲੇਸ਼ੀਆ ਦੇ ਰਿਕਾਰਡ-ਤੋੜ 1.1 ਮਿਲੀਅਨ ਭਾਰਤੀ ਸੈਲਾਨੀਆਂ ਦੇ ਆਗਮਨ ਨੂੰ ਉਜਾਗਰ ਕੀਤਾ, ਜੋ ਕਿ 2019 ਵਿੱਚ 735,000 ਦੇ ਕੋਵਿਡ-ਪੂਰਵ ਅੰਕੜਿਆਂ ਨੂੰ ਪਾਰ ਕਰ ਗਿਆ। ਇਸ ਵਾਧੇ ਲਈ ਭਾਰਤੀ ਯਾਤਰੀਆਂ ਲਈ ਮਲੇਸ਼ੀਆ ਦੀ ਵੀਜ਼ਾ-ਮੁਕਤ ਨੀਤੀ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ, ਜੋ ਹੁਣ ਦਸੰਬਰ 2026 ਤੱਕ ਵਧਾ ਦਿੱਤੀ ਗਈ ਹੈ, ਨਾਲ ਹੀ 16 ਭਾਰਤੀ ਸ਼ਹਿਰਾਂ ਤੋਂ ਵਧੀਆਂ ਹਵਾਈ ਸੰਪਰਕ-270 ਹਫਤਾਵਾਰੀ ਉਡਾਣਾਂ, ਜਿਸ ਵਿੱਚ ਚੇਨਈ ਤੋਂ ਪੇਨਾਂਗ ਅਤੇ ਬੰਗਲੌਰ ਤੋਂ ਇੰਡੀਗੋ ਰਾਹੀਂ ਲੰਗਕਾਵੀ ਤੱਕ ਨਵੇਂ ਰੂਟ ਸ਼ਾਮਲ ਹਨ।

## ਸਸਤੇ ਮੋਬਾਈਲ ਡਾਟਾ ਦਾ ਕਮਾਲ; ਇਸ ਮਾਮਲੇ 'ਚ ਭਾਰਤ ਨੇ ਅਮਰੀਕਾ ਨੂੰ ਛੱਡਿਆ ਪਿੱਛੇ

ਨਵੀਂ ਦਿੱਲੀ 6 ਫਰਵਰੀ। ਭਾਰਤ ਨੇ ਮੋਬਾਈਲ ਡਾਟਾ ਵਰਤੋਂ ਦੇ ਮਾਮਲੇ 'ਚ ਇਕ ਨਵਾਂ ਰਿਕਾਰਡ ਕਾਇਮ ਕੀਤਾ ਹੈ। ਇਸ ਮਾਮਲੇ 'ਚ ਭਾਰਤ ਨੇ ਅਮਰੀਕਾ ਵਰਗੇ ਦੇਸ਼ ਨੂੰ ਵੀ ਪਿੱਛੇ ਛੱਡ ਦਿੱਤਾ ਹੈ। ਇਹ ਜਾਣਕਾਰੀ ਦੂਰਸੰਚਾਰ ਵਿਭਾਗ (4✣") ਵੱਲੋਂ ਦਿੱਤੀ ਗਈ ਹੈ। 4✣" ਨੇ ਦਾਅਵਾ ਕੀਤਾ ਹੈ ਕਿ ਭਾਰਤ 'ਚ ਲੋਕਾਂ ਨੂੰ ਸਭ ਤੋਂ ਸਸਤਾ ਮੋਬਾਈਲ ਡਾਟਾ ਦਿੱਤਾ ਜਾ ਰਿਹਾ ਹੈ। ਸਸਤੀ ਇੰਟਰਨੈੱਟ ਸਹੂਲਤ ਕਾਰਨ ਅੱਜ ਭਾਰਤ ਦੇ ਲਗਭਗ ਹਰ ਨਾਗਰਿਕ ਕੋਲ ਮੋਬਾਈਲ ਹੈ। ਦੂਰਸੰਚਾਰ ਵਿਭਾਗ (4✣") ਨੇ ਕਿਹਾ ਕਿ ਅੱਜ ਸੰਚਾਰ ਦ੍ਰਿਸ਼ਟੀਕੋਣ ਵਿੱਚ ਇੱਕ



ਵੱਡਾ ਬਦਲਾਅ ਆਇਆ ਹੈ, ਭਾਰਤ ਵਿੱਚ ਲਗਭਗ ਹਰ ਹੱਥ ਵਿਚ ਮੋਬਾਈਲ ਫੋਨ ਹੈ। ਅਕਤੂਬਰ 2024 ਤੱਕ ਦੇਸ਼ ਵਿੱਚ 1.15 ਬਿਲੀਅਨ ਮੋਬਾਈਲ ਗਾਹਕ ਸਨ, ਜਿਨ੍ਹਾਂ ਵਿੱਚੋਂ ਲਗਭਗ 1.06 ਬਿਲੀਅਨ ਸਰਗਰਮ ਸਨ ਅਤੇ ਜੂਨ 2024 ਤੱਕ 928 ਮਿਲੀਅਨ ਵਾਇਰਲੈੱਸ ਇੰਟਰਨੈੱਟ ਗਾਹਕ ਸਨ। ਕਾਲ ਦੀ ਲਾਗਤ ਘੱਟ ਕੇ ਸਿਰਫ਼ 3 ਪੈਸੇ ਪ੍ਰਤੀ ਮਿੰਟ ਰਹਿ ਗਈ ਹੈ, ਅਤੇ ਮੋਬਾਈਲ ਡਾਟਾ ਦੀ ਕੀਮਤ 9.08 ਰੁਪਏ ਪ੍ਰਤੀ ਜੀਬੀ ਹੋ ਗਈ ਹੈ, ਜੋ ਕਿ ਦੁਨੀਆ ਵਿਚ ਸਭ ਤੋਂ ਘੱਟ ਦਰਾਂ ਵਿੱਚੋਂ ਇੱਕ ਹੈ। ਇਸ ਤੋਂ ਇਲਾਵਾ ਦੂਰਸੰਚਾਰ ਵਿਭਾਗ ਨੇ ਕਿਹਾ ਕਿ ਭਾਰਤ ਪ੍ਰਤੀ ਸਮਾਰਟਫੋਨ ਔਸਤ ਮਾਸਿਕ ਡਾਟਾ ਖਪਤ ਵਿੱਚ ਦੁਨੀਆ ਵਿੱਚ ਮੋਹਰੀ ਹੈ, ਜਿੱਥੇ ਪ੍ਰਤੀ ਮਹੀਨਾ ਔਸਤਨ 3272 ਡਾਟਾ ਵਰਤਿਆ ਜਾਂਦਾ ਹੈ, ਜਦੋਂਕਿ ਵਿਸ਼ਵ ਔਸਤ 1972 ਹੈ। ਦੂਰਸੰਚਾਰ ਵਿਭਾਗ ਨੇ ਅੱਗੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਚੀਜ਼ਾਂ ਹੋਰ ਵੀ ਬਿਹਤਰ ਹੋਣ ਜਾ ਰਹੀਆਂ ਹਨ। 2022 ਦੇ ਅਖੀਰ ਵਿੱਚ ਭਾਰਤ ਵਿੱਚ ਸ਼ੁਰੂ ਕੀਤੀਆਂ ਗਈਆਂ 57 ਸੇਵਾਵਾਂ ਦੁਨੀਆ ਨੂੰ ਪੂਰੀ ਤਰ੍ਹਾਂ ਬਦਲਣ ਦਾ ਵਾਅਦਾ ਕਰਦੀਆਂ ਹਨ। ਤੇਜ਼ ਗਤੀ ਅਤੇ ਘੱਟ ਪ੍ਰਤੀਕਿਰਿਆ ਸਮੇਂ ਵਾਲੇ ਅਤੇ ਟੈਲੀਵਿਜ਼ਨ ਅਤੇ ਵਰਚੁਅਲ ਰਿਐਲਿਟੀ ਐਪਲੀਕੇਸ਼ਨ ਦਾ ਨਵਾਂ ਯੁੱਗ ਆਉਣ ਵਾਲਾ ਹੈ।

## ਹੁਣ ਪੰਚਾਇਤੀ ਜ਼ਮੀਨ 'ਤੇ ਮਿਲੇਗਾ ਮਾਲਿਕਾਨਾ ਹੱਕ, ਆੜ੍ਹਤੀਆਂ ਨੂੰ ਵੀ ਵੱਡੀ ਰਾਹਤ

ਚੰਡੀਗੜ੍ਹ, 6 ਫਰਵਰੀ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਪ੍ਰਧਾਨਗੀ ਹੇਠ ਮੰਗਲਵਾਰ ਨੂੰ ਹੋਈ ਕੈਬਨਿਟ ਦੀ ਮੀਟਿੰਗ 'ਚ ਹਰਿਆਣਾ ਗ੍ਰਾਮ ਕਾਮਨ ਲੈਂਡ (ਰੈਗੂਲੇਸ਼ਨ) ਐਕਟ, 1961 'ਚ ਸੋਧ ਨੂੰ ਪ੍ਰਵਾਨਗੀ ਦੇ ਦਿੱਤੀ ਗਈ। ਹਰਿਆਣਾ 'ਚ ਪੰਚਾਇਤੀ ਜ਼ਮੀਨ 'ਤੇ 20 ਸਾਲਾਂ ਤੋਂ ਕਾਬਿਜ਼ ਮਕਾਨ ਮਾਲਕਾਂ ਨੂੰ ਮਾਲਿਕਾਨਾ ਹੱਕ ਦਿੱਤੇ ਜਾਣਗੇ। ਉਨ੍ਹਾਂ ਨੂੰ 2004 ਦੇ ਕੁਲੈਕਟਰ ਰੇਟ 'ਤੇ ਜ਼ਮੀਨ ਦਿੱਤੀ ਜਾਵੇਗੀ। ਇਸ ਦੇ ਲਈ ਮਕਾਨ 20 ਸਾਲਾਂ ਤੋਂ ਵੱਧ ਪੁਰਾਣਾ ਹੋਣਾ ਚਾਹੀਦਾ ਹੈ। 500 ਵਰਗ ਗਜ਼ ਤੱਕ ਦੀ ਜ਼ਮੀਨ ਕੁਲੈਕਟਰ ਰੇਟ 'ਤੇ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਐਕਟ ਤਹਿਤ ਪਹਿਲਾਂ ਕਿਹਾ ਗਿਆ ਸੀ ਕਿ ਗ੍ਰਾਮ ਪੰਚਾਇਤ ਅਣਅਧਿਕਾਰਤ ਤੌਰ 'ਤੇ ਬਣਾਏ ਗਏ ਮਕਾਨਾਂ ਨਾਲ ਕਬਜ਼ਾਈ ਗਈ 500 ਵਰਗ ਗਜ਼ ਤੱਕ ਦੀ ਜ਼ਮੀਨ ਨੂੰ ਬਾਜ਼ਾਰ ਕੀਮਤ ਤੋਂ ਘੱਟ 'ਤੇ ਨਹੀਂ ਵੇਚ ਸਕਦੀ। ਹਰਿਆਣਾ ਸਰਕਾਰ ਨੇ ਆੜ੍ਹਤੀਆਂ ਨੂੰ ਵੀ ਵੱਡੀ ਰਾਹਤ ਦਿੰਦੇ ਹੋਏ ਹਾੜੀ ਖਰੀਦ ਸੀਜ਼ਨ 2024-25 'ਚ ਨਮੀ ਕਾਰਨ ਤੋਲ 'ਚ ਹੋਈ ਕਮੀ ਦੇ ਨੁਕਸਾਨ ਦੀ ਪੂਰਤੀ ਲਈ ਉਨ੍ਹਾਂ ਨੂੰ ਮੁਆਵਜ਼ਾ ਰਾਸ਼ੀ ਦੇਣ ਨੂੰ ਪ੍ਰਵਾਨਗੀ ਦੇ ਦਿੱਤੀ। ਇਸ ਦੇ ਲਈ ਸੂਬਾ ਸਰਕਾਰ ਕੁੱਲ 3 ਕਰੋੜ 9 ਲੱਖ 95 ਹਜ਼ਾਰ 541 ਰੁਪਏ ਦੀ ਰਕਮ ਸਹਿਣ ਕਰੇਗੀ। ਹਰਿਆਣਾ ਜੰਗਲੀ ਜੀਵ (ਸੁਰੱਖਿਆ) ਨਿਯਮ, 2024 ਨੂੰ ਵੀ ਪ੍ਰਵਾਨਗੀ ਦਿੱਤੀ ਗਈ। ਨਵੇਂ ਨਿਯਮਾਂ ਤਹਿਤ ਜੰਗਲੀ ਜੀਵ ਵਿਭਾਗ ਨਾਲ ਸਬੰਧਤ ਵੱਖ-ਵੱਖ ਤਰ੍ਹਾਂ ਦੇ ਪਰਮਿਟ ਪ੍ਰਾਪਤ ਕਰਨ ਲਈ ਮਾਪਦੰਡ ਨਿਰਧਾਰਤ ਕੀਤੇ ਗਏ ਹਨ।

# ਕੋਟਾ 'ਚ ਦਰਦਨਾਕ ਹਾਦਸਾ, ਸਕੂਲ 'ਚ ਟਾਇਲਟ ਦੀ ਕੰਧ ਡਿੱਗਣ ਕਾਰਨ 7 ਸਾਲਾ ਬੱਚੀ ਦੀ ਮੌਤ

**ਕਿਸ਼ਨ ਪਾਲ**

ਕੋਟਾ (ਰਾਜਸਥਾਨ) 6 ਫਰਵਰੀ। ਰਾਜਸਥਾਨ ਦੇ ਕੋਟਾ ਵਿਚ ਇਕ ਸਰਕਾਰੀ ਸਕੂਲ ਵਿਚ ਟਾਇਲਟ ਦੀ ਕੰਧ ਡਿੱਗਣ ਕਾਰਨ ਇਕ 7 ਸਾਲਾਂ ਦੀ ਬੱਚੀ ਦੱਬੀ ਗਈ ਜਿਸ ਦੀ ਹਸਪਤਾਲ ਵਿਚ ਇਲਾਜ ਦੌਰਾਨ ਮੌਤ ਹੋ ਗਈ। ਅਧਿਕਾਰੀਆਂ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਤੋਂ ਬਾਅਦ ਜ਼ਿਲ੍ਹਾ ਸਿੱਖਿਆ ਵਿਭਾਗ ਨੇ ਸ਼ਨੀਵਾਰ ਨੂੰ ਸਕੂਲ ਦੇ ਤਿੰਨ ਅਧਿਆਪਕਾਂ ਨੂੰ ਕਥਿਤ ਲਾਪਰਵਾਹੀ ਦੇ ਦੋਸ਼ ਹੇਠ ਮੁਅੱਤਲ ਕਰ ਦਿੱਤਾ ਹੈ ਅਤੇ ਇਸ ਦੀ ਵਿਸਥਾਰਤ ਜਾਂਚ ਦੇ ਹੁਕਮ ਦਿੱਤੇ ਹਨ। ਇਲਾਕਾ ਅਧਿਕਾਰੀ ਸਤਿਆਨਾਰਾਇਣ ਮਾਲਵ ਨੇ ਦੱਸਿਆ ਕਿ ਦਰਬੇਚੀ ਪਿੰਡ ਦੇ ਸਰਕਾਰੀ ਹਾਇਰ ਪ੍ਰਾਇਮਰੀ ਸਕੂਲ ਦੀ ਪਹਿਲੀ ਜਮਾਤ ਦੀ ਵਿਦਿਆਰਥਣ ਰੋਹਿਣੀ ਸ਼ੁੱਕਰਵਾਰ ਦੁਪਹਿਰ ਨੂੰ ਉਸ ਸਮੇਂ ਜ਼ਖਮੀ ਹੋ ਗਈ, ਜਦੋਂ ਉਹ ਟਾਇਲਟ ਦੇ ਅੰਦਰ ਸੀ। ਉਨ੍ਹਾਂ ਦੱਸਿਆ ਕਿ ਖਸਤਾ ਹਾਲ ਟਾਇਲਟ ਦੀ ਕੰਧ ਡਿੱਗਣ ਕਾਰਨ ਲੜਕੀ ਉਸ ਹੇਠ ਦੱਬੀ ਗਈ। ਪੁਲਸ ਨੇ ਦੱਸਿਆ ਕਿ ਸਕੂਲ ਸਟਾਫ ਨੇ ਬੱਚੀ ਦੇ ਮਾਪਿਆਂ ਨੂੰ ਸੂਚਿਤ ਕੀਤਾ, ਜੋ ਉਸ ਨੂੰ ਸੁਲਤਾਨਪੁਰ ਦੇ ਕਮਿਊਨਿਟੀ ਹੈਲਥ ਸੈਂਟਰ ਲੈ ਗਏ। ਪੁਲਸ ਨੇ ਦੱਸਿਆ ਕਿ ਡਾਕਟਰਾਂ ਨੇ ਮੁੱਢਲੀ ਸਹਾਇਤਾ ਤੋਂ ਬਾਅਦ ਉਸ ਨੂੰ ਉੱਚ ਸਿਹਤ ਕੇਂਦਰ ਰੈਫਰ ਕਰ ਦਿੱਤਾ। ਇਸ ਤੋਂ ਬਾਅਦ ਪਰਿਵਾਰ ਵਾਲੇ ਉਸ ਨੂੰ ਕੋਟਾ ਦੇ ਇੱਕ ਨਿੱਜੀ ਹਸਪਤਾਲ ਲੈ ਗਏ ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਸ਼ਨੀਵਾਰ ਨੂੰ ਬੱਚੀ ਦੇ ਮਾਤਾ-ਪਿਤਾ ਨੇ ਸਕੂਲ ਸਟਾਫ 'ਤੇ ਲਾਪਰਵਾਹੀ ਦਾ ਦੋਸ਼ ਲਗਾਉਂਦੇ ਹੋਏ ਸ਼ਿਕਾਇਤ ਦਰਜ ਕਰਵਾਈ। ਪੁਲਸ ਨੇ ਸ਼ਿਕਾਇਤ ਦੇ ਆਧਾਰ 'ਤੇ ਮਾਮਲਾ ਦਰਜ ਕਰ ਲਿਆ ਹੈ। ਇਸ ਘਟਨਾ ਤੋਂ ਗੁੱਸੇ ਵਿੱਚ ਆ ਕੇ ਲੜਕੀ ਦੇ ਪਰਿਵਾਰਕ ਮੈਂਬਰਾਂ ਅਤੇ ਪਿੰਡ ਵਾਸੀਆਂ ਨੇ ਮੁਆਵਜ਼ੇ ਅਤੇ ਜ਼ਿੰਮੇਵਾਰਾਂ ਖ਼?ਲਾਫ਼ ਕਾਰਵਾਈ ਦੀ ਮੰਗ ਕਰਦਿਆਂ ਦਰਬੇਚੀ ਰੋਡ 'ਤੇ ਧਰਨਾ ਦਿੱਤਾ। ਪੁਲਸ ਤੋਂ ਇਲਾਵਾ ਉਪ ਮੰਡਲ ਅਧਿਕਾਰੀ ਮੌਕੇ 'ਤੇ ਪੁੱਜੇ ਅਤੇ ਪਰਿਵਾਰ ਨੂੰ 5.50 ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਭਰੋਸਾ ਦਿੱਤਾ। ਪੁਲਸ ਨੇ ਦੱਸਿਆ ਕਿ ਮੌਕੇ 'ਤੇ ਹੀ 3.50 ਲੱਖ ਰੁਪਏ ਪਰਿਵਾਰ ਨੂੰ ਸੌਂਪ ਦਿੱਤੇ ਗਏ ਅਤੇ ਬਾਕੀ ਰਾਸ਼ੀ ਵੀ ਜਲਦੀ ਦੇਣ ਦਾ ਭਰੋਸਾ ਦਿੱਤਾ ਗਿਆ। ਇਸ ਤੋਂ ਬਾਅਦ ਧਰਨਾ ਸਮਾਪਤ ਹੋ ਗਿਆ।

### ਰੇਲ ਮੰਡਲ ਨੇ ਸਾਲ ਦੇ ਪਹਿਲੇ ਮਹੀਨੇ ਹੀ ਜੁਰਮਾਨੇ ਵਜੋਂ ਇਕੱਠੇ ਕੀਤੇ ਕਰੋੜਾਂ ਰੁਪਏ

ਫਿਰੋਜ਼ਪੁਰ 6 ਫਰਵਰੀ। ਰੇਲ ਮੰਡਲ ਫਿਰੋਜ਼ਪੁਰ ਵੱਲੋਂ ਇਸ ਸਾਲ ਦੇ ਪਹਿਲੇ ਮਹੀਨੇ ਬੇਟਿਕਟ ਅਤੇ ਅਨਿਯਮਿਤ ਸਫਰ ਕਰਨ ਵਾਲਿਆਂ ਕੋਲੋਂ 2.43 ਕਰੋੜ ਰੁਪਏ ਜੁਰਮਾਨਾ ਇਕੱਠਾ ਕੀਤਾ ਗਿਆ ਹੈ। ਮੰਡਲ ਪ੍ਰਬੰਧਕ ਸੰਜੈ ਸਾਹੂ ਨੇ ਦੱਸਿਆ ਕਿ ਰੇਲ ਮੁਸਾਫਰਾਂ ਨੂੰ ਸੁਵਿਧਾ ਭਰਪੂਰ ਰੇਲ ਯਾਤਰਾ ਮੁਹੱਈਆ ਕਰਵਾਉਣ ਦੇ ਨਾਲ-ਨਾਲ ਵਿਭਾਗ ਉਨ੍ਹਾਂ ਤੱਤਾ ਦੇ ਖਿਲਾਫ਼ ਸਖ਼ਤ ਵੀ ਹੈ ਜੋ ਬਿਨਾਂ ਟਿਕਟ ਅਤੇ ਅਨਿਯਮਿਤ ਟਿਕਟ 'ਤੇ ਸਫਰ ਕਰਦੇ ਹਨ। ਇਸ ਲੜੀ ਅਧੀਨ ਲਗਾਤਾਰ ਚੈਕਿੰਗ ਮੁਹਿੰਮਾਂ ਚਲਾਈਆਂ ਜਾਂਦੀਆਂ ਹਨ। ਜਨਵਰੀ 2025 'ਚ ਅਜਿਹੇ 25,390 ਕੇਸ ਫੜੇ ਗਏ ਹਨ, ਜਿਨਾਂ ਤੋਂ ਜੁਰਮਾਨੇ ਵਜੋਂ 2.43 ਕਰੋੜ ਰੁਪਏ ਵਸੂਲੇ ਗਏ ਹਨ। ਇਸ ਤੋਂ ਇਲਾਵਾ ਰੇਲਵੇ ਸਟੇਸ਼ਨਾਂ, ਰੇਲਗੱਡੀਆਂ, ਰੇਲਵੇ ਕੰਪਲੈਕਸਾਂ 'ਚ ਗੰਦਗੀ ਫੈਲਾਉਣ ਵਾਲੇ 584 ਕੇਸ ਫੜ ਕੇ ਉਨ੍ਹਾਂ ਕੋਲੋਂ 99,500 ਰੁਪਏ ਜੁਰਮਾਨਾ ਵਸੂਲੀ ਕੀਤੀ ਗਈ ਹੈ।

## ਹੋਟਲਾਂ ਦੇ ਨਾਜਾਇਜ਼ ਨਿਰਮਾਣ ਖ਼ਿਲਾਫ਼ ਕਾਰਵਾਈ ਕਰਨ ਦੀ ਜਗਹਾ ਬਚਾਅ 'ਤੇ ਜ਼ਿਆਦਾ ਜ਼ੋਰ ਲਗਾ ਰਹੇ ਨਿਗਮ ਅਫਸਰ

ਲੁਧਿਆਣਾ 6 ਫਰਵਰੀ। ਨਗਰ ਨਿਗਮ ਅਫਸਰ ਹੋਟਲਾਂ ਦੇ ਨਾਜਾਇਜ਼ ਨਿਰਮਾਣ ਖਿਲਾਫ ਕਾਰਵਾਈ ਕਰਨ ਦੀ ਜਗ?ਹਾ ਬਚਾਅ 'ਤੇ ਜ਼ਿਆਦਾ ਜ਼ੋਰ ਲਗਾ ਰਹੇ ਹਨ, ਜਿਸ ਦਾ ਸਬੂਤ ਇਸ ਕੇਸ ਦੀ ਸੁਣਵਾਈ ਦੌਰਾਨ ਕੋਰਟ 'ਚ ਪੇਸ਼ ਕੀਤੀ ਗਈ ਰਿਪੋਰਟ ਦੇ ਰੂਪ 'ਚ ਸਾਹਮਣੇ ਆਇਆ ਹੈ।



ਇਸ ਮਾਮਲੇ 'ਚ ਕੋਰਟ ਨੇ ਸਰਕਾਰ ਨੂੰ ਪਾਰਕਿੰਗ ਨਿਯਮਾਂ ਦੀ ਉਲੰਘਣਾਂ ਦੇ ਦਾਇਰੇ ਵਿਚ ਆਉਣ ਵਾਲੇ ਹੋਟਲਾਂ ਖਿਲਾਫ ਮਿਊਂਸੀਪਲ ਕਾਰਪੋਰੇਸ਼ਨ ਐਕਟ ਦੇ ਨਿਯਮਾਂ ਤਹਿਤ ਕਾਰਵਾਈ ਨਾ ਕਰਨ ਦੇ ਦੋਸ਼ 'ਚ ਨਗਰ ਨਿਗਮ 'ਤੇ ਐਕਸ਼ਨ ਲੈਣ ਦੇ ਨਿਰਦੇਸ਼ ਦਿੱਤੇ ਸੀ। ਇਸ ਸਬੰਧੀ 11 ਦਸੰਬਰ ਨੂੰ ਜਾਰੀ ਆਰਡਰ 'ਚ ਕੋਰਟ ਵਲੋਂ ਕੀਤੀ ਗਈ ਸਖ਼ਤ ਟਿੱਪਣੀ ਦੇ ਬਾਅਦ ਨਗਰ ਨਿਗਮ ਵਲੋਂ ਕੁਝ ਹੋਟਲਾਂ ਖਿਲਾਫ ਸੀਲਿੰਗ ਦੀ ਕਾਰਵਾਈ ਕੀਤੀ ਗਈ ਸੀ, ਜਦਕਿ 15 ਜਨਵਰੀ ਨੂੰ ਹੋਈ ਮਾਮਲੇ ਦੀ ਅਗਲੀ ਸੁਣਵਾਈ ਦੌਰਾਨ ਹੋਟਲਾਂ ਦੇ ਨਾਜਾਇਜ਼ ਨਿਰਮਾਣ ਖਿਲਾਫ ਕਾਰਵਾਈ ਕਰਨ ਦਾ ਫ਼ੈਸਲਾ ਲੈਣ ਲਈ ਨਗਰ ਨਿਗਮ ਵਲੋਂ ਜਨਰਲ ਹਾਊਸ ਦਾ ਗਠਨ ਨਾ ਹੋਣ ਦਾ ਬਹਾਨਾ ਬਣਾਇਆ ਗਿਆ ਪਰ 27 ਜਨਵਰੀ ਨੂੰ ਕੋਰਟ 'ਚ ਦਾਖਲ ਕੀਤੀ ਗਈ ਸਟੇਟਸ ਰਿਪੋਰਟ 'ਚ ਨਗਰ ਨਿਗਮ ਨੇ ਨਾਜਾਇਜ਼ ਨਿਰਮਾਣ ਦੇ ਮਾਮਲੇ ਇਹ ਕਹਿ ਕੇ 27 ਹੋਟਲਾਂ ਤੱਕ ਹੀ ਸੀਮਿਤ ਕਰ ਦਿੱਤਾ ਗਿਆ ਕਿ ਇਸ ਤੋਂ ਪਹਿਲਾਂ ਦਿੱਤੀ ਗਈ ਲਿਸਟ 'ਚ ਸ਼ਾਮਲ 109 'ਚੋਂ ਬਾਕੀ ਹੋਟਲ ਜਾਂ ਤਾਂ ਬੰਦ ਹੋ ਗਏ ਹਨ ਜਾਂ ਰੈਗੂਲਰ ਕਰ ਦਿੱਤੇ ਗਏ ਹਨ। ਜਿਥੋਂ ਤੱਕ ਅਸਲੀਅਤ ਦਾ ਸਵਾਲ ਹੈ ਮਹਾਨਗਰ 'ਚ ਹੁਣ ਹੋਰ ਹੋਟਲਾਂ ਦੇ ਨਾਜਾਇਜ਼ ਨਿਰਮਾਣ ਦਾ ਅੰਕੜਾ ਕਾਫੀ ਜ਼ਿਆਦਾ ਹੈ। ਇਸ ਦੇ ਬਾਵਜੂਦ ਨਗਰ ਨਿਗਮ ਦੀ ਬਿਲਡਿੰਗ ਬ੍ਰਾਂਚ ਦੇ ਅਫਸਰ ਹੁਣ ਅਦਾਲਤ ਦੇ ਤਾਜਾ ਆਰਡਰ ਵਿਚ ਬਾਕੀ ਦੇ ਹੋਟਲਾਂ ਵਿਚ ਨਾਜਾਇਜ਼ ਨਿਰਮਾਣ ਨੂੰ ਲੈ ਕੇ ਚੁੱਪੀ ਸਾਧ ਕੇ ਬੈਠ ਗਏ ਹਨ।

# ਸੰਤ ਤੁਕਾਰਾਮ ਮਹਾਰਾਜ ਦੇ 11ਵੇਂ ਵੰਸ਼ਜ ਸ਼ਿਰੀਸ਼ ਮਹਾਰਾਜ ਨੇ ਕੀਤੀ ਖੁਦਕੁਸ਼ੀ

ਪੁਣੇ 6 ਫਰਵਰੀ। ਮਹਾਰਾਸ਼ਟਰ 'ਚ ਕੀਰਤਨ ਕਲਾਕਾਰ ਵਜੋਂ ਮਸ਼ਹੂਰ ਸ਼ਿਰੀਸ਼ ਮੋਰੇ ਮਹਾਰਾਜ (32) ਨੇ ਖੁਦਕੁਸ਼ੀ ਕਰ ਲਈ ਹੈ। ਮੋਰੇ 17ਵੀਂ ਸਦੀ ਦੇ ਮਰਾਠੀ ਕਵੀ ਸੰਤ ਤੁਕਾਰਾਮ ਦੇ ਵੰਸ਼ਜ 'ਚੋਂ ਸਨ। ਪੁਲਸ ਨੇ ਦੱਸਿਆ ਕਿ ਸ਼ਿਰੀਸ਼ ਮੋਰੇ ਦੇ ਘਰੋਂ ਇਕ ਸੁਸਾਈਡ ਨੋਟ ਮਿਲਿਆ ਹੈ, ਜਿਸ 'ਚ ਲਿਖਿਆ ਹੈ ਕਿ ਉਹ ਆਰਥਿਕ ਤੰਗੀ ਕਾਰਨ ਖੁਦਕੁਸ਼ੀ ਕਰ ਰਿਹਾ ਹੈ। ਪਿੰਪੜੀ ਚਿੰਚਵਾੜ ਥਾਣੇ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਜਦੋਂ ਬੁੱਧਵਾਰ ਸਵੇਰੇ ਮੋਰੇ ਦੇ ਮਾਪਿਆਂ ਨੇ ਉਸ ਦੇ ਕਮਰੇ ਦਾ ਦਰਵਾਜ਼ਾ ਖੜਕਾਇਆ ਤਾਂ ਕੋਈ ਜਵਾਬ ਨਹੀਂ ਆਇਆ। ਉਨ੍ਹਾਂ ਨੇ ਪੁਲਸ ਨੂੰ ਸੂਚਿਤ ਕੀਤਾ, ਜਿਸ ਨੇ ਦਰਵਾਜ਼ਾ ਤੋੜਿਆ ਅਤੇ ਸ਼ਿਰੀਸ਼ ਮੋਰੇ ਮਹਾਰਾਜ ਦੀ ਲਾਸ਼ ਬਰਾਮਦ ਕੀਤੀ। ਅਧਿਕਾਰੀ ਨੇ ਦੱਸਿਆ ਕਿ ਲਾਸ਼ ਦਾ ਪੋਸਟਮਾਰਟਮ ਕਰਵਾਇਆ ਗਿਆ ਅਤੇ ਅੱਗੇ ਦੀ ਜਾਂਚ ਕੀਤੀ ਜਾ ਰਹੀ ਹੈ। ਸ਼ਿਰੀਸ਼ ਮਹਾਰਾਜ ਸੰਤ ਤੁਕਾਰਾਮ ਮਹਾਰਾਜ ਦੇ 11ਵੇਂ ਵੰਸ਼ਜ ਸਨ। ਉਨ੍ਹਾਂ ਕੋਲ ਨਿਗਡੀ ਵਿਚ ਇਡਲੀ ਰੈਸਟੋਰੈਂਟ ਵੀ ਸੀ। ਪਰਿਵਾਰ ਵਿਚ ਉਨ੍ਹਾਂ ਦੇ ਇਲਾਵਾ ਮਾਂ ਅਤੇ ਪਿਤਾ ਹਨ। ਉਨ੍ਹਾਂ ਦਾ ਪਿਛਲੇ ਮਹੀਨੇ ਹੀ ਵਿਆਹ ਤੈਅ ਹੋਇਆ ਸੀ। ਵਿਆਹ ਅਪ੍ਰੈਲ ਜਾਂ ਮਈ ਵਿਚ ਹੋਣਾ ਸੀ ਪਰ ਵਿਆਹ ਤੋਂ ਪਹਿਲਾਂ ਹੀ ਉਨ੍ਹਾਂ ਨੇ ਖੁਦਕੁਸ਼ੀ ਕਰ ਲਈ।

## ਬੇਖੌਫ ਲੁਟੇਰਿਆਂ ਨੇ ਤੇਜ਼ਧਾਰ ਹਥਿਆਰਾਂ ਦੀ ਨੋਕ 'ਤੇ ਦਰਾਣੀ-ਜਠਾਣੀ ਨੂੰ ਲੁੱਟਿਆ

ਮਨੀਸ਼ ਬਾਵਾ 6 ਫਰਵਰੀ। ਫਿਲੌਰ ਤੋਂ ਗੁਰਾਇਆ ਥਾਣੇ ਦੇ ਪਿੰਡ ਕੋਟਲੀ ਖੱਖਿਆਂ ਆਪਣੇ ਰਿਸ਼ਤੇਦਾਰ ਦੇ ਮਰਗ ਦੇ ਭੋਗ 'ਤੇ ਜਾ ਰਹੀ ਦਰਾਣੀ-ਜਠਾਣੀ ਨੂੰ ਤੇਜ਼ਧਾਰ ਹਥਿਆਰਾ ਦੀ ਨੋਕ ਤੇ ਜਖਮੀ ਕਰਕੇ ਦੋ ਲੁਟੇਰਿਆਂ ਨੇ ਸੋਨੇ ਦੀਆਂ ਬਾਲੀਆ ਲੁੱਟ ਕਿ ਫਰਾਰ ਹੋ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪੀੜਿਤ ਇੰਦਰਜੀਤ ਨੇ ਦੱਸਿਆ ਕਿ ਉਹ ਫਿਲੌਰ ਦੀ ਰਹਿਣ ਵਾਲੀ ਹੈ ਜੋ ਆਪਣੀ ਦਰਾਣੀ ਦੇ ਨਾਲ ਕੋਟਲੀ ਖੱਖਿਆਂ ਨੂੰ ਆ ਰਹੀ ਸੀ। ਜਦੋਂ ਫਗਵਾੜਾ ਤੋਂ ਉਨ੍ਹਾਂ ਨੇ ਮਿਨੀ ਬੱਸ ਲਈ ਤਾਂ ਬੱਸ ਅੱਡੇ ਤੇ ਉਤਰਨ ਤੋਂ ਬਾਅਦ ਉਨ੍ਹਾਂ ਦੇ ਮਗਰ ਇੱਕ ਮੋਟਰਸਾਈਕਲ 'ਤੇ ਦੋ ਲੁਟੇਰੇ ਆਏ, ਜ਼ਿਨ੍ਹਾਂ ਨੇ ਉਨ੍ਹਾਂ ਤੋਂ ਸੋਨੇ ਦੀ ਵਾਲੀਆਂ ਮੰਗੀਆਂ। ਡਰ ਦੇ ਮਾਰੇ ਉਨ੍ਹਾਂ ਨੂੰ ਸੋਨੇ ਦੀ ਵਾਲੀਆਂ ਦੇ ਦਿੱਤੀਆਂ ਪਰ ਲੁਟੇਰਿਆਂ ਨੇ ਹਥਿਆਰ ਨਾਲ ਉਨ੍ਹਾਂ ਦੇ ਹੱਥ 'ਤੇ ਵਾਰ ਕਰ ਦਿੱਤਾ ਜਿਸ ਨਾਲ ਉਹ ਗੰਭੀਰ ਰੂਪ ਵਿੱਚ ਜਖਮੀ ਹੋ ਗਏ। ਉਨ੍ਹਾਂ ਦੇ ਹੱਥ ਤੇ 8 ਤੋਂ 9 ਟਾਂਕੇ ਲੱਗੇ ਹਨ ਅਤੇ ਲੁਟੇਰੇ ਸੋਨੇ ਦੀ ਵਾਲੀਆਂ ਲੈ ਕੇ ਫਰਾਰ ਹੋ ਗਏ। ਇਸ ਸਬੰਧੀ ਉਨ੍ਹਾਂ ਨੇ ਦੁਸਾਂਝ ਕਲਾਂ ਪੁਲਸ ਨੂੰ ਸ਼ਿਕਾਇਤ ਦੇ ਦਿੱਤੀ ਹੈ। ਪੁਲਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਦੋਸ਼ੀਆਂ ਦੀ ਭਾਲ ਕੀਤੀ ਜਾ ਰਹੀ ਹੈ।

# ਪੰਜਾਬ ਦੇ ਸਕੂਲਾਂ ਲਈ ਅਹਿਮ ਖ਼ਬਰ, ਸਿੱਖਿਆ ਮੰਤਰੀ ਨੇ ਕੀਤਾ ਵੱਡਾ ਐਲਾਨ

**ਏਜੰਸੀਆਂ**

ਚੰਡੀਗੜ੍ਹ 6 ਫਰਵਰੀ। ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਸਕੂਲ ਸਟਾਫ਼ ਅਤੇ ਵਿਦਿਆਰਥੀਆਂ ਨੂੰ ਐਮਰਜੈਂਸੀ ਜਾਂ ਕੁਦਰਤੀ ਆਫ਼ਤਾਂ ਨਾਲ ਸਬੰਧਤ ਘਟਨਾਵਾਂ ਦੌਰਾਨ ਪ੍ਰਤੀਕਿਰਿਆ ਕਰਨ ਦੇ ਢੰਗ-ਤਰੀਕਿਆਂ ਬਾਰੇ ਜਾਗਰੂਕ ਕਰਨ ਅਤੇ ਬਿਜਲੀ ਦੇ ਕਰੰਟ ਜਾਂ ਅੱਗ ਲੱਗਣ ਵਰਗੀ ਕਿਸੇ ਵੀ ਐਮਰਜੈਂਸੀ ਹਾਲਾਤ ਤੋਂ ਬਚਣ ਸਬੰਧੀ ਪ੍ਰਬੰਧ ਕਰਨ ਲਈ 4 ਕਰੋੜ ਰੁਪਏ ਤੋਂ ਵੱਧ ਦੇ ਫੰਡ ਜਾਰੀ ਕੀਤੇ ਹਨ। ਅੱਜ ਇੱਥੇ ਜਾਰੀ ਇਕ ਪ੍ਰੈਸ ਬਿਆਨ ਵਿਚ ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਨੂੰ ਪੁਲਸ-112, ਫਾਇਰ-101, ਐਂਬੂਲੈਂਸ-108, ਮਹਿਲਾ ਹੈਲਪਲਾਈਨ-1091, ਟਰੈਫਿਕ ਹੈਲਪਲਾਈਨ-1073 ਅਤੇ ਚਾਈਲਡ ਹੈਲਪਲਾਈਨ-1098 ਆਦਿ ਵਰਗੇ ਐਮਰਜੈਂਸੀ ਹੈਲਪਲਾਈਨ ਨੰਬਰ ਵਾਲੇ ਡਿਸਪਲੇਅ ਬੋਰਡ ਲਗਾਉਣ ਲਈ ਫੰਡਾਂ ਦੀ ਵਰਤੋਂ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਸਕੂਲ ਸਿੱਖਿਆ ਮੰਤਰੀ ਨੇ ਦੱਸਿਆ ਕਿ ਸਕੂਲ ਮੁਖੀਆਂ ਨੂੰ ਸਕੂਲ ਵਿਚ ਅੱਗ ਲੱਗਣ ਦੀ ਘਟਨਾ ਜਾਂ ਕੁਦਰਤੀ ਆਫ਼ਤ ਦੀ ਸਥਿਤੀ ਵਿਚ ਸਕੂਲ ਸਟਾਫ਼ ਅਤੇ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦਿਆਂ ਇਕ ਨਿਕਾਸੀ ਯੋਜਨਾ ਤਿਆਰ ਕਰਨ ਅਤੇ ਲੋੜ ਮੁਤਾਬਕ ਐਮਰਜੈਂਸੀ



ਪੈਨਿਕ ਅਲਾਰਮ ਲਗਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਸਕੂਲ ਦੇ ਸਟਾਫ ਨੂੰ ਸਕੂਲ ਦੀਆਂ ਇਮਾਰਤਾਂ ਦੀ ਨਿਯਮਤ ਜਾਂਚ ਕਰਨ ਲਈ ਕਿਹਾ ਗਿਆ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਬਿਜਲੀ ਦੇ ਉਪਕਰਨ ਅਤੇ ਤਾਰਾਂ ਠੀਕ ਸਥਿਤੀ ਵਿਚ ਹਨ। ਕਿਸੇ ਵੀ ਸੰਕਟ ਨਾਲ ਨਜਿੱਠਣ ਲਈ ਸਿਖਲਾਈ ਦੀ ਲੋੜ 'ਤੇ ਜ਼ੋਰ ਦਿੰਦਿਆਂ ਸਕੂਲ ਸਿੱਖਿਆ ਮੰਤਰੀ ਨੇ ਕਿਹਾ ਕਿ ਕੁਦਰਤੀ ਆਫ਼ਤਾਂ ਨਾਲ ਨਜਿੱਠਣ ਲਈ ਮਾਹਿਰਾਂ ਨੂੰ ਬੁਲਾ ਕੇ ਸਕੂਲਾਂ ਵਿਚ ਵਿਸ਼ੇਸ਼ ਸਿਖਲਾਈ ਪ੍ਰੋਗਰਾਮ ਕਰਵਾਉਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸਕੂਲ ਮੁਖੀ ਇਹ ਯਕੀਨੀ ਬਣਾਉਣਗੇ ਕਿ ਇਸ ਸਬੰਧੀ ਖਰਚੇ ਪਬਲਿਕ ਫਾਈਨੈਂਸ਼ੀਅਲ ਮੈਨੇਜਮੈਂਟ ਸਿਸਟਮ (ਪੀ.ਐੱਫ.ਐੱਮ.ਐੱਸ.) ਪੋਰਟਲ ਦੇ ਈ.ਏ.ਟੀ. ਮਾਡਿਊਲ ਰਾਹੀਂ ਕੀਤੇ ਜਾਣ ਅਤੇ ਫੰਡਾਂ ਦੀ ਆਨਲਾਈਨ ਨਿਗਰਾਨੀ ਲਈ ਇਸ ਸਬੰਧੀ ਪ੍ਰਬੰਧ ਪੋਰਟਲ 'ਤੇ ਸਮੇਂ ਸਿਰ ਅਪਡੇਟ ਕੀਤਾ ਜਾਣਾ ਚਾਹੀਦਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਕੂਲਾਂ ਵਿਚ ਸੁਰੱਖਿਅਤ ਮਾਹੌਲ ਸਿਰਜਣ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਸਕੂਲ ਸਿੱਖਿਆ ਵਿਭਾਗ ਸੂਬੇ ਦੇ ਸਕੂਲਾਂ ਵਿਚ ਵਿਦਿਆਰਥੀਆਂ ਅਤੇ ਸਟਾਫ ਲਈ ਸੁਰੱਖਿਅਤ ਮਾਹੌਲ ਤੇ ਢੁਕਵੀਂਆਂ ਸਹੂਲਤਾਂ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਸਕੂਲਾਂ ਵਿਚ ਮਿਆਰੀ ਸਿੱਖਿਆ ਪ੍ਰਦਾਨ ਕਰਨ ਦੇ ਮਿਸ਼ਨ 'ਤੇ ਕੰਮ ਕਰ ਰਿਹਾ ਹੈ।

# ਪੈਨ ਕਾਰਡ ਨਾਲ ਜੁੜੀ ਇਹ ਗਲਤੀ ਪੈ ਸਕਦੀ ਹੈ ਭਾਰੀ, ਲੱਗ ਸਕਦੈ 10,000 ਰੁਪਏ ਦਾ ਜੁਰਮਾਨਾ

**ਏਜੰਸੀਆਂ**

ਨਵੀਂ ਦਿੱਲੀ 6 ਫਰਵਰੀ। ਪੈਨ ਕਾਰਡ ਭਾਰਤ ਦੇਸ਼ ਦੇ ਹਰ ਵਿਅਕਤੀ ਲਈ ਇੱਕ ਅਹਿਮ ਦਸਤਾਵੇਜ਼ ਬਣ ਚੁੱਕਾ ਹੈ। ਪੈਨ ਦੀ ਵਰਤੋਂ ਕਿਸੇ ਵੀ ਸਰਕਾਰੀ ਕੰਮਕਾਜ ਜਿਵੇਂ ਆਮਦਨ ਟੈਕਸ, ਬੈਂਕਿੰਗ ਟਰਾਂਜੈਕਸ਼ਨ, ਸਿਮ ਕਾਰਡ, ਸਰਕਾਰੀ ਸਕੀਮਾਂ ਦਾ ਲਾਭ ਅਤੇ ਹੋਰ ਵਿੱਤੀ ਕੰਮਾਂ ਲਈ ਕੀਤੀ ਜਾਂਦੀ ਹੈ। ਇਕ ਅਹਿਮ ਦਸਤਾਵੇਜ਼ ਹੋਣ ਦੇ ਨਾਤੇ ਜੇਕਰ ਪੈਨ ਨਾਲ ਸਬੰਧਤ ਕੋਈ ਗਲਤੀ ਹੋ ਜਾਂਦੀ ਹੈ ਤਾਂ ਵੱਡਾ ਨੁਕਸਾਨ ਹੋ ਸਕਦਾ ਹੈ। ਆਮਦਨ ਕਰ ਵਿਭਾਗ ਪੈਨ ਰਾਹੀਂ ਤੁਹਾਡੇ ਵਿੱਤੀ ਲੈਣ-ਦੇਣ 'ਤੇ ਨਜ਼ਰ ਰੱਖ ਰਿਹਾ ਹੈ। ਇਸ ਲਈ, ਪੈਨ ਕਾਰਡ ਨਾਲ ਸਬੰਧਤ ਕਿਸੇ ਵੀ ਜਾਣਕਾਰੀ ਦਾ ਸਹੀ ਹੋਣਾ ਬਹੁਤ ਜ਼ਰੂਰੀ ਹੈ। ਆਓ ਜਾਣਦੇ ਹਾਂ ਇਨ੍ਹਾਂ ਬਾਰੇ ਕਈ ਲੋਕ ਗਲਤੀ ਨਾਲ ਜਾਂ ਜਾਣਬੁੱਝ ਕੇ ਇੱਕ ਤੋਂ ਵੱਧ ਪੈਨ ਕਾਰਡ ਬਣਵਾ ਲੈਂਦੇ ਹਨ, ਪਰ ਅਜਿਹਾ ਕਰਨਾ ਕਾਨੂੰਨੀ ਅਪਰਾਧ ਹੈ। ਆਮਦਨ ਕਰ ਵਿਭਾਗ ਪੈਨ ਨਾਲ ਸਬੰਧਿਤ ਕਿਸੇ ਵੀ ਗਲਤ ਜਾਣਕਾਰੀ ਜਾਂ ਗਲਤੀ ਲਈ ਮੋਟਾ ਜੁਰਮਾਨਾ ਲਗਾ ਸਕਦਾ ਹੈ। ਇਹ ਜੁਰਮਾਨਾ 10,000 ਰੁਪਏ ਤੱਕ ਹੋ ਸਕਦਾ ਹੈ। ਕਿਸੇ ਵਿਅਕਤੀ ਦੇ ਦੋ ਪੈਨ ਕਾਰਡ ਹੋਣ ਦੀ ਸਥਿਤੀ ਵਿਚ ਤੁਰੰਤ ਇੱਕ ਕਾਰਡ ਆਮਦਨ ਕਰ ਵਿਭਾਗ ਨੂੰ ਸਰੈਂਡਰ(ਵਾਪਸ) ਕਰਨਾ ਚਾਹੀਦਾ ਹੈ। ਜੇਕਰ ਤੁਸੀਂ ਦੂਜਾ ਪੈਨ ਸਰੈਂਡਰ ਨਹੀਂ ਕਰਦੇ ਅਤੇ ਵਿਭਾਗ ਦੀ ਨਜ਼ਰ ਵਿਚ ਤੁਹਾਡਾ ਦੂਜਾ ਪੈਨ ਕਾਰਡ ਆ ਗਿਆ ਤਾਂ ਫਿਰ ਤੁਹਾਨੂੰ ਵਿਭਾਗ ਦੀ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕੋਈ ਵੀ ਵਿੱਤੀ ਲੈਣ-ਦੇਣ ਕਰਦੇ ਸਮੇਂ ਜਾਂ ਆਮਦਨ ਟੈਕਸ ਭਰਦੇ ਸਮੇਂ ਪੈਨ ਨੰਬਰ ਸਾਵਧਾਨੀ ਨਾਲ ਭਰਨਾ ਚਾਹੀਦਾ ਹੈ। ਗਲਤੀ ਨਾਲ ਵੀ ਗਲਤ ਪੈਨ ਨੰਬਰ ਦਰਜ ਕੀਤਾ ਤਾਂ ਆਮਦਨ ਕਰ ਵਿਭਾਗ 10,000 ਰੁਪਏ ਤੱਕ ਦਾ ਜੁਰਮਾਨਾ ਲਗਾ ਸਕਦਾ ਹੈ। ਰਿਟਰਨ ਫਾਈਲ ਕਰਦੇ ਸਮੇਂ ਕਿਸੇ ਵੀ ਤਰ੍ਹਾਂ ਦੀ ਗਲਤੀ ਤੋਂ ਬਚਣ ਲਈ ਪੈਨ ਨੰਬਰ ਦੀ ਮੁੜ ਜਾਂਚ ਜ਼ਰੂਰ ਕਰ ਲਓ। ਜੇਕਰ




ਤੁਹਾਡਾ ਪੈਨ ਕਾਰਡ ਚੋਰੀ ਜਾਂ ਗੁੰਮ ਹੋ ਜਾਂਦਾ ਹੈ ਤਾਂ ਇਸ ਰਿਪੋਰਟ ਦਰਜ ਕਰਵਾਓ। ਧੋਖੇਬਾਜ਼ ਗੈਰ-ਕਾਨੂੰਨੀ ਵਿੱਤੀ ਲੈਣ-ਦੇਣ ਲਈ ਅਤੇ ਤੁਹਾਡੇ ਖਾਤੇ ਵਿਚੋਂ ਪੈਸੇ ਚੋਰੀ ਕਰਨ ਲਈ ਪੈਨ ਦੀ ਵਰਤੋਂ ਕਰ ਸਕਦੇ ਹਨ। ਅਜਿਹੇ ਮਾਮਲਿਆਂ ਵਿੱਚ, ਅਸਲੀ ਪੈਨ ਧਾਰਕ ਨੂੰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਜੇਕਰ ਤੁਹਾਡਾ ਪੈਨ ਚੋਰੀ ਹੋ ਜਾਂਦਾ ਹੈ, ਤਾਂ ਤੁਰੰਤ ਪੁਲਸ ਕੋਲ ਰਿਪੋਰਟ ਦਰਜ ਕਰਵਾਓ। ਇਸ ਦੇ ਨਾਲ ਹੀ ਆਮਦਨ ਕਰ ਵਿਭਾਗ ਅਤੇ ਬੈਂਕ ਨੂੰ ਵੀ ਇਸ ਬਾਰੇ ਜ਼ਰੂਰ ਸੂਚਿਤ ਕਰੋ। ਤੁਹਾਡੇ ਪੈਨ ਕਾਰਡ ਵਿੱਚ ਨਾਮ, ਜਨਮ ਮਿਤੀ ਜਾਂ ਹੋਰ ਵੀ ਕਿਸੇ ਕਿਸਮ ਦੀ ਗਲਤ ਜਾਣਕਾਰੀ ਹੈ ਤਾਂ ਇਸ ਨੂੰ ਜਲਦੀ ਤੋਂ ਜਲਦੀ ਠੀਕ ਕਰਵਾ ਲਓ। ਜੇਕਰ ਗਲਤ ਜਾਣਕਾਰੀ ਭਰੀ ਹੈ ਤਾਂ ਬੈਂਕ ਤੁਹਾਡਾ ਖਾਤਾ ਫ?ਰੀਜ਼ ਕਰ ਸਕਦਾ ਹੈ। ਇਸ ਗਲਤੀ ਕਾਰਨ ਕਰਜ਼ਾ ਲੈਣ ਜਾਂ ਵੱਡੀ ਟ?ਰਾਂਜ਼ੈਕਸ਼ਨ ਕਰਨ ਸਮੇਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## ਸਟਾਰਟਅੱਪ ਲਈ ਹੋ ਜਾਓ ਤਿਆਰ, ਟੈਕਸ 'ਚ ਅਗਲੇ 5 ਸਾਲ ਤੱਕ ਛੋਟ

ਨਵੀਂ ਦਿੱਲੀ 6 ਫਰਵਰੀ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਸਟਾਰਟਅੱਪਸ ਲਈ ਰਜਿਸਟ?ਰੇਸ਼ਨ ਦੀ ਸਮਾਂ ਸੀਮਾ 5 ਸਾਲ ਵਧਾ ਕੇ 1 ਅਪ੍ਰੈਲ, 2030 ਕਰ ਦਿੱਤੀ ਹੈ, ਜਿਸ ਨਾਲ ਸਟਾਰਟਅੱਪ ਈਕੋਸਿਸਟਮ 'ਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਇਸ ਵਿਸਥਾਰ ਕਾਰਨ ਉਦਯੋਗ ਅਤੇ ਅੰਦਰੂਨੀ ਵਪਾਰ ਦੇ ਪ੍ਰੋਤਸਾਹਨ ਲਈ ਵਿਭਾਗ ਵਲੋਂ ਮਾਨਤਾ ਪ੍ਰਾਪਤ ਸਟਾਰਟਅੱਪ ਇਨਕਮ ਟੈਕਸ ਐਕਟ, 1961 ਦੀ ਧਾਰਾ 80-913 ਤਹਿਤ ਟੈਕਸ ਛੋਟ ਦਾ ਲਾਭ ਲੈ ਸਕਣਗੇ। ਕੇਂਦਰੀ ਬਜਟ 2025-26 ਪੇਸ਼ ਕਰਦੇ ਹੋਏ ਵਿੱਤ ਮੰਤਰੀ ਨੇ ਕਿਹਾ ਸੀ ਕਿ ਅਸੀਂ ਭਾਰਤੀ ਸਟਾਰਟਅੱਪ ਈਕੋਸਿਸਟਮ ਦਾ ਲਗਾਤਾਰ ਸਮਰਥਨ ਕਰ ਰਹੇ ਹਾਂ। ਮੈਂ ਸਟਾਰਟਅੱਪਸ ਲਈ ਟੈਕਸ ਲਾਭ ਲੈਣ ਦੀ ਸਮਾਂ ਸੀਮਾ ਨੂੰ 5 ਸਾਲਾਂ ਤੱਕ ਵਧਾਉਣ ਦਾ ਪ੍ਰਸਤਾਵ ਰੱਖਦੀ ਹਾਂ, ਤਾਂ ਜੋ ਉਹ 1 ਅਪ੍ਰੈਲ, 2030 ਤੱਕ ਰਜਿਸਟਰ ਕਰ ਸਕਣ ਅਤੇ ਇਸ ਲਾਭ ਲੈ ਸਕਣ। ਸੰਯੁਕਤ ਸਕੱਤਰ ਸੰਜੀਵ ਸਿੰਘ ਨੇ ਇਸ ਘੋਸ਼ਣਾ ਨੂੰ ਸਟਾਰਟਅੱਪਸ ਲਈ ਇਕ ਵੱਡੀ ਜਿੱਤ ਦੱਸਿਆ ਅਤੇ ਇਸ ਨੂੰ ਸਟਾਰਟਅੱਪ ਈਕੋਸਿਸਟਮ ਲਈ ਉਤਸ਼ਾਹਜਨਕ ਖਬਰ ਦੱਸਿਆ। ਇਸ ਲਾਭ ਲਈ ਸਟਾਰਟਅੱਪਸ ਨੂੰ ਮਾਨਤਾ ਪ੍ਰਾਪਤ ਹੋਣੀ ਚਾਹੀਦੀ ਹੈ ਅਤੇ ਉਨ੍ਹਾਂ ਦੀ ਸਾਲਾਨਾ ਆਮਦਨ 100 ਕਰੋੜ ਰੁਪਏ ਤੋਂ ਘੱਟ ਹੋਣੀ ਚਾਹੀਦੀ ਹੈ। ਆਰਥਿਕ ਕਾਨੂੰਨ ਅਭਿਆਸ ਦੇ ਪਾਰਟਨਰ ਰਾਹੁਲ ਚਰਖਾ ਮੁਤਾਬਕ ਸੈਕਸ਼ਨ 80-913 ਦੇ ਤਹਿਤ ਸਟਾਰਟਅੱਪ ਆਪਣੀ ਰਜਿਸਟ?ਰੇਸ਼ਨ ਦੇ 10 ਸਾਲਾਂ 'ਚੋਂ ਕਿਸੇ ਵੀ ਲਗਾਤਾਰ ਤਿੰਨ ਸਾਲਾਂ ਲਈ 100 ਫੀਸਦੀ ਟੈਕਸ ਛੋਟ ਪ੍ਰਾਪਤ ਕਰ ਸਕਦੇ ਹਨ। ਰਸਤੋਗੀ ਚੈਂਬਰਜ਼ ਦੇ ਸੰਸਥਾਪਕ ਅਭਿਸ਼ੇਕ ਏ. ਰਸਤੋਗੀ ਨੇ ਕਿਹਾ ਕਿ ਇਸ ਫੈਸਲੇ ਨਾਲ ਵੱਧ ਸਟਾਰਟਅੱਪਸ ਨੂੰ ਇਹ ਮਹੱਤਵਪੂਰਨ ਟੈਕਸ ਲਾਭ ਮਿਲੇਗਾ, ਜਿਸ ਨਾਲ ਉਨ੍ਹਾਂ ਦੇ ਸ਼ੁਰੂਆਤੀ ਸਾਲਾਂ 'ਚ ਨਕਦ ਪ੍ਰਵਾਹ ਅਤੇ ਮੁਨਾਫੇ ਵਿਚ ਸੁਧਾਰ ਹੋਵੇਗਾ। ਇਹ ਵਾਧੂ ਸਮਾਂ ਨੌਜਵਾਨ ਸਟਾਰਟਅੱਪਸ ਨੂੰ ਇਕ ਸਥਿਰ ਨੀਤੀਗਤ ਢਾਂਚਾ ਪ੍ਰਦਾਨ ਕਰੇਗੀ, ਜਿਸ ਨਾਲ ਵੱਡੇ ਪੱਧਰ 'ਤੇ ਨੌਕਰੀਆਂ ਪੈਦਾ ਕਰਨ ਅਤੇ ਭਾਰਤ ਦੇ ਆਰਥਿਕ ਵਿਕਾਸ ਵਿਚ ਯੋਗਦਾਨ ਪਾਉਣ ਵਿਚ ਮਦਦ ਮਿਲ ਸਕੇਗੀ।